Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
Tariq Hameed
Babir Hameed
Shamshair Tariq
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Guru Nanak Driving School Ltd.
Guru Nanak DRIVING SCHOOL
CERTIFIED SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜ਼ਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

Vol: 10 No: 232 Website : www.punjabiakhbaar.ca Email: editor@punjabiakhbaar.ca Friday, 17 November 2023

## ਜੇ ਅੱਜ ਵੋਟਾਂ ਪੈ ਜਾਣ ਤਾਂ ਸਰਵੇਖਣ ਅਨੁਸਾਰ ਕੰਜ਼ਰਵੇਟਿਵਾਂ ਦੀ ਜਿੱਤ ਹੋ ਸਕਦੀ ਹੈ



ਓਟਵਾ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਕੁੱਝ ਸਮੇਂ ਤੋਂ ਰਾਜਨੀਤਕ ਪਿੜ ਅੰਦਰ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਟਰੂਡੋ ਦੀ ਅਗਵਾਈ ਵਿੱਚ ਲਿਬਰਲਾਂ ਨੂੰ ਆਪਣੀ ਸਾਖ਼ ਬਚਾਉਣ ਲਈ ਕਾਫੀ ਸੰਘਰਸ਼ ਕਰਨਾ ਪੈ ਰਿਹਾ ਹੈ ਪਰ ਇੱਕ ਨਵੇਂ ਸਰਵੇਖਣ ਤੇ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਕਿ ਜੇ ਅੱਜ ਵੋਟਾਂ ਪੈਂਦੀਆਂ ਹਨ ਤਾਂ ਲਿਬਰਲਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਐਬੇਕਸ ਡਾਟਾ ਵੱਲੋਂ ਸੀਟਾਂ ਦੇ ਸਬੰਧ ਵਿੱਚ ਕਰਵਾਏ ਗਏ ਤਾਜ਼ਾ ਸਰਵੇਖਣਾਂ ਤੋਂ ਸਾਹਮਣੇ ਆਇਆ ਕਿ ਜੇ ਅੱਜ ਚੋਣਾਂ ਹੁੰਦੀਆਂ ਹਨ ਤਾਂ ਲਿਬਰਲਾਂ ਨੂੰ ਆਪਣੀਆਂ ਅੱਧੇ ਤੋਂ ਵੱਧ ਸੀਟਾਂ ਗੁਆਉਣੀਆਂ ਪੈਣਗੀਆਂ ਤੇ ਪਿਏਰ ਪੌਲੀਏਵਰ ਦੀ ਅਗਵਾਈ ਵਾਲੇ ਕੰਜ਼ਰਵੇਟਿਵਾਂ ਨੂੰ ਵੱਡੀ ਜਿੱਤ ਤੇ ਬਹੁਮਤ ਹਾਸਿਲ ਹੋਵੇਗਾ। ਐਬੇਕਸ ਡਾਟਾ ਦੇ ਸੀਈਓ ਡੇਵਿਡ ਕੋਲੇਟੋ ਨੇ ਦੱਸਿਆ ਕਿ ਕੰਜ਼ਰਵੇਟਿਵਾਂ ਨੂੰ 204 ਸੀਟਾਂ ਉੱਤੇ ਜਿੱਤ ਹਾਸਲ ਹੋਵੇਗੀ ਤੇ ਉਨ੍ਹਾਂ ਨੂੰ 77 ਸੀਟਾਂ ਦਾ ਫਾਇਦਾ ਹੁੰਦਾ ਸਾਫ ਨਜ਼ਰ ਆ ਰਿਹਾ ਹੈ। ਦੂਜੇ ਪਾਸੇ ਲਿਬਰਲਾਂ ਕੋਲ ਸਿਰਫ 69 ਸੀਟਾਂ ਰਹਿ ਜਾਣਗੀਆਂ ਜੋ ਕਿ ਮੌਜੂਦਾ ਸੀਟਾਂ ਦੇ ਮੁਕਾਬਲੇ 87 ਸੀਟਾਂ ਦਾ ਘਾਟਾ ਹੋਵੇਗਾ। ਬਲਾਕ ਕਿਊਬਿਕੁਆ ਨੂੰ 43 ਸੀਟਾਂ ਹਾਸਲ ਹੋਣਗੀਆਂ ਤੇ ਐਨਡੀਪੀ ਨੂੰ 27 ਸੀਟਾਂ ਉੱਤੇ ਜਿੱਤ ਹਾਸਲ ਹੋਵੇਗੀ। ਕੋਲੇਟੋ ਨੇ ਆਖਿਆ ਕਿ ਇਸ ਸਮੇਂ ਲੋਕ ਤਬਦੀਲੀ ਚਾਹੁੰਦੇ ਹਨ ਤੇ ਉਨ੍ਹਾਂ ਦੀਆਂ ਨਜ਼ਰਾਂ ਕੰਜ਼ਰਵੇਟਿਵਾਂ ਉੱਤੇ ਟਿਕੀਆਂ ਹੋਈਆਂ ਹਨ।

## ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਕੈਨੇਡਾ ਨੂੰ ਕਿਹਾ ਕਿ ਉਹ ਹਿੰਸਾ ਅਤੇ ਕੱਟੜਪੰਥੀਆਂ ਨੂੰ ਹੌਸਲੇ ਦੇਣੇ ਬੰਦ ਕਰੇ

ਨਿਊਯਾਰਕ(ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਅਤੇ ਕੈਨੇਡਾ ਵਿਚਾਲੇ ਸਿਆਸੀ ਤਣਾਅ ਅਜੇ ਵੀ ਜਾਰੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਬਾਰੇ ਬਿਆਨ ਦੇਣ ਤੋਂ ਬਾਅਦ ਭਾਰਤ ਨੇ ਕੈਨੇਡਾ ਖਿਲਾਫ ਸਖਤ ਕਾਰਵਾਈ ਕੀਤੀ ਸੀ। ਇਸ ਦੇ ਨਾਲ ਹੀ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਦੀ ਸਮੀਖਿਆ ਮੀਟਿੰਗ ਵਿੱਚ ਭਾਰਤ ਨੇ ਕੈਨੇਡਾ ਨੂੰ ਹਿੰਸਾ, ਕੱਟੜਵਾਦ ਨੂੰ ਹਵਾ ਦੇਣ ਆਦਿ ਵਰਗੇ ਕਈ ਮੁੱਦਿਆਂ ‘ਤੇ ਸਖ਼ਤ ਸਲਾਹ ਦਿੱਤੀ ਹੈ। ਭਾਰਤੀ ਡਿਪਲੋਮੈਟ ਮੁਹੰਮਦ ਹੁਸੈਨ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੀ ਸਮੀਖਿਆ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਨੇਡਾ ਵਿੱਚ ਮਨੁੱਖੀ ਤਸਕਰੀ ਵਰਗੇ ਮੁੱਦਿਆਂ ਨਾਲ ਨਜਿੱਠਣ ਦੀ ਰਿਪੋਰਟ ਨੂੰ ਸਵੀਕਾਰ ਕੀਤਾ। ਭਾਰਤ ਨੇ ਇਹ ਵੀ ਸਿਫ਼ਾਰਿਸ਼ ਕੀਤੀ ਹੈ ਕਿ ਕੈਨੇਡਾ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ, ਖਾਸ ਕਰ ਕੇ ਹਿੰਸਾ ਨੂੰ ਭੜਕਾਉਣ ਤੋਂ ਰੋਕਣ ਲਈ ਆਪਣੇ ਘਰੇਲੂ ਢਾਂਚੇ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

NEWAY DRIVING SCHOOL
"A Neway to your Future"
REGINA| SASKATOON| MOOSE JAW
CLASS 1A, 3A & AIRBRAKE
10+ Years Truck Training Experience
IN SERVICE SINCE 2014
MELT TRAINING
E-mail: newaydrivingschool47@gmail.com
Call: 306-209-9449

## ਦਲਾਈਲਾਮਾ ਦੇ ਉਤਰਾਧਿਕਾਰੀ ਸਬੰਧੀ ਚੀਨ ਨੇ ਆਖਿਆ ਕਿ ਉਹਨਾਂ ਕੋਲੋਂ ਮਨਜ਼ੂਰੀ ਲੈਣਾ ਜ਼ਰੂਰੀ ਹੈ

ਬੀਜਿੰਗ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਨੇ ਇੱਕ ਵਾਰ ਫਿਰ ਦਲਾਈਲਾਮਾ ਬਾਰੇ ਆਪਣੇ ਰੁੱਖੇ ਤੇਵਰ ਦਿਖਾਏ ਹਨ। ਚੀਨ ਦਾ ਕਹਿਣਾ ਹੈ ਕਿ ਜੇਕਰ ਤਿੱਬਤ ਦੇ ਅਧਿਆਤਮਕ ਨੇਤਾ ਦਲਾਈ ਲਾਮਾ ਦਾ ਕੋਈ ਉੱਤਰਾਧਿਕਾਰੀ ਹੈ, ਤਾਂ ਉਹ ਦੇਸ਼ ਦੇ ਅੰਦਰ ਤੋਂ ਹੋਣਾ ਚਾਹੀਦਾ ਹੈ ਅਤੇ ਇਸ ਲਈ ਸਾਡੇ ਕੋਲੋਂ ਇਜਾਜ਼ਤ ਲੈਣੀ ਪਵੇਗੀ। ਦਲਾਈ ਲਾਮਾ ਇਸ ਸਮੇਂ 88 ਸਾਲ ਦੇ ਹਨ। ਚੀਨੀ ਸਰਕਾਰ ਨੇ ਆਪਣੇ ਵ੍ਹਾਈਟ ਪੇਪਰ ਵਿੱਚ ਕਿਹਾ ਹੈ ਕਿ ਦਲਾਈਲਾਮਾ ਅਤੇ ਪੰਚੇਨ ਰਿੰਪੋਚੇ ਸਮੇਤ ਤਿੱਬਤ ਵਿੱਚ ਰਹਿਣ ਵਾਲੇ ਸਾਰੇ ਅਵਤਾਰ ਬੁੱਧਾਂ ਨੂੰ ਦੇਸ਼ ਦੇ ਅੰਦਰ ਹੀ ਆਪਣੇ ਉੱਤਰਾਧਿਕਾਰੀ ਲੱਭਣਾ ਹੋਵੇਗਾ। ਇਹ ਤਿੱਬਤ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਸਰਹੱਦੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਵੀ ਉਜਾਗਰ ਕਰਦਾ ਹੈ।

B&CO BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
Immigration Law • Family Law • Real Estate • Corporate Law • Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

JBK LAW OFFICE
IMMIGRATION & LEGAL EXPERT TEAM
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law (Appeals & Judicial Reviews) Inadmissibility, SINP Secondary Reviews, CBSA Detention Reviews, Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2-31 Broadway St. E. Yorkton, SK S3N 0K4
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES DIVERSIFIED REALTY

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group MORTGAGE ALLIANCE
200 1965 Broad Street, Regina, SK S4P 1Y1

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training.
SGI Approved
(According to new MELT Program)
Classes available in English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲ੍ਹਾ ਯਾਰਡ
• ਪਰੰਪਰ ਟਰੇਨਿੰਗ ਘੰਟੇ (ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

INDIA CURRY HOUSE
DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
DOMINION LENDING CENTRES
MORTGAGEFIRM.CA
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet EXPRESS
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

SANSERWAL LAW OFFICE
LEGAL SERVICES & IMMIGRATION SOLUTIONS
• REFUGEE
• BUSINESS VISA & START UP VISA+ENTREPRENEUR
• JUDIAL REVIEW (FEDERAL COURT) AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PNP + FEDREL APPLICATION
• FAMILY SPONSORHIP
ਕਾਨੂੰਨੀ ਸੇਵਾਵਾਂ ਅਤੇ ਇਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
B.A. LLB., L.L.M. (LAWYER)
BARRISTER & SOLICITOR
1530, ANGUS STREET, REGINA, SASKATCHEWAN (CANADA) S4T 1Z1
639-999-8552 hss.law17@gmail.com

GRACE IMMIGRATION (CANADA)
IMMIGRATION SOLUTIONS LTD.
• SINP-PROGRAMS
• FOREIGN WORKER RECRUITMENT (LMIA)
• PR APPLICATIONS (FEDERAL & PNP)
• FAMILY SPONSORSHIP
• CITIZENSHIP APPLICATION
• STUDY PERMIT + PGWP
• VISITOR + SUPER VISA
CANADA IMMIGRATION SERVICES
• EXTENSION OF STAY / CHANGE STATUS AND MORE... BUSINESS/INVESTOR CATEGORY
SUKHBIR KAUR SIDHU (RCIC)
B.A. LL.B., LL.M
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
CANADA OFFICE: #2010, 11th Avenue, 7th Floor RBC Building, REGINA, SK
639-999-8545 graceimmiservice@gmail.com

# VESTA ELEVATE COLLECTION

AT COOPER'S CROSSING

## ELEVATE YOUR LIVING

ਹੁਣ ਵੇਚ ਰਹੇ ਹਾਂ




ਕੂਪਰਜ਼ ਕਰਾਸਿੰਗ 'ਤੇ ਜਲਦੀ ਹੀ ਪਹੁੰਚ ਰਹੇ ਵੇਸਟਾ ਐਲੀਵੇਟ ਕਲੈਕਸ਼ਨ ਨੂੰ ਪੇਸ਼ ਕਰ ਰਹੇ ਹਾਂ, ਜਿਸ ਵਿੱਚ 3-ਮੰਜ਼ਲਾ ਵਿਲੇਜ ਟਾਊਨਹੋਮਸ, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਸ, ਮੋਨਾਰਕ ਲਗਜ਼ਰੀ ਲਿਵਿੰਗ ਕੰਡੋਜ਼, ਅਤੇ ਮਾਸਟਰ-ਆਨ-ਮੇਨ ਬੰਗਲੇ ਸ਼ਾਮਲ ਹਨ। ਪ੍ਰਮੁੱਖ ਆਂਢ-ਗੁਆਂਢ ਵਿੱਚ ਆਲੀਸ਼ਾਨ ਅੰਦਰੂਨੀ ਫਿਨਿਸ਼ਾਂ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ ਵਾਲੇ ਆਧੁਨਿਕ ਸਮਕਾਲੀ ਘਰ ਇੱਕ ਮਨਮੋਹਕ ਕਰਬ ਪੇਸ਼ ਕਰਦੇ ਹਨ

ਹੋਰ ਜਾਣਕਾਰੀ ਲਈ ਰਜਿਸਟਰਡ ਕਰੋ

## VESTAELEVATE.COM

VESTA PROPERTIES

Renderings are artistic concept only and subject to change without notice.

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

# ਗਲੋਬਲ ਪਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਦੀਵਾਲੀ ਨਾਈਟ ਮਨਾਈ ਗਈ







ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪ੍ਰਿੰਸੀਪਲ ਸੱਤਪਾਲ ਕੌਸ਼ਿਲ ਹੋਰਾਂ ਦੀ ਅਗਵਾਈ ਹੇਠ ਸਥਾਪਿਤ ਹੋਈ ਗਲੋਬਲ ਪਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਵੱਲੋਂ ਦੀਵਾਲੀ ਮੌਕੇ ਬਜੁਰਗਾਂ ਦੀ ਮਿਲਣੀ ਲਈ ਇੱਕ ਵਿਸ਼ੇਸ਼ ਪਰੋਗਰਾਮ ਦਾ ਆਯੋਜਿਨ ਕੀਤਾ ਗਿਆ। ਵਾਈਟਹਾਰਨ ਕਮਿਊਨਿਟੀ ਹਾਲ ਵਿਖੇ ਪਰੋਗਰਾਮ ਦੇ ਸੁਰੂਆਤੀ ਸਵਾਗਤੀ ਭਾਸ਼ਣ ਮੌਕੇ ਸਾਰਿਆਂ ਨੂੰ ਦੀਵਾਲੀ ਦੀਆਂ ਵਧਾਈਆਂ ਦਿੰਦੇ ਹੋਏ ਪ੍ਰਧਾਨ ਸੱਤਪਾਲ ਕੋਸ਼ਿਲ ਨੇ ਅੱਜ ਦੇ ਸਟੇਜ ਦੀ ਜਿੰਮੇਬਾਰੀ ਸਟੇਜ ਦੇ ਮਹਾਂਰਥੀ ਸ: ਬਿੱਕਰ ਸਿੰਘ ਸੰਧੂ ਨੂੰ ਦਿੱਤੀ । ਉਹਨਾਂ ਵਾਰੀ ਵਾਰੀ ਸੰਸਥਾ ਦੇ ਮੰਚ ਉਪਰੋਂ ਬੋਲਣ ਦੇ ਚਾਹਵਾਨ ਮੈਂਬਰਾਂ ਨੂੰ ਸੱਦਾ ਦਿੱਤਾ। ਲੋਕ ਗਾਇਕ ਜਰਨੈਲ ਐਲੋਂ ਨੇ ਇਸ ਪਰੋਗਰਾਮ ਵਿੱਚ ਵਿਸੇਸ਼ ਤੌਰ ਤੇ ਹਾਜਿਰੀ ਭਰੀ। ਤਕਰੀਬਨ ਸਾਰੀਆਂ ਹੀ ਬਜੁਰਗਾਂ ਦੀਆਂ ਸੰਸਥਾਵਾਂ ਦੇ ਨੁਮਾਇੰਦੇ ਇਸ ਸਮਾਗਮ ਵਿੱਚ ਪੁੱਜੇ ਹੋਏ ਸਨ।

# ਐਡਮਿੰਟਨ ਵਿੱਚ ਦਿਨ ਦਿਹਾੜੇ ਗੋਲੀਬਾਰੀ ਦੌਰਾਨ ਪਿਓ -ਪੁੱਤਰ ਮਾਰੇ ਗਏ





ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਦੇ ਸਾਊਥ ਈਸਟ ਏਰੀਆ ਵਿੱਚ 50 ਸਟਰੀਟ ਤੇ ਐਲਰਸਲੀ ਰੋਡ ਸਥਿੱਤ ਪੈਟਰੋ ਕਨੇਡਾ ਗੈਸ ਸਟੇਸਨ ਉੱਪਰ ਦਿਨ ਦਿਹਾੜੇ ਗੋਲੀਬਾਰੀ ਦੌਰਾਨ ਇੱਕ 41 ਸਾਲਾ ਵਿਅਕਤੀ ਤੇ ਉਸਦੇ 11 ਸਾਲ ਦੇ ਪੁੱਤਰ ਦੇ ਮਾਰੇ ਜਾਣ ਦੀ ਖਬਰ ਹੈ। ਐਡਮਿੰਟਨ ਪੁਲਿਸ ਅਧਿਕਾਰੀਆਂ ਮੁਤਾਬਿਕ ਵੀਰਵਾਰ 9 ਨਵੰਬਰ ਵਾਲੇ ਦਿਨ ਦੁਪਹਿਰ ਸਮੇਂ ਇੱਕ ਰੈਸਟੋਰੈਂਟ ਦੇ ਬਾਹਰ ਗੈਸ ਸਟੇਸਨ ਕੋਲ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ। ਪੁਲਿਸ ਨੇ ਮੌਕੇ ਤੇ ਇੱਕ 41 ਸਾਲਾ ਵਿਅਕਤੀ ਅਤੇ ਇੱਕ 11 ਸਾਲਾ ਲੜਕੇ ਨੂੰ ਜਖਮੀ ਹਾਲਤ ਵਿਚ ਪਾਇਆ ਪਰ ਮੈਡੀਕਲ ਸੇਵਾਵਾਂ ਦੇ ਮੌਕੇ ਉੱਪਰ ਪੁੱਜਣ ਤੋਂ ਪਹਿਲਾਂ ਹੀ ਦੋਵਾਂ ਦੀ ਮੌਤ ਹੋ ਗਈ। ਸਟਾਫ ਸਾਰਜੈਂਟ ਨੇ ਕਿਹਾ, "ਸਾਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਇਸ ਹਿੰਸਕ ਘਟਨਾ ਦੇ ਨਤੀਜੇ ਵਜੋਂ ਇੱਕ ਬੱਚੇ ਦੀ ਜਾਨ ਚਲੀ ਗਈ। ਬੱਚਾ ਆਪਣੇ ਪਿਤਾ ਨਾਲ ਕਾਰ ਵਿੱਚ ਬੈਠਾ ਸੀ। ਪੁਲਿਸ ਮੁਤਾਬਿਕ ਇਹ ਮਿਥਕੇ ਕੀਤੀ ਗੋਲੀਬਾਰੀ ਸੀ ਜਿਸ ਵਿੱਚ ਪਿਤਾ-ਪੁੱਤਰ ਮਾਰੇ ਗਏ। ਪੁਲਿਸ ਮੁਤਾਬਿਕ ਘਟਨਾ ਦਾ ਸਬੰਧ ਗੈਂਗਵਾਰ ਨਾਲ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਹਰਪ੍ਰੀਤ ਉਪਲ ਦੱਸੀ ਗਈ ਹੈ ਜਿਸ ਉਪਰ ਨਾਜਾਇਜ ਹਥਿਆਰ ਰੱਖਣ ਅਤੇ ਡਰੱਗ ਦਾ ਕੇਸ ਚੱਲ ਰਿਹਾ ਸੀ। ਪੁਲਿਸ ਮੁਤਾਬਿਕ ਹਰਪ੍ਰੀਤ ਉਪਰ ਦੋ ਸਾਲ ਪਹਿਲਾਂ ਵੀ ਜਾਨਲੇਵਾ ਹਮਲਾ ਹੋਇਆ ਸੀ ਜਿਸ ਦੌਰਾਨ ਉਹ ਜਖਮੀ ਹੋ ਗਿਆ ਸੀ। ਪੁਲਿਸ ਨੇ 2012 ਵਿੱਚ ਹਰਪ੍ਰੀਤ ਉਪਲ ਦੇ ਘਰ ਛਾਪਾਮਾਰੀ ਦੌਰਾਨ ਇੱਕ ਲੋਡਿਡ ਗੰਨ, 12,000 ਡਾਲਰ ਨਗਦ ਅਤੇ ਡਰੱਗ ਦੇ ਪੈਕਟ ਬਰਾਮਦ ਕੀਤੇ ਸਨ। ਇਸ ਕੇਸ ਸਬੰਧੀ ਉਸਦੀ ਅਗਲੇ ਦਿਨਾਂ ਵਿਚ ਕੋਰਟ ਵਿੱਚ ਪੇਸ਼ੀ ਸੀ।

ਜਿਵੇਂ ਕਿ ਆਮ ਹੀ ਅਜਿਹੀ ਹਰ ਵਾਰਦਾਤ ਉਪਰੰਤ ਅਕਸਰ ਹੁੰਦਾ ਹੀ ਹੈ, ਇਸ ਘਟਨਾ ਉਪਰੰਤ ਵੀ ਪੁਲਿਸ ਨੂੰ 34 ਸਟਰੀਟ ਅਤੇ 510 ਟਾਊਨਸ਼ਿਪ ਰੋਡ ਤੋਂ ਇੱਕ ਸੜੀ ਹੋਈ ਗੱਡੀ 2012 ਮਾਡਲ ਕਾਲੇ ਰੰਗ ਦੀ ਬੀ ਐਮ ਡਬਲਿਊ ਮਿਲੀ ਹੈ ਜਿਸ ਬਾਰੇ ਪੁਲਿਸ ਨੂੰ ਸ਼ੱਕ ਹੈ ਕਿ ਇਹ ਹਮਲਾਵਰਾਂ ਵੱਲੋਂ ਵਰਤੀ ਗਈ ਹੈ। ਪੁਲਿਸ ਨੇ ਆਮ ਲੋਕਾਂ ਕੋਲੋਂ ਇਸ ਘਟਨਾ ਸਬੰਧੀ ਸਹਿਯੋਗ ਦੀ ਮੰਗ ਕੀਤੀ ਹੈ।

# ਕੈਲਗਰੀ ਵਿੱਚ ਵੀ ਹੋਈ ਗੋਲੀਬਾਰੀ ਦੀ ਪੁਲਿਸ ਜਾਂਚ ਕਰ ਰਹੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 9 ਨਵੰਬਰ ਵਾਲੇ ਦਿਨ ਜਿੱਥੇ ਅਲਬਰਟਾ ਸੂਬੇ ਦੀ ਰਾਜਧਾਨੀ ਐਡਮਿੰਟਨ ਵਿਖੇ ਹੋਈ ਗੋਲੀਬਾਰੀ ਵਿੱਚ ਇੱਕ ਬਾਪ ਅਤੇ ਉਸਦੇ 11 ਸਾਲਾ ਪੁੱਤਰ ਦੀ ਮੌਤ ਦੀ ਖ਼ਬਰ ਨੇ ਸਾਂਤੀ ਪਸੰਦ ਮੁਲਕ ਦੀ ਫਿਜ਼ਾ ਨੂੰ ਗੰਧਲਾ ਕੀਤਾ ਹੈ ਉੱਥੇ ਨਾਲ ਹੀ ਕੈਲਗਰੀ ਸਹਿਰ ਤੋਂ ਵੀ ਗੋਲੀਬਾਰੀ ਦੀ ਖ਼ਬਰ ਸਾਹਮਣੇ ਆਈ ਹੈ। ਕੈਲਗਰੀ ਪੁਲਿਸ 9 ਨਵੰਬਰ ਵੀਰਵਾਰ ਦੀ ਰਾਤ ਮਾਰਕੋਮ ਡਰਾਈਵ ਨੌਰਥ ਈਸਟ ਦੇ 900 ਬਲਾਕ ਵਿੱਚ ਹੋਈ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ। ਪੁਲਿਸ ਅਧਿਕਾਰੀਆਂ ਨੂੰ ਉਸ ਰਾਤ 11 ਵੱਜਕੇ 50 ਮਿੰਟ ਦੇ ਕਰੀਬ ਘਟਨਾ ਸਥਾਨ 'ਤੇ ਬੁਲਾਇਆ ਗਿਆ, ਜਿੱਥੇ ਉਨ੍ਹਾਂ ਨੂੰ ਇੱਕ ਵਾਹਨ ਮਿਲਿਆ ਜੋ ਐਕਸੀਡੈਂਟ ਵਿੱਚ ਸ਼ਾਮਲ ਸੀ। ਪਰ ਜਿਉਂ ਹੀ ਪੁਲਿਸ ਘਟਨਾ ਗ੍ਰਸਤ ਗੱਡੀ ਦੇ ਨੇੜੇ ਪੁੱਜੀ ਤਾਂ ਗੱਡੀ ਦੇ ਅੰਦਰ ਇੱਕ ਵਿਅਕਤੀ ਗੋਲੀ ਲੱਗਣ ਨਾਲ ਜ਼ਖਮੀ ਸੀ। ਤਿੰਨ ਹੋਰਾਂ ਨੂੰ ਹਸਪਤਾਲ ਲਿਜਾਇਆ ਗਿਆ, ਇੱਕ ਦੀ ਹਾਲਤ ਗੰਭੀਰ ਅਤੇ ਦੋ ਦੀ ਹਾਲਤ ਸਥਿਰ ਹੈ। ਹਾਦਸੇ ਵਿੱਚ ਸ਼ਾਮਿਲ ਵਾਹਨ ਬੌਬ ਐਡਵਰਡਸ ਸਕੂਲ ਨੇੜੇ ਇੱਕ ਦਰੱਖਤ ਨਾਲ ਟਕਰਾਉਣ ਤੋਂ ਪਹਿਲਾਂ ਇੱਕ ਗਲੀ ਵਿੱਚ ਇੱਕ ਬਿਜਲੀ ਦੇ ਖੰਭੇ ਨੂੰ ਵੀ ਟਕਰਾ ਗਿਆ ਸੀ ਪਰ ਇਹ ਅਸਪਸ਼ਟ ਹੈ ਕਿ ਇਹ ਹਾਦਸਾ ਗੋਲੀਬਾਰੀ ਕਾਰਨ ਹਾਦਸਾ ਵਾਪਰਿਆ ਜਾਂ ਵਾਹਨ ਵਿੱਚ ਕਿਸੇ ਨੂੰ ਗੋਲੀ ਮਾਰੀ ਗਈ। ਕੈਲਗਰੀ ਪੁਲਿਸ ਦੇ ਡਿਊਟੀ ਇੰਸਪੈਕਟਰ ਗੈਰੀ ਮੁਰਤਾਗ ਦਾ ਕਹਿਣਾ ਹੈ ਕਿ "ਅਸੀਂ ਅਜੇ ਵੀ ਗਵਾਹਾਂ ਅਤੇ ਮੌਕੇ ਤੋਂ ਮਿਲੇ ਸਬੂਤਾਂ ਦੇ ਆਧਾਰ ਉੱਪਰ ਜਾਂਚ ਕਰ ਰਹੇ ਹਾਂ ਜੇ ਕਿਸੇ ਨੂੰ ਵੀ ਇਸਦੀ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰ ਸਕਦਾ ਹੈ


SUPERVISA Medical Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Pii Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance




Gurinder Chahal
MANAGER
587 707 7000
cgyquotes@gmail.com



ਗੱਲ ਤਾਂ ਪਰਦੇ ਦੀ ਹੀ ਹੈ!

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!



ਕਾਲ: 403 953 1000

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

E Mail: Info@twcoverings.com
Web: www.twcoverings.com
Timelesswindowcoverings

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

TWC TIMELESS WINDOW COVERINGS



ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ



Wings Special
Every Tuesday and Wednesday

Special Discount for Birthdays & Parties

10% OFF On 3 Labs

ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ



Uber Eats



LAKESIDE MEAT MASALA
Now Serving Cooked Marinated Meat, Fish and Chicken

202, 175 Chestermere Station Way Chestermere, AB T1X 1V2
587.470.4000

# ਮੌਂਟਰੀ ਪਾਰਕ ਆਲਿਆਂ ਦੀ ਦੀਵਾਲੀ ਯਾਦਗਾਰੀ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਵੱਲੋਂ 11 ਨਵੰਬਰ ਸਨਿੱਚਰਵਾਰ ਨੂੰ ਮੌਂਟਰੀ ਪਾਰਕ ਹਾਲ ਵਿੱਚ ਸਮੂਹਿਕ ਤੌਰ ਤੇ ਬੰਦੀ ਛੋੜ ਦਿਵਸ, ਦੀਵਾਲੀ ਅਤੇ ਰੀਮੈਂਬਰੈਂਸ ਡੇ ਦਾ ਦਿਹਾੜਾ ਮਨਾਇਆ ਗਿਆ। ਜਿਸ ਵਿੱਚ ਐਸੋਸੀਏਸ਼ਨ ਦੇ ਤਕਰੀਬਨ ਅੱਸੀ ਸੀਨੀਅਰ ਮੈਂਬਰਾਂ ਤੋਂ ਇਲਾਵਾ ਕੈਲਗਰੀ ਫਾਰਿਸਟ ਲਾਅਨ ਤੋਂ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹਲ੍ਹਣ ਨੇ ਵੀ ਸ਼ਿਰਕਤ ਕੀਤੀ। ਸ਼ਾਮ ਪੰਜ ਵਜੇ ਸ਼ੁਰੂ ਹੋਏ ਇਸ ਪ੍ਰੋਗਰਾਮ ਵਿੱਚ ਚਾਹ ਪਾਣੀ ਤੋਂ ਬਾਅਦ ਜਸਰਾਜ ਸਿੰਘ ਹਲ੍ਹਣ ਨੇ ਸਾਰਿਆਂ ਨੂੰ ਮੁਬਾਰਕਾਂ ਦਿੰਦਿਆਂ ਹੋਇਆਂ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਵੱਲੋਂ ਆਪਣੇ ਸੀਨੀਅਰ ਮੈਂਬਰਾਂ ਦੀਆਂ ਸਹੂਲਤਾਂ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਦਾ ਜ਼ਿਕਰ ਕੀਤਾ ਤੇ ਐਸੋਸੀਏਸ਼ਨ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ। ਫਿਰ ਮਨੋਰੰਜਨ ਦਾ ਦੌਰ ਸ਼ੁਰੂ ਹੋਇਆ ਤੇ ਮਾਸਟਰ ਬਚਿੱਤਰ ਸਿੰਘ ਗਿੱਲ, ਸ਼ਮਿੰਦਰ ਸਿੰਘ ਤੇ ਸੁਰਜੀਤ ਕੌਰ ਕੰਮੋਅ, ਪਰਬੇਸ਼ ਪਰਹਾਰ, ਜਰਨੈਲ ਸਿੰਘ ਤੱਗੜ, ਸਤਪਾਲ ਕੌਸ਼ਲ, ਸੁਰਿੰਦਰ ਕਾਲੀਆ, ਸੁਰਜੀਤ ਸਿੰਘ ਹੇਅਰ, ਮਹਿੰਦਰ ਸਿੰਘ ਸਾਹੀ, ਅਤੇ ਲਲਿਤਾ ਸਿੰਘ ਵੱਲੋਂ ਆਪਣੀਆਂ ਰਚਨਾਵਾਂ ਤੇ ਚੁਟਕਲਿਆਂ ਨਾਲ ਮੈਂਬਰਾਂ ਦਾ ਮਨੋਰੰਜਨ ਕੀਤਾ, ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਮੁਬਾਰਕਾਂ ਦੇ ਨਾਲ ਹੀ ਰੀਮੈਂਬਰੈਂਸ ਡੇ ਦੇ ਮੌਕੇ ਤੇ ਪਹਿਲੀ ਤੇ ਦੂਸਰੀ ਵਿਸ਼ਵ ਜੰਗ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਗਿਆ। ਫਲਸਤੀਨ ਅਤੇ ਯੂਕਰੇਨ ਵਿੱਚ ਹੋ ਰਹੇ ਮਨੁੱਖਤਾ ਦੇ ਘਾਣ ਬਾਰੇ ਵੀ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ।ਅਖੀਰ ਵਿੱਚ ਸਾਰਿਆਂ ਲਈ ਖਾਣਾ ਪਰੋਸਿਆ ਗਿਆ ਤੇ ਸਭ ਨੇ ਸੁਆਦੀ ਖਾਣੇ ਦਾ ਅਨੰਦ ਮਾਣਨ ਉਪਰੰਤ ਘਰਾਂ ਨੂੰ ਚਾਲੇ ਪਾਏ।

# ਸਾਕਾ ਵਾਲਿਆਂ ਦਾ ਦੀਵਾਲੀ ਸਮਾਗਮ 19 ਨਵੰਬਰ ਨੂੰ ਕੈਲਗਰੀ ਵਿਖੇ ਹੋਵੇਗਾ।



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਊਥ ਏਸ਼ੀਅਨ ਕਮਿਊਨਿਟੀ ਐਸੋਸੀਏਸ਼ਨ ਕੈਲਗਰੀ ਵਾਲਿਆਂ ਦਾ ਦੀਵਾਲੀ ਅਤੇ ਬੰਦੀਛੋੜ ਦਿਵਸ ਸਮਾਗਮ 19 ਨਵੰਬਰ 2023 ਦਿਨ ਐਂਤਵਾਰ ਟੈਂਪਲ ਕਮਿਊਨਿਟੀ ਹਾਲ ਵਿਖੇ ਸਵੇਰੇ 11 ਵਜੇ ਤੋਂ ਲੈਕੇ ਸਾਮ ਦੇ 3 ਵਜੇ ਤੱਕ ਮਨਾਇਆ ਜਾਵੇਗਾ। ਇਹ ਜਾਣਕਾਰੀ ਸਾਕਾ ਦੀ ਨਵੰਬਰ 4 ਨੂੰ ਹੋਈ ਮੈਂਬਰਾਂ ਦੀ ਮਿਲਣੀ ਦੌਰਾਨ ਸਾਂਝੀ ਕੀਤੀ ਗਈ। ਇਸ ਮੌਕੇ ਸਭ ਤੋਂ ਸਾਕਾ ਦੇ ਮੁਢਲੇ ਮੈਂਬਰ ਸੁਰੀਤਮ ਰਾਇ ਦੇ ਮਾਤਾ ਜੀ ਦੇ ਅਕਾਲ ਚਲਾਣੇ ਸਬੰਧੀ ਦੋ ਮਿੰਟ ਦਾ ਮੋਨ ਧਾਰਕੇ ਸ਼ਰਧਾਜਲੀ ਭੇਟ ਕੀਤੀ ਗਈ। ਉਪਰੰਤ ਜਿਹੜੇ ਮੈਂਬਰਾਂ ਦੇ ਇਸ ਮਹੀਨੇ ਜਨਮ ਦਿਨ ਸਨ ਉਹਨਾਂ ਲਈ ਕੇਕ ਕੱਟਿਆ ਗਿਆ। ਸੰਸਤਾਂ ਦੇ ਕੁੱਝ ਮੈਂਬਰਾਂ ਨੇ ਮੰਚ ਉਪਰੋਂ ਰਚਨਾਵਾਂ ਸੁਣਾਈਆਂ। 19 ਨਵੰਬਰ ਵਾਲੇ ਸਮਾਗਮ ਸਬੰਧੀ ਹੋਰ ਜਾਣਕਾਰੀ ਲਈ ਜਨਰਲ ਸਕੱਤਰ ਗੁਰਮੇਲ ਸਿੰਘ ਸੰਧੂ ਨੂੰ 403 404 0399 ਉੱਪਰ ਸੰਪਰਕ ਕਤਿਾ ਜਾ ਸਕਦਾ ਹੈ।

## ਘਰੇਲੂ ਹਿੰਸਾ ਕਾਰਣ ਘਰਾਂ ਤੋਂ ਬਾਹਰ ਜਾਣ ਵਾਲੀਆਂ ਔਰਤਾਂ ਨੂੰ ਵੀ ਬੇਘਰ ਹੋਣ ਦਾ ਖ਼ਤਰਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਘਰੇਲੂ ਹਿੰਸਾ ਕਾਰਣ ਘਰਾਂ ਤੋਂ ਬਾਹਰ ਜਾਣ ਵਾਲੀਆਂ ਔਰਤਾਂ ਨੂੰ ਵੀ ਬੇਘਰ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ । ਸਟੈਸੀ ਐਸ਼ਟਨ, ਮੈਨੇਜਰ, ਸ਼ੈਲਟਰ ਸੇਵਾਵਾਂ ਕੈਲਗਰੀ ਦਾ ਕਹਿਣਾ ਹੈ ਕਿ ਕਿਫਾਇਤੀ ਰਿਹਾਇਸ਼ੀ ਸੰਕਟ ਅਤੇ ਸੀਮਤ ਸਰੋਤਾਂ ਦਾ ਮਤਲਬ ਹੈ ਕਿ ਪੂਰੇ ਸ਼ਹਿਰ ਵਿੱਚ ਆਸਰਾ ਸਥਾਨ ਲੱਗਭਗ ਹਮੇਸ਼ਾ ਭਰਿਆ ਰਹਿੰਦਾ ਹੈ।ਕੈਲਗਰੀ ਦਾ ਕਿਫਾਇਤੀ ਰਿਹਾਇਸ਼ੀ ਸੰਕਟ ਔਰਤਾਂ ਦੇ ਐਮਰਜੈਂਸੀ ਸ਼ੈਲਟਰਾਂ ਲਈ ਦਬਾਅ ਹੇਠ ਹੈ ਕਿਉਂਕਿ ਉਹ ਦੁਰਵਿਵਹਾਰ ਵਾਲੇ ਘਰਾਂ ਤੋਂ ਬਾਹਰ ਨਿਕਲਣ ਵਾਲੀਆਂ ਔਰਤਾਂ ਲਈ ਸਿਰਜਣਾਤਮਕ ਹੱਲ ਲੱਭਦੇ ਹਨ। ਪਰ ਵੱਧ ਰਹੇ ਕਿਰਾਏ ਅਤੇ ਘਟੀ ਹੋਈ ਰਿਹਾਇਸ਼ ਦੀ ਉਪਲਬਧਤਾ ਕੈਲਗਰੀ ਵਾਸੀਆਂ ਨੂੰ ਬੇਘਰ ਹੋਣ ਦੇ ਜੋਖਮ ਵਿੱਚ ਪਾ ਰਹੀ ਹੈ। ਦੁਰਵਿਵਹਾਰ ਵਾਲੇ ਘਰਾਂ ਵਿੱਚ ਔਰਤਾਂ ਨੂੰ ਅਕਸਰ ਸੜਕ 'ਤੇ ਰਹਿਣ ਤੋਂ ਬਚਣ ਲਈ ਘਰ ਛੱਡਣ ਜਾਂ ਘਰ ਵਿੱਚ ਹੀ ਰਹਿਣ ਦੇ ਵਿਚਕਾਰ ਮੁਸ਼ਕਲ ਰਸਤੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਉਸ ਵੇਲੇ ਸਥਿੱਤੀ ਹੋਰ ਵੀ ਗੁੰਝਲਦਾਰ ਬਣ ਜਾਂਦੀ ਹੈ ਜਦੋਂ ਔਰਤ ਦੇ ਨਾਲ ਛੋਟੇ ਬੱਚੇ ਵੀ ਹੁੰਦੇ ਹਨ। ਜਦੋਂ ਸ਼ੈਲਟਰ ਸਪੇਸ ਭਰ ਜਾਂਦੀ ਹੈ ਤਾਂ ਔਰਤਾਂ ਨੂੰ ਪੁੱਛਿਆ ਜਾਂਦਾ ਹੈ ਕਿ ਕੀ ਉਹਨਾਂ ਕੋਲ ਪਰਿਵਾਰ ਜਾਂ ਦੋਸਤ ਹਨ ਜਿੱਥੇ ਉਹ ਸੁਰੱਖਿਅਤ ਢੰਗ ਨਾਲ ਰਹਿ ਸਕਦੇ ਹਨ, ਉਹਨਾਂ ਨੂੰ ਕੈਲਗਰੀ ਤੋਂ ਬਾਹਰ ਰਹਿਣ ਲਈ ਭੇਜਿਆ ਜਾ ਸਕਦਾ ਹੈ, ਜਾਂ ਉਹਨਾਂ ਨੂੰ ਕੁੱਝ ਹੋਰ ਉਪਲਬਧ ਹੋਣ ਤੱਕ ਅਸਥਾਈ ਤੌਰ 'ਤੇ ਹੋਟਲ ਵਿੱਚ ਰੱਖਿਆ ਜਾ ਸਕਦਾ ਹੈ। "ਹਾਊਸਿੰਗ ਸੰਕਟ ਪਹਿਲਾਂ ਹੀ ਤਣਾਅਪੂਰਨ ਅਤੇ ਮੁਸ਼ਕਲ ਹਾਲਤਾਂ ਨਾਲ ਜੂਝ ਰਹੀਆਂ ਔਰਤਾਂ ਨੂੰ ਹੋਰ ਮਾਨਿਸਕ ਤਣਾਅ ਦਾ ਕਾਰਣ ਬਣਦਾ ਹੈ

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

RE/MAX
List your house with Chahal!
ਆਪਣਾ ਘਰ ਵੇਚਣ ਲਈ ਜਸ ਚਾਹਲ ਨਾਲ ਲਿਸਟ ਕਰੋ
ਕੀ ਤੁਸੀਂ ਜਾਇਦਾਦ ਵੇਚਣ,ਖਰੀਦਣ ਜਾਂ ਨਿਵੇਸ਼ ਕਰਨ ਲਈ ਇੱਕ ਇਮਾਨਦਾਰ ਰੀਅਲ ਅਸਟੇਟ ਏਜੰਟ ਦੀ ਭਾਲ ਕਰ ਰਹੇ ਹੋ ? ਤਾਂ ਕਿਰਪਾ ਕਰਕੇ ਜਸਦੀਪ ਸਿੰਘ ਚਹਿਲ, ਗਾਲਿਬ ਕਲਾਂ ਵਾਲਿਆਂ ਨੂੰ ਸੰਪਰਕ ਕਰੋ ਤਾਂ ਜੋ ਤੁਹਾਡੀਆਂ ਰੀਅਲ ਅਸਟੇਟ ਦੀਆਂ ਲੋੜਾਂ ਪੂਰੀ ਹੋ ਸਕਣ!
ਮੈਂ ਤੁਹਾਡੇ ਅਗਲੇ ਘਰ ਲਈ ਸਭ ਤੋਂ ਵਧੀਆ ਸੌਦਾ ਪ੍ਰਾਪਤ ਕਰਨ ਵਿੱਚ ਮੱਦਦ ਕਰਾਂਗਾ
Jas Chahal
587-971-8667
RE/MAX IREALTY INNOVATIONS
JChahal@remax.net
1301 8 St SW #100, Calgary, AB T2R 1B7
Free Home Evaluation
JAS CHAHAL REAL ESTATE

TIRED OF PAYING HIGH BROKER FEES?
• BUSINESS LOANS AT COMPETITIVE INTEREST RATES AND FLEXIBLE TERMS
• GROW YOUR BUSINESS WITH CONFIDENCE
• 10 YEARS OF INDUSTRY EXPERIENCE
* ਪ੍ਰਤੀਯੋਗੀ ਵਿਆਜ ਦਰਾਂ 'ਤੇ ਵਪਾਰਕ ਕਰਜ਼ੇ ਅਤੇ ਲਚਕਦਾਰ ਨਿਯਮ
* ਆਪਣੇ ਕਾਰੋਬਾਰ ਨੂੰ ਭਰੋਸੇ ਨਾਲ ਵਧਾਓ
* 10 ਸਾਲਾਂ ਦਾ ਉਦਯੋਗ ਦਾ ਤਜਰਬਾ ਹੈ
• Commercial Property Mortgage
• Equipment Loans
• Business Purchase Loans
• Working Capital/ Cashflow Loans
Over $150 Million Funded!
No Approval? NO FEES!
UP TO 100% FINANCING*
FAHAD NAYYAR, MBA
403-608-4896
Fahad.NAYYAR@bdc.ca
www.ineedabusinessloan.ca
#250, 28 Quarry Park Blvd SE Calgary, AB T2C 5P9
*Some conditions apply

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ 17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

# ਪੌਣੇ ਦੋ ਮਿਲੀਅਨ ਤੋਂ ਵੱਧ ਦੀ ਬਜ਼ਾਰੂ ਕੀਮਤ ਵਾਲੀ ਡਰੱਗ ਐਡਮਿੰਟਨ ਪੁਲਿਸ ਦੇ ਹੱਥ ਆਈ




ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ $1,8 ਮਿਲੀਅਨ ਦੀ ਲਗਭਗ ਬਜ਼ਾਰੂ ਕੀਮਤ ਵਾਲੀ 40.5 ਕਿਲੋਗ੍ਰਾਮ ਕੋਕੀਨ ਜ਼ਬਤ ਕਰਨ ਤੋਂ ਬਾਅਦ ਸਿਟੀ ਪੁਲਿਸ ਦੇ ਇਤਿਹਾਸ ਵਿੱਚ ਇੱਕਲੇ ਸਭ ਤੋਂ ਵੱਡੇ ਕੋਕੀਨ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਗੈਂਗ ਸੁਪ੍ਰੈਸ਼ਨ ਟੀਮ (ਜੀਐਸਟੀ) ਨੇ ਸਤੰਬਰ ਵਿੱਚ ਇੱਕ ਡਰੱਗ ਤਸਕਰੀ ਫਾਈਲ ਦੀ ਜਾਂਚ ਸ਼ੁਰੂ ਕੀਤੀ ਜਿਸ ਦੌਰਾਨ 27 ਅਕਤੂਬਰ 2023 ਵਾਲੇ ਦਿਨ 4015 ਕਿਲੋਗ੍ਰਾਮ ਕੋਕੀਨ ਜ਼ਬਤ ਕੀਤੀ ਗਈ। ਇਸ ਸਬੰਧੀ ਰਣਧੀਰ ਸਿੰਘ ਗਿੱਲ ਉਮਰ 40 ਸਾਲ ਉੱਪਰ ਤਸਕਰੀ ਸਬੰਧੀ ਦੋਸ਼ ਆਇਦ ਕੀਤੇ ਗਏ ਹਨ। ਸਿਟੀ ਪੁਲਿਸ ਗਨ ਅਤੇ ਗੈਂਗ ਸੈਕਸ਼ਨ ਦੇ ਸਟਾਫ ਸਾਰਜੈਂਟ ਐਰਿਕ ਸਟੀਵਰਟ ਨੇ ਕਿਹਾ, ਕਿ ਐਡਮਿੰਟਨ ਪੁਲਿਸ ਸਰਵਿਸ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡਾ ਕੋਕੀਨ ਦਾ ਭੰਡਾਰ ਜ਼ਬਤ ਕੀਤਾ ਹੈ। ਇਸ ਤੋਂ ਪਹਿਲਾਂ ਸਭ ਤੋਂ ਵੱਡੀ ਕੋਕੀਨ ਜ਼ਬਤ ਅਗਸਤ 2013 ਵਿੱਚ 28 ਕਿਲੋਗ੍ਰਾਮ ਜਬਤ ਕੀਤੀ ਗਈ ਸੀ। ਇਸ ਬਰਾਮਦਗੀ ਨਾਲ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਨੈਟਵਰਕ ਨੂੰ ਨੱਥ ਪਾਵੇਗਾ ਕਿਉਂਕਿ ਅਸੀਂ ਉਹਨਾਂ ਲੋਕਾਂ ਨੂੰ ਰੋਕਣ ਲਈ ਕੰਮ ਕਰਦੇ ਹਾਂ ਜੋ ਸਾਡੇ ਕਮਜ਼ੋਰ ਭਾਈਚਾਰੇ ਦੇ ਮੈਂਬਰਾਂ ਦਾ ਸ਼ਿਕਾਰ ਕਰ ਰਹੇ ਹਨ।" ਪੁਲਿਸ ਦਾ ਕਹਿਣਾ ਹੈ ਕਿ ਨਸ਼ਿਆਂ ਦੇ ਸਰੋਤ ਦੀ ਜਾਂਚ ਨਿਰੰਤਰ ਜਾਰੀ ਹੈ।

# ਕੈਲਗਰੀ ਵਿੱਚ $2ਮਿਲੀਅਨ ਤੋਂ ਵੱਧ ਕੀਮਤ ਦੀ ਡਰੱਗ ਫੜੀ ਗਈ





ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਹਾਲ ਵਿੱਚ ਹੀ ਹੋਏ ਦੋ ਪੁਲਿਸ ਅਪਰੇਸ਼ਨਾਂ ਦੌਰਾਨ ਪੁਲਿਸ ਦੁਆਰਾ 2 ਮਿਲੀਅਨ ਡਾਲਰ ਤੋਂ ਵੱਧ ਨਸ਼ੀਲੇ ਪਦਾਰਥ ਜ਼ਬਤ ਕੀਤੇ ਜਾਣ ਤੋਂ ਬਾਅਦ ਤਿੰਨ ਕੈਲਗਰੀ ਵਾਸੀਆਂ ਨੂੰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੁਲਿਸ ਨੂੰ ਕ੍ਰਾਈਮ ਸਟੌਪਰਸ ਦੁਆਰਾ ਸ਼ਹਿਰ ਦੇ ਨਾਰਥ ਈਸਟ ਏਰੀਆ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਵਿਅਕਤੀ ਬਾਰੇ ਇੱਕ ਗੁੰਮਨਾਮ ਸੂਚਨਾ ਪ੍ਰਾਪਤ ਹੋਣ ਤੋਂ ਬਾਅਦ ਇਸ ਦੀ ਜਾਂਚ ਸ਼ੁਰੂ ਕੀਤੀ ਗਈ ਸੀ।

ਜਾਂਚ ਅਧਿਕਾਰੀਆਂ ਨੇ ਇੱਕ ਟ੍ਰੈਫਿਕ ਸਟਾਪ ਦੌਰਾਨ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਅਤੇ ਦੋ ਘਰਾਂ ਅਤੇ ਇੱਕ ਹੋਰ ਵਾਹਨ ਦੀ ਤਲਾਸ਼ੀ ਲਈ। ਜਿਸ ਦੌਰਾਨ ਕੁੱਲ $733,500 ਮੁੱਲ ਦੀਆਂ ਨਸ਼ੀਲੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ ਸਨ। ਜਿਸ ਵਿੱਚ 5.5 ਕਿਲੋਗ੍ਰਾਮ ਮੇਥ, 1.3 ਕਿਲੋਗ੍ਰਾਮ MDMA; 1.2 ਕਿਲੋਗ੍ਰਾਮ ਫੈਂਟਾਨਿਲ; ਅਤੇ 39.8 ਗ੍ਰਾਮ ਕੋਕੀਨ ਸਾਮਿਲ ਹੈ। ਇਸ ਸਬੰਧੀ ਅਰਸ਼ਮਾਨ ਸਲੀਮ ਅਬਦੁੱਲਾ, ਉਮਰ 29 ਸਾਲ ਨੂੰ ਤਸਕਰੀ, ਖਤਰਨਾਕ ਹਥਿਆਰ ਰੱਖਣ ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

ਦੂਜੀ ਜਾਂਚ ਵਿੱਚ, ਅਫਸਰਾਂ ਦਾ ਕਹਿਣਾ ਹੈ ਕਿ ਇੱਕ ਵਿਅਕਤੀ ਅਗਸਤ ਮਹੀਨੇ ਕਾਰ ਹਾਦਸੇ ਤੋਂ ਬਾਅਦ ਉਨ੍ਹਾਂ ਨੂੰ ਇੱਕ ਲਾਇਸੈਂਸ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ। ਪੁਲਿਸ ਨੂੰ ਸ਼ੱਕ ਹੈ ਕਿ ਉਕਤ ਵਿਅਕਤੀ ਦੀ ਗੱਡੀ ਵਿਚ ਨਸ਼ੀਲੇ ਪਦਾਰਥ ਸਨ।ਬਾਅਦ ਵਿੱਚ 20 ਅਕਤੂਬਰ ਨੂੰ, ਜਾਂਚ ਕਰਤਾਵਾਂ ਨੇ ਏਰਿਨ ਵੁੱਡਸ ਲੇਨ S.E. ਦੇ 700 ਬਲਾਕ ਵਿੱਚ ਵਿਅਕਤੀ ਦੇ ਵਾਹਨ ਅਤੇ ਘਰ 'ਤੇ ਤਲਾਸ਼ੀ ਵਾਰੰਟ ਲਾਗੂ ਕੀਤੇ। ਤਲਾਸ਼ੀ ਦੌਰਾਨ, ਜਾਂਚਕਰਤਾਵਾਂ ਨੇ 15.3 ਕਿਲੋਗ੍ਰਾਮ ਕੋਕੀਨ ਅਤੇ 2.3 ਕਿਲੋਗ੍ਰਾਮ ਫੈਂਟਾਨਿਲ ਸਮੇਤ 1 ਮਿਲੀਅਨ,88 ਲੱਖ 2 ਹਜਾਰ 310 ਡਾਲਰ ਦੇ ਮੁੱਲ ਦੀਆਂ ਨਸ਼ੀਲੀਆਂ ਦਵਾਈਆਂ ਜ਼ਬਤ ਕੀਤੀਆਂ। ਨਤੀਜੇ ਵੱਜੋਂ, ਐਲਰੋਏ ਬਰੂਕਸ, 46, ਅਤੇ ਕੈਟੀ ਹੈਗਨ, 37, ਨੂੰ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਹੈ।

## ਕੈਲਗਰੀ ਗੁਰੂਘਰ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਹੋਣਗੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਜਿਸ ਦੇ ਸਬੰਧ ਵਿੱਚ 23 ਨਵੰਬਰ 2023 ਦਿਨ ਵੀਰਵਾਰ ਸਵੇਰੇ 10 ਵਜੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਕਮਰਾ ਨੰਬਰ 15 ਵਿੱਚ ਆਰੰਭ ਹੋਣਗੇ। 25 ਨਵੰਬਰ 2023 ਦਿਨ ਐਤਵਾਰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।। ਆਪ ਸਭ ਨੂੰ ਪੋਗਰਾਮ ਵਿੱਚ ਵਧ ਚੜ੍ਹ ਕੇ ਹਾਜਰੀ ਲਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਬਲਦੇਵ ਸਿੰਘ ਜੱਸਲ (403)667 6566 ਜਾਂ ਗੁਰਬਖਸ਼ ਸਿੰਘ ਜੱਸਲ (403)608-8250 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਅਰਪਨ ਲਿਖਾਰੀ ਸਭਾ ਵੱਲੋਂ 'ਮਹਿਕ ਪੀੜ੍ਹਾਂ ਦੀ' ਸ਼ਾਹਮੁਖੀ ਐਡੀਸ਼ਨ ਲੋਕ ਅਰਪਨ ਕੀਤੀ ਗਈ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਹੀਨਾਵਾਰ ਇਕੱਤਰਤਾ ਡਾ. ਜੋਗਾ ਸਿੰਘ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਖੇ ਭਰਵੇਂ ਇਕੱਠ ਵਿਚ ਹੋਈ। ਮੀਟਿੰਗ ਦੇ ਸੁਰੂ ਵਿੱਚ ਅਨੂਪ ਸਿੰਘ ਵਿਰਕ, ਸੁਰਜਨ ਜ਼ੀਰਵੀ, ਡਾ. ਮਨੋਹਰ ਸਿੰਘ ਗਿੱਲ, ਜੁਗਿੰਦਰ ਅਮਰ, ਸੁਖਪਾਲ ਸਿੰਘ ਸੱਗੂ, ਦੇਸ਼ ਭਗਤ ਯਾਦਗਾਰ ਦੇ ਸਹਾਇਕ ਸਕੱਤਰ ਚਰੰਜੀ ਲਾਲ ਦੇ ਨੌਜੁਆਨ ਸਪੁੱਤਰ ਨਵਦੀਪ ਕੁਮਾਰ ਦੀ ਬੇਵਕਤੀ ਮੌਤ ਦੇ ਸ਼ੋਕ ਸਮਾਚਾਰ ਸਾਂਝੇ ਕੀਤੇ। ਨਾਲ ਹੀ ਸੰਸਾਰ ਮਹਾ ਯੱਧ ਦੇ ਸ਼ਹੀਦਾਂ, ਨੰਵਬਰ 1984 ਦੇ ਦਿੱਲੀ ਵਿਚ ਅਤੇ ਹੋਰ ਸ਼ਹਿਰਾਂ ਵਿਚ ਸਰਕਾਰੀ ਕਤਲੇਆਮ ਦੇ ਨਿਰਦੋਸ਼ ਨਿਹੱਥੇ ਮਾਰੇ ਜਾਣ ਵਾਲੇ ਲੋਕਾਂ ਨੂੰ ਯਾਦ ਕੀਤਾ ਗਿਆ।

ਕੇਸਰ ਸਿੰਘ ਨੀਰ ਨੇ ਡਾ. ਮਨੋਹਰ ਸਿੰਘ ਗਿੱਲ, ਸੁਰਜਨ ਜੀਰਵੀ, ਅਤੇ ਜਗਿੰਦਰ ਅਮਰ ਅਤੇ ਸੁਖਪਾਲ ਸਿੰਘ ਸੱਗੂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਦੀ ਸ਼ਾਹਮੁਖੀ ਵਿੱਚ 'ਮਹਿਕ ਪੀੜਾਂ ਦੀ' ਪੁਸਤਕ ਸਭਾ ਦੇ ਮੈਂਬਰਾਂ ਵੱਲੋਂ ਲੋਕ ਅਰਪਨ ਕੀਤੀ ਗਈ। ਗੁਰਚਰਨ ਕੌਰ ਥਿੰਦ ਨੇ ਕੇਸਰ ਸਿੰਘ ਦੀ ਇਸ ਕਿਤਾਬ ਦਾ ਵਿਸ਼ਲੇਸ਼ਨ ਪੜ੍ਹਿਆ। ਪ੍ਰਿੰਸੀਪਲ ਕ੍ਰਿਸ਼ਨ ਸਿੰਘ ਨੇ ਕੇਸਰ ਸਿੰਘ ਨੀਰ ਦੇ ਸਮੁੱਚੇ ਕਾਵਿ-ਸਿਰਜਣ ਦੇ ਸਫ਼ਰ (ਰੋਮਾਸ ਤੇ ਪ੍ਰਗਤੀਵਾਦ ਦਾ ਸਮੇਲ) ਦਾ ਮੁਲਾਂਕਣ ਬਹੁਤ ਹੀ ਭਾਵਪੂਰਤ ਸ਼ਬਦਾਂ ਵਿੱਚ ਜ਼ਿਕਰ ਕੀਤਾ।

ਸਤਨਾਮ ਸਿੰਘ ਢਾਅ ਨੇ ਇਹ ਪੁਸਤਕ ਸ਼ਾਹਮੁਖੀ ਵਿੱਚ ਛਪ ਕੇ ਹੋਂਦ ਵਿਚ ਆਉਣ ਬਾਰੇ ਨਾਮਵਰ ਸਾਹਿਤਕਾਰ ਜਗਦੇਵ ਸਿੰਘ ਦਾ ਲਿਖਿਆ ਪੇਪਰ ਪੜ੍ਹਿਆ, ਉਨ੍ਹਾਂ ਜਨਾਬ ਆਸ਼ਕ ਰਾਹੀਲ ਦਾ ਖ਼ਾਸ ਜ਼ਿਕਰ ਕੀਤਾ ਕਿਉਂਕਿ ਗ਼ਜ਼ਲ ਦਾ ਅਨੁਵਾਦ ਕਰਨਾ ਬਹੁਤ ਮੁਸ਼ਕਲ ਕੰਮ ਹੈ। ਜਗਦੇਵ ਸਿੰਘ ਸਿੱਧੂ ਜੀ ਨੇ ਅਰਪਨ ਲਿਖਾਰੀ ਸਭਾ ਲਈ ਇਸ ਵਿਲਖਣ ਅਤੇ ਇਤਿਹਾਸਕ ਦਿਵਸ ਤੇ ਵਧਾਈ ਪੇਸ਼ ਕੀਤੀ।

ਡਾ. ਜੋਗਾ ਸਿੰਘ ਸਹੋਤਾ,ਅਮਰਪ੍ਰੀਤ ਸਿੰਘ, ਰਵੀ ਜਨਾਗਲ ਲਖਵਿੰਦਰ ਸਿੰਘ ਬੀਬੀ ਗੁਰਮੀਤ ਕੌਰ ਸਰਪਾਲ ਜੌਹਲ, ਭਗਵਾਨ ਸਿੰਘ ਲਿੱਟ,ਪ੍ਰੀਤ ਸਾਗਰ ਸਿੰਘ, ਸੁਰਿੰਦਰ ਸਿੰਘ ਢਿੱਲੋਂ, ਬੀਬੀ ਗੁਰਨਾਮ ਕੌਰ ਨੇ ਮੰਚ ਉਪਰੋਂ ਹਾਜਿਰੀ ਲਗਵਾਈ। ਉਂਘੇ ਗਾਇਕ ਕਲਾਕਾਰ ਮਨਜੀਤ ਰੂਪੋਵਾਲੀਆ ਨੇ ਲਾਲਚੀ ਮਾਪਿਆਂ ਵੱਲੋਂ ਧੀ ਨੂੰ ਨਸ਼ਈ ਮੁੰਡੇ ਨਾਲ ਵਿਆਹੁਣ ਦੀ ਦਾਸਤਾਨ ਨੂੰ ਪੇਸ਼ ਕਰਕੇ ਸਰੋਤਿਆਂ ਨੂੰ ਹਲੂਣ ਦਿੱਤਾ। ਇਨ੍ਹਾਂ ਤੋਂ ਇਲਾਵਾ ਇਸ ਸਾਹਿਤਕ ਸਮਾਗਮ ਵਿਚ ਤਾਰਾ ਸਿੰਘ ਹੁੰਝਣ, ਇਕਬਾਲ ਖ਼ਾਨ, ਮਹਿੰਦਰ ਕੌਰ, ਗੁਰਦੀਪ ਸਿੰਘ ਗਹੀਰ, ਕੁਲਦੀਪ ਕੌਰ ਘਟੌੜ, ਸੁਖਦੇਵ ਕੌਰ ਢਾਅ, ਅਵਤਾਰ ਕੌਰ ਤੱਗੜ, ਸੁਬਾ ਸ਼ੇਖ ਪ੍ਰੋ. ਸੁਖਵਿੰਦਰ ਸਿੰਘ ਥਿੰਦ, ਡਾ. ਹਰਮਿੰਦਰਪਾਲ ਸਿੰਘ, ਗੁਰਦਿਆਲ ਸਿੰਘ ਅਤੇ ਅਦਰਸ਼ਪਾਲ ਘਟੌੜਾ ਨੇ ਭਰਪੂਰ ਹਿੱਸਾ ਲਿਆ। ਅਖ਼ੀਰ ਤੇ ਡਾ. ਜੋਗਾ ਸਿੰਘ ਨੇ ਸਾਰੇ ਹੀ ਆਏ ਹੋਏ ਸਾਹਿਤ ਪ੍ਰੇਮੀਆਂ ਦਾ ਧੰਨਵਾਧ ਕੀਤਾ।ਅਗਲੀ ਮੀਟਿੰਗ 9 ਦਸੰਬਰ ਨੂੰ ਕੋਸੋ ਹਾਲ ਵਿੱਚ ਹੋਣ ਦੀ ਜਾਣਕਾਰੀ ਦਿੱਤੀ। ਸਟੇਜ ਦੀ ਕਾਰਵਾਈ ਜਰਨੈਲ ਤਗੱੜ ਵੱਲੋਂ ਬਾਖ਼ੂਬੀ ਨਿਭਾਈ ਗਈ।

# ਐਨਸੀਸੀਏ ਦੇ ਮੈਂਬਰਾਂ ਨੇ ਦੀਵਾਲੀ ਦਾ ਜਸ਼ਨ ਮਨਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 6 ਨਵੰਬਰ ਦਿਨ ਸੋਮਵਾਰ ਨੂੰ ਹੋਈ। ਮੀਟਿੰਗ ਦੀ ਸੁਰੂਆਤ ਗੁਰਦਿਆਲ ਸਿੰਘ ਖਹਿਰਾ ਨੇ ਦੀਵਾਲੀ ਦੇ ਤਿਉਹਾਰ ਦੀਆਂ ਮੁਬਾਰਕਾਂ ਦਿੰਦਿਆਂ ਬੰਦੀ ਛੋੜ ਦਿਵਸ ਦਾ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਗਵਾਲੀਅਰ ਦੇ ਕਿਲੇ ਵਿੱਚੋਂ 52 ਰਾਜਿਆਂ ਨੂੰ ਰਿਹਾ ਕਰਵਾਉਣ ਦਾ ਇਤਿਹਾਸ ਅਤੇ ਭਗਵਾਨ ਸ੍ਰੀ ਰਾਮ ਦੀ ਆਯੋਧਿਆ ਵਾਪਸੀ ਵੇਲੇ, ਬਦੀਆਂ ਤੇ ਸੱਚ ਦੀ ਜਿੱਤ, ਦੇ ਇਤਿਹਾਸ ਦਾ ਵਰਨਣ ਕੀਤਾ।

ਨਵੇਂ ਆਏ ਮਹਿਮਾਨਾਂ ਦੀ ਜਾਣਪਛਾਣ ਕਰਾਉਂਦਿਆਂ ਐਸੋਸੀਏਸ਼ਨ ਦੀ ਮੈਂਬਰਸ਼ਿੱਪ ਬਾਰੇ ਅਤੇ ਅਗਲੀਆਂ ਮੀਟਿੰਗਾਂ ਲਈ ਸੂਚਨਾਵਾਂ ਸਾਂਝੀਆਂ ਕੀਤੀਆਂ।ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਵੀਵੋ ਸੈਂਟਰ ਵਿੱਚ ਵਿਚਰਦਿਆਂ ਚੰਗੇ ਸਿਟੀਜ਼ਨ ਦਾ ਸਬੂਤ ਦੇਣ ਲਈ ਅਤੇ ਆਪਣੇ ਚੰਗੇਰੀ ਦਿੱਖ ਲਈ ਚੰਗੀ ਪ੍ਰਦਰਸ਼ਨੀ ਕਰਨ ਤੇ ਜੋਰ ਦੇਣ ਦੀ ਅਪੀਲ ਕੀਤੀ। ਕਪੂਰ ਸਾਹਿਬ ਨੇ ਤਿਉਹਾਰ ਦੀਆਂ ਸੁੱਭਕਾਮਨਾਵਾਂ ਸਾਝੀਆਂ ਕੀਤੀਆਂ, ਤਰਲੋਕ ਸਿੰਘ ਚੁੱਘ ਨੇ ਐਸੋਸੀਏਸ਼ਨ ਦੀ ਸਲਾਘਾ ਕਰਦਿਆਂ, ਕੁੱਝ ਚੁਟਕਲੇ ਸੁਣਾਕੇ ਹਾਸਿਆਂ ਦਾ ਮਾਹੌਲ ਸਿਰਜਿਆ ਤੇ ਹਾਜਰੀਨ ਨੂੰ ਤਾੜੀਆਂ ਮਾਰਨ ਤੇ ਮਜ਼ਬੂਰ ਕਰ ਦਿੱਤਾ। ਪ੍ਰਵੇਸ ਪਰਹਾਰ ਹੋਣਾ ਭਾਵਨਾਤਮਿਕ ਕਟਾਖ ਕਰਕੇ ਦਿਲਾਂ ਨੂੰ ਟੁੰਬਿਆ। ਸਕੱਤਰ ਦੀ ਜਿੰਮੇਵਾਰੀ ਨਿਭਾਉਂਦਿਆ ਖਹਿਰਾ ਸਾਹਿਬ ਨੇ ਭਾਵਪੂਰਤ ਜੀਵਨ ਨੂੰ ਸੇਧ ਦੇਣ ਵਾਲੀ, ਕਾਂ, ਹੰਸ, ਤੋਤੇ ਅਤੇ ਮੋਰ ਦੀ ਮਿੰਨੀ ਕਹਾਣੀ ਨਾਲ ਦਰਸਾਇਆ ਕਿ ਇਨ੍ਹਾਂ ਪੰਛੀਆਂ ਵਿੱਚੋਂ ਕੋਈ ਵੀ ਪੰਛੀ ਆਪਣੇ-ਆਪ ਮਿਲੀਆਂ ਦਾਤਾਂ ਤੋਂ ਖੁਸ਼ ਨਹੀ, ਪਰ ਦੂਸਰੇ ਦੀਆਂ ਮੁਸ਼ਕਲਾਂ ਜਾਣਕੇ ਹੀ ਪਤਾ ਲੱਗਦਾ ਹੈ ਕਿ ਜਿੱਥੇ ਮੈਂ ਹੀ ਠੀਕ ਹਾਂ। ਪ੍ਰਮਿੰਦਰ ਗਰੇਵਾਲ ਨੇ ਕਿਹਾ ਜਾਨਵਰਾਂ ਤੋਂ ਰਹਿਣ ਦੇ ਤੌਰ ਤਰੀਕੇ ਸੀਖੀਏ ਅਗਰ ਇਨਸਾਨੋਂ ਕੀ ਤਰ੍ਹਾਂ ਜੀਣਾ ਹੈ।

ਦੀਵਾਲੀ ਦੇ ਤਿਉਹਾਰ ਨੂੰ ਲੋਕ ਗੀਤਾਂ ਨਾਲ ਸਿੰਗਾਰਨ ਲਈ ਸ਼ਮਿੰਦਰ ਕਮੋਚ ਅਤੇ ਮਿਸ਼ਜ ਕਮੋਚ ਨੇ ਡਿਊਟ ਸੌਂਗ ਪੇਸ਼ ਕੀਤਾ ਜਿਸਦੇ ਬੋਲ ਸਨ "ਦੱਸ ਮੇਰਿਆ ਦਿਲਵਰਾ ਵੇ ਤੂੰ ਕਿਹੜੇ ਅਰਸ਼ ਦਾ ਤਾਰਾ"। ਸ੍ਰੀ ਸੱਚਦੇਵਾ ਜੀ ਦੇ ਗੀਤ ਦੇ ਬੋਲ ਸਨ 'ਯੇ ਦੌਲਤ ਭੀ ਲੇ ਲੋ, ਯੇ ਸ਼ੋਹਰਲ ਭੀ ਲੇ ਲੋ, ਭਲੇ ਛੀਨ ਲੋ ਮੁਝ ਸੇ ਮੇਰੀ ਜਵਾਨੀ"। ਅਮਰਜੀਤ ਕੌਰ ਪਲਾਹਾ ਨੇ "ਜਾਏਂ ਤੋ ਜਾਏਂ ਕਹਾਂ, ਸਮਝੇਗਾ ਕੌਨ ਯਹਾਂ ਦਰਦ ਭਰੇ ਦਿਲ ਕੀ ਜੁਬਾਂ" ਸੁਣਾ ਕੇ ਸਭਾ ਦੀ ਰੌਣਕ ਵਿੱਚ ਵਾਧਾ ਕੀਤਾ। ਬੀਬੀ ਹਰਜਿੰਦਰ ਕੌਰ ਨੇ ਸਮਾਜ ਵਿੱਚ ਆਈਆਂ ਤਬਦੀਲੀਆਂ ਬਾਰੇ ਜਿਕਰ ਕੀਤਾ। ਹਰਿੰਦਰ ਕੌਰ ਮੁੰਡੀ ਨੇ ਆਪਣੇ ਵਿਚਾਰਾਂ ਨਾਲ ਸਾਂਝ ਪਾਕੇ ਦੱਸਿਆ ਕਿ ਨਾਰੀ ਸ਼ਕਤੀ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਬਿੱਕਰ ਸਿੰਘ ਸੰਧੂ ਨੇ ਥੈਂਕਸ ਗਿਵਿੰਗ ਡੇਅ ਦੌਰਾਨ ਪੌਪੀ ਫਲਾਵਰ ਪਹਿਨਣ ਦੇ ਪਿਛੋਕੜ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਹਨਾ ਨੇ ਦੱਸਿਆ ਕਿ ਕਨੇਡਾ ਦੇ ਫੌਜੀ ਡਾਕਟਰ ਝੋਹਨ ਨੇ ਸ਼ਹੀਦ ਹੋਏ ਫੌਜੀਆਂ ਦੀਆਂ ਕਬਰਾਂ ਉੱਪਰ ਉੱਗੇ ਪੌਪੀ ਫਲਾਵਰ ਦੇਖਣ ਬਾਅਦ ਇੱਕ ਕਵਿਤਾ ਲਿਖੀ। ਇਸ ਲਈ 11 ਨਵੰਬਰ ਨੂੰ ਸਹੀਦਾ ਦੀ ਯਾਦ ਵਿੱਚ ਪੌਪੀ ਫਲਾਵਰ ਪਹਿਨ ਕੇ ਸਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਹਰ ਵਾਰ ਦੀ ਤਰ੍ਹਾਂ ਜੋਗਾ ਸਿੰਘ, ਹੈਰੀ ਸੇਖੋਂ ਅਤੇ ਭਜਨ ਸਿੰਘ ਸੱਗੂ ਹੋਰਾਂ ਨੇ ਵਡਮੁੱਲੇ ਵਿਚਾਰਾਂ ਨਾਲ ਦੀਵਾਲੀ ਦੀਆਂ ਮੁਬਾਰਕਾਂ ਦਿੱਤੀਆਂ। ਇੱਕ ਸੌ ਮੈਂਬਰਾਂ ਨੇ ਹਾਜਰੀ ਲਗਵਾਈ ਅਤੇ ਇਹ ਮੀਟਿੰਗ 11 ਤੋਂ 2 ਵਜੇ ਤੱਕ ਚਲੀ। ਅੰਤ ਵਿੱਚ ਚਾਹ ਪਕੌੜੇ, ਜਲੇਬੀਆਂ ਅਤੇ ਪੀਜ਼ੇ ਦੇ ਸੁਆਦਲੇ ਖਾਣਿਆਂ ਦਾ ਆਨੰਦ ਮਾਣਿਆ।












# ਲਗਜ਼ਰੀ ਗੱਡੀਆਂ ਦਾ ਰੀਟੇਲਰ ਬਣ ਕੇ ਲੈਂਬੌਰਗਨੀ, ਪੋਰਸ਼ਾ ਤੇ ਫਰਾਰੀ ਗੱਡੀਆਂ ਚੋਰੀ ਕਰਨ ਵਾਲਾ ਗਰੁੱਪ ਕਾਬੂ

ਹਾਲਟਨ (ਪੰਜਾਬੀ ਅਖ਼ਬਾਰ ਬਿਊਰੋ) ਹਾਲਟਨ ਰੀਜਨਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਫਰੌਡ ਕਰਨ ਵਾਲੇ ਲੋਕਾਂ ਦੇ ਇੱਕ ਅਜਿਹੇ ਗਰੁੱਪ ਨੂੰ ਕਾਬੂ ਕੀਤਾ ਗਿਆ ਹੈ ਜਿਹੜਾ ਲਗਜ਼ਰੀ ਗੱਡੀਆਂ ਦੇ ਰੀਟੇਲਰਜ਼ ਦਾ ਨੁਮਾਇੰਦਾ ਬਣ ਕੇ ਲੈਂਬੌਰਗਿਨੀ, ਪੋਰਸ਼ਾ, ਫਰਾਰੀ ਤੇ ਡੇਢ ਮਿਲੀਅਨ ਡਾਲਰ ਤੋਂ ਵੀ ਵੱਧ ਦੀਆਂ ਦੀਆਂ ਹੋਰ ਗੱਡੀਆਂ ਚੋਰੀ ਕਰ ਚੁੱਕਿਆ ਹੈ। ਪੁਲਿਸ ਨੇ 2023 ਦੀਆਂ ਗਰਮੀਆਂ ਵਿੱਚ ਪ੍ਰੋਜੈਕਟ ਲਗਜ਼ ਸ਼ੁਰੂ ਕੀਤਾ ਸੀ। ਇਹ ਉਦੋਂ ਸ਼ੁਰੂ ਕੀਤਾ ਗਿਆ ਜਦੋਂ ਕੁੱਝ ਮਸ਼ਕੂਕਾਂ ਵੱਲੋਂ ਗ੍ਰੇਟਰ ਟੋਰਾਂਟੋ ਏਰੀਆ ਦੀਆਂ ਕਈ ਡੀਲਰਸ਼ਿਪਜ਼ ਉੱਤੇ ਜਾ ਕੇ ਧੋਖੇ ਨਾਲ ਕਈ ਲਗਜ਼ਰੀ ਗੱਡੀਆਂ ਹਾਸਲ ਕਰ ਲਈਆਂ ਗਈਆਂ। ਪੁਲਿਸ ਨੇ ਦੱਸਿਆ ਕਿ ਡੀਲਰਸ਼ਿਪ ਕੋਲ ਜਾਅਲੀ ਦਸਤਾਵੇਜ਼ ਜਮ੍ਹਾਂ ਕਰਵਾਉਣ ਤੋਂ ਬਾਅਦ ਉਹ ਇਨ੍ਹਾਂ ਲਗਜ਼ਰੀ ਗੱਡੀਆਂ ਨੂੰ ਆਪਣੇ ਨਾਲ ਲੈ ਜਾਂਦੇ ਸਨ। ਪੁਲਿਸ ਅਨੁਸਾਰ ਦਸਤਾਵੇਜ਼ਾਂ ਦੀ ਵਿਲੱਖਣ ਕੁਆਲਿਟੀ ਕਾਰਨ ਇਹ ਗਰੁੱਪ ਜੀਟੀਏ ਤੇ ਦੱਖਣੀ ?ਨਟਾਰੀ? ਦੇ ਹੋਰਨਾਂ ਹਿੱਸਿਆਂ ਵਿੱਚ ਵੀ ਇਸ ਤਰ੍ਹਾਂ ਦੇ ਫਰਾਡ ਕਰਨ ਵਿੱਚ ਕਾਮਯਾਬ ਰਿਹਾ। ਪੁਲਿਸ ਨੇ ਦੱਸਿਆ ਕਿ ਉਹ ਜਲਦ ਹੀ ਮਸ਼ਕੂਕਾਂ ਦਾ ਪਤਾ ਲਾਉਣ ਵਿੱਚ ਕਾਮਯਾਬ ਰਹੀ ਤੇ ਇਸ ਦੇ ਨਾਲ ਹੀ ਇਸ ਗਰੁੱਪ ਦੇ ਅੱਗੇ ਵੱਡੇ ਡਿਸਟ੍ਰੀਬਿਊਸ਼ਨ ਗਰੁੱਪ ਨਾਲ ਲਿੰਕ ਦਾ ਵੀ ਪਤਾ ਲਾ ਲਿਆ ਗਿਆ।

ਯੂਐਸ ਹੋਮਲੈਂਡ ਸਕਿਊਰਿਟੀ ਦੇ ਨਾਲ ਨਾਲ ਟੋਰਾਂਟੋ ਪੁਲਿਸ, ?ਪੀਪੀ, ਅਮਰੀਕੀ ਪੁਲਿਸ ਫੋਰਸਿਜ਼ ਤੇ ਐਫਬੀਆਈ ਦੀ ਮੱਦਦ ਨਾਲ ਕਈ ਗੱਡੀਆਂ ਨੂੰ ਬਰਾਮਦ ਵੀ ਕਰ ਲਿਆ ਗਿਆ। ਜਿਨ੍ਹਾਂ ਗੱਡੀਆਂ ਨੂੰ ਬਰਾਮਦ ਕੀਤਾ ਗਿਆ ਉਨ੍ਹਾਂ ਨੂੰ ਸਮੁੰਦਰੋਂ ਪਾਰ ਵੇਚਿਆ ਜਾਣਾ ਸੀ :

ਨਵੰਬਰ 2023 ਵਿੱਚ ਪੁਲਿਸ ਵੱਲੋਂ ਸਰਚ ਵਾਰੰਟ ਕਢਵਾ ਕੇ ਜੀਟੀਏ ਦੇ ਵੱਖ ਵੱਖ ਹਿੱਸਿਆਂ ਦੀਆਂ ਤਲਾਸ਼ੀਆਂ ਲਈਆਂ ਗਈਆਂ ਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਨ੍ਹਾਂ ਕੋਲੋਂ ਸਬੂਤ ਵੀ ਬਰਾਮਦ ਕੀਤੇ ਗਏ। ਇਸ ਦੌਰਾਨ ਮਿਸੀਸਾਗਾ ਦੇ 40 ਸਾਲਾ ਐਨੋਕ ਜੌਹਨਸਨ, ਓਕਵਿੱਲ ਦੇ 29 ਸਾਲਾ ਅਹਿਮਦ ਅਮੀਰੀ, 27 ਸਾਲਾ ਇਸਾਕ ਸੁੰਦੇ ਇਯਾਮੂ ਨੂੰ ਗ੍ਰਿਫਤਾਰ ਕੀਤਾ ਗਿਆ।

# ਨਫ਼ਰਤੀ ਅਪਰਾਧ ਵੱਜੋਂ ਜਾਂਚ ਕਥਿੱਤ ਔਨਲਾਈਨ ਧਮਕੀਆਂ ਲਈ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਦਾ ਕਹਿਣਾ ਹੈ ਕਿ ਬੀਤੇ ਮੰਗਲਵਾਰ ਨੂੰ ਇੱਕ ਵਿਅਕਤੀ ਦੀ ਗ੍ਰਿਫਤਾਰੀ ਕੀਤੀ ਹੈ ਜਿਸਦਾ ਸਬੰਧ ਕਥਿਤ ਤੌਰ 'ਤੇ ਦੋ ਯਹੂਦੀ ਭਾਈਚਾਰਕ ਸੰਸਥਾਵਾਂ ਨੂੰ ਔਨਲਾਈਨ ਧਮਕੀ ਦੇਣ ਨਾਲ ਜੁੜਦਾ ਹੈ।

ਪੁਲਿਸ ਦਾ ਕਹਿਣਾ ਹੈ ਕਿ 29 ਅਕਤੂਬਰ ਨੂੰ ਔਨਲਾਈਨ ਧਮਕੀਆਂ ਦੀਆਂ ਕਈ ਰਿਪੋਰਟਾਂ ਆਈਆਂ ਸਨ, ਉਹਨਾਂ ਦੇ ਨਾਲ ਇੱਕ ਸੋਸ਼ਲ ਮੀਡੀਆ ਉਪਭੋਗਤਾ ਨੇ "ਧੋਖੇਬਾਜ਼" ਨਾਮ ਹੇਠ ਧਮਕੀਆਂ ਬਣਾਈਆਂ ਅਤੇ ਭੇਜੀਆਂ।

ਜਾਂਚ ਦੇ ਨਤੀਜੇ ਵੱਜੋਂ, ਕੈਲਗਰੀ ਦੇ 25 ਸਾਲਾ ਵਿਅਕਤੀ ਮੁਹੰਮਦ ਘਨੌਰ ਉੱਪਰ ਧਮਕੀਆਂ ਦੇਣ ਦੇ ਤਿੰਨ ਦੋਸ਼ ਲਾਏ ਗਏ ਹਨ। ਉਸ ਦੇ 6 ਦਸੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦੀ ਉਮੀਦ ਹੈ।

ਕੈਲਗਰੀ ਪੁਲਿਸ ਸਰਵਿਸ ਦੇ ਸੁਪਰਡੈਂਟ ਜੋਅ ਬਰਾੜ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਸੰਸਾਰ ਵਿੱਚ ਮੌਜੂਦਾ ਘਟਨਾਵਾਂ ਨੇ "ਸ਼ਹਿਰ ਭਰ ਵਿੱਚ ਕੈਲਗਰੀ ਦੀ ਸੁਰੱਖਿਆ ਦੀ ਭਾਵਨਾ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ।"

ਪਰ "ਅਸੀਂ ਸਾਰੇ ਪ੍ਰਭਾਵਿਤ ਭਾਈਚਾਰਿਆਂ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਾਂ ਕਿ ਅਸੀਂ ਹਰ ਰਿਪੋਰਟ ਕੀਤੀ ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਹਾਂ, ਅਤੇ ਅਸੀਂ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹਾਂ।

# ਕਿੰਗ ਚਾਰਲਸ ਦੇ ਚਿਹਰੇ ਵਾਲੇ ਸਿੱਕੇ ਜਲਦ ਹੀ ਬਾਜ਼ਾਰ ਵਿੱਚ ਆਉਣਗੇ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਜਲਦ ਹੀ ਕਨੇਡਾ ਭਰ ਵਿੱਚ ਕਿੰਗ ਚਾਰਲਸ ਦੇ ਚਿਹਰੇ ਵਾਲੇ ਉਹ ਕੈਨੇਡੀਅਨ ਸਿੱਕੇ ਦੇਖਣ ਨੂੰ ਮਿਲਣਗੇ, ਜਿਨ੍ਹਾਂ ਉੱਤੇ ਇੱਕ ਪਾਸੇ ਕਿੰਗ ਚਾਰਲਸ ਦਾ ਚਿਹਰਾ ਖੁਣਿਆ ਹੋਵੇਗਾ ਤੇ ਆਉਣ ਵਾਲੇ ਸਮੇਂ ਵਿੱਚ ਇਹ ਸਾਰੇ ਕੈਨੇਡੀਅਨ ਸਿੱਕਿਆਂ ਉੱਤੇ ਨਜ਼ਰ ਆਵੇਗਾ। ਪਹਿਲੀ ਵਾਰੀ ਕਿੰਗ ਚਾਰਲਸ ਦੇ ਚਿਹਰੇ ਨੂੰ ਲੂਨੀ ਉੱਤੇ ਉਕੇਰਿਆ ਜਾਵੇਗਾ। ਜਾਣਕਾਰੀ ਅਨੁਸਾਰ 2023 ਦੀ ਤਰੀਕ ਵਾਲੇ ਕੁੱਝ ਸਿੱਕੇ, ਜਿਨ੍ਹਾਂ ਉੱਤੇ ਕਿੰਗ ਚਾਰਲਸ ਦਾ ਚਿਹਰਾ ਉੱਕਰਿਆ ਹੋਵੇਗਾ, ਦਸੰਬਰ ਦੇ ਸ਼ੁਰੂ ਵਿੱਚ ਸਰਕੂਲੇਟ ਹੋ ਜਾਣਗੇ।ਸਿੱਕਿਆਂ ਨੂੰ ਵਟਾਉਣ ਦਾ ਕੰਮ ਦਸੰਬਰ ਦੇ ਅੰਤ ਵਿੱਚ ਮਿੰਟ ਦੇ ਓਟਵਾ ਤੇ ਵਿਨੀਪੈਗ ਸਥਿੱਤ ਬੁਟੀਕਸ ਵਿੱਚ ਸ਼ੁਰੂ ਹੋਵੇਗਾ। ਮਿੰਟ ਨੇ ਦੱਸਿਆ ਕਿ ਦੇਸ਼ ਭਰ ਤੋਂ ਆਰਟਿਸਟਸ ਨੂੰ ਬੁਲਾ ਕੇ ਇਨ੍ਹਾਂ ਸਿੱਕਿਆਂ ਦੇ ਡਿਜ਼ਾਈਨ ਤਿਆਰ ਕਰਵਾਏ ਗਏ।ਫਿਰ ਜੇਤੂ ਰਹੇ ਸਿੱਕੇ ਦੇ ਡਿਜ਼ਾਈਨ ਨੂੰ ਮਨਜ਼ੂਰੀ ਲਈ ਬਕਿੰਘਮ ਪੈਲੇਸ ਭੇਜਿਆ ਗਿਆ। ਇਸ ਸਿੱਕੇ ਉੱਤੇ ਮਹਾਰਾਣੀ ਐਲਿਜ਼ਾਬੈੱਥ ਦੇ ਚਿਹਰੇ ਦੇ ਸੱਜੇ ਪਾਸੇ ਨੂੰ ਉਭਾਰਨ ਤੋਂ ਉਲਟ ਕਿੰਗ ਚਾਰਲਸ ਦੇ ਚਿਹਰੇ ਦੇ ਖੱਬੇ ਪਾਸੇ ਨੂੰ ਉਕੇਰਿਆ ਜਾਵੇਗਾ। ਅਜੇ ਤੱਕ ਜਿੰਨੇ ਵੀ ਕੈਨੇਡੀਅਨ ਸਿੱਕੇ ਮਹਾਰਾਣੀ ਦੇ ਚਿਹਰੇ ਨਾਲ ਦੇਸ਼ ਭਰ ਵਿੱਚ ਸਰਕੂਲੇਟ ਹੋ ਰਹੇ ਹਨ ਉਨ੍ਹਾਂ ਨੂੰ ਕਾਨੂੰਨਨ ਜਾਇਜ਼ ਮੰਨਿਆ ਜਾ ਰਿਹਾ ਹੈ।

# ਕੈਲਗਰੀ ਵਿੱਚ ਬੇਸਮੈਂਟਾਂ ਅਤੇ ਸੈਕੰਡਰੀ ਸੁਇਟਾਂ ਬਣਾਉਣ ਦੀ ਮੰਗ ਵਧ ਰਹੀ ਹੈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ ) ਵੱਧਦੀ ਮਹਿੰਗਾਈ ਅਤੇ ਵਧੀਆਂ ਹੋਈਆਂ ਮੌਰਗੇਜ ਭੁਗਤਾਨਾਂ ਦੇ ਕਾਰਣ ਕੈਲਗਰੀ ਵਿੱਚ , ਸੈਕੰਡਰੀ ਸੂਟ ਅਤੇ ਵਾਕ ਆਊਟ ਬੇਸਮੈਂਟਾਂ ਵਾਲੇ ਘਰਾਂ ਦੀ ਮੰਗ ਵਧਦੀ ਜਾ ਰਹੀ ਹੈ। 2023 ਦੀ ਤੀਜੀ ਤਿਮਾਹੀ ਵਿੱਚ, ਸਿਟੀ ਆਫ ਕੈਲਗਰੀ ਵੱਲੋਂ ਸੈਕੰਡਰੀ ਸੂਇਟਾਂ ਦੇ ਨਿਰਮਾਣ ਵਿੱਚ 80 ਪ੍ਰਤੀਸ਼ਤ ਵਾਧੇ ਦੀ ਰਿਪੋਰਟ ਹੈ, ਅਤੇ ਇੱਕ ਕੈਲਗਰੀ ਬੇਸਮੈਂਟ ਨਿਰਮਾਣ ਕੰਪਨੀ ਦਾ ਕਹਿਣਾ ਹੈ ਕਿ ਪਿਛਲੇ ਸਾਲ ਤੋਂ ਉਹਨਾਂ ਦਾ ਕਾਰੋਬਾਰ ਲਗਭਗ ਚੌਗੁਣਾ ਹੋ ਗਿਆ ਹੈ। "ਪਿਛਲੇ ਸਾਲ ਅਸੀਂ ਲਗਭਗ 10 ਬੇਸਮੈਂਟ ਸੂਟ ਕੀਤੇ। ਇਸ ਸਾਲ, ਅਸੀਂ ਵਰਤਮਾਨ ਵਿੱਚ 40 ਬੇਸਮੈਂਟ ਸੂਟ ਪੂਰੇ ਕਰ ਲਏ ਹਨ ਅਤੇ ਸਾਲ ਦੇ ਅੰਤ ਤੱਕ ਇਹ 60 ਦੇ ਕਰੀਬ ਹੋ ਜਾਵੇਗਾ। "ਬਿਲਡਰਾਂ ਅਤੇ ਡਿਵੈਲਪਰਾਂ ਦਾ ਕਹਿਣਾਂ ਹੈ ਕਿ ਉਹ ਬਹੁਤੇ ਭਾਈਚਾਰਿਆਂ ਵਿੱਚ, ਸ਼ਹਿਰ ਅਤੇ ਆਲੇ ਦੁਆਲੇ ਦੇ ਭਾਈਚਾਰਿਆਂ ਵਿੱਚ, ਅਜਿਹੀਆਂ ਪ੍ਰਾਪਰਟੀਆਂ ਤਿਆਰ ਕਰ ਰਹੇ ਹਨ ਜੋ ਬੇਸਮੈਂਟ ਵਿੱਚ ਵੱਖਰੇ ਤੌਰ 'ਤੇ ਰਹਿਣ ਲਈ ਤਿਆਰ ਹਨ, ਅਤੇ ਅਜਿਹੀਆਂ ਪਰਾਪਰਟੀਆਂ ਦੇ ਮਾਲਕ ਆਪਣੀ ਵਧੀ ਹੋਈ ਮਾਰਗੇਜ ਕਾਰਣ ਆਪਣੀ ਆਮਦਨੀ ਨੂੰ ਪੂਰਾ ਕਰਨ ਦੀ ਇੱਛਾ ਰੱਖਦੇ ਹਨ।"

ਸਿਟੀ ਆਫ ਕੈਲਗਰੀ ਦਾ ਕਹਿਣਾ ਹੈ ਕਿ ਨਵੇਂ ਭਾਈਚਾਰਿਆਂ ਵਿੱਚ, ਸੈਕੰਡਰੀ ਸੂਟ ਲਈ ਅਰਜ਼ੀਆਂ ਵਿੱਚ 114 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਦੋਂ ਕਿ ਪੁਰਾਣੇ ਇਲਾਕਿਆਂ ਵਿੱਚ, 351 ਸੈਕੰਡਰੀ ਸੂਟ ਬਿਲਡਿੰਗ ਪਰਮਿਟ ਦੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜੋ ਕਿ 2022 ਦੀ ਤੀਜੀ ਤਿਮਾਹੀ ਦੇ ਮੁਕਾਬਲੇ 33 ਪ੍ਰਤੀਸ਼ਤ ਵੱਧ ਹੈ।

AERO SIGN & PRINT INC.
RELIABLE AND AFFORDABLE
www.aerosign.ca
WHOLESALE
CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
Massage Therapy Diploma:
Your Path to a brighter future!
• A 2-year program designed for your needs
• Flexible schedules available for working people
• Start working from the comfort of your home.
• Become a Registered Massage Therapist and be eligible to join different organizations.
• As an RMT, work in hospitals, spas, fitness centers, or run your own home business
• New batches starting 9th of August 2023
• Average salary of a massage therapist is $38 - $70
• International Student Accepted
GD COLLEGE CALGARY
Refer a student to our program and Get upto $500
Student Loan and Grant options are also available.
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
RESTAURANT & SWEETS
ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



ਭਰੋਸਾ ਨੇੜਤਾ ਦਾ ਸਬੱਬ ਬਣਦਾ ਹੈ।
-ਮਾਰਕਸ ਗਾਰਵੇ

## ਤਕਨਾਲੋਜੀ ਦੀ ਦੁਰਵਰਤੋਂ

ਸਮੇਂ ਦੇ ਨਾਲ ਵਿਗਿਆਨ ਨਿੱਤ ਨਵੀਆਂ ਉਚਾਈਆਂ ਨੂੰ ਛੂਹਣ ਵੱਲ ਵਧ ਰਿਹਾ ਹੈ। ਮਨੁੱਖੀ ਜੀਵਨ ਨੂੰ ਸੁਖਾਲਾ ਬਣਾਉਣ ਵਿੱਚ ਇਸ ਦੀਆਂ ਪ੍ਰਾਪਤੀਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਇਸ ਦੇ ਸਮਾਨਾਂਤਰ, ਤਕਨਾਲੋਜੀ ਦੀ ਦੁਰਵਰਤੋਂ ਕਾਰਨ ਪੈਦਾ ਹੋਣ ਵਾਲੇ ਖ਼ਤਰਿਆਂ ਦਾ ਸਾਹਮਣਾ ਕਰਨਾ ਸਰਕਾਰਾਂ ਦੇ ਨਾਲ-ਨਾਲ ਆਮ ਲੋਕਾਂ ਲਈ ਵੀ ਚੁਣੌਤੀ ਸਾਬਤ ਹੋ ਰਿਹਾ ਹੈ। ਇਸ ਸੰਦਰਭ ਵਿੱਚ, ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਉਪਯੋਗਾਂ, ਸੰਭਾਵਨਾਵਾਂ ਅਤੇ ਖਦਸ਼ਿਆਂ ਬਾਰੇ ਬਹਿਸ ਚੱਲ ਰਹੀ ਹੈ। ਪਰ ਸਮੱਸਿਆ ਇਹ ਹੈ ਕਿ ਇਸ ਉੱਚ ਪੱਧਰੀ ਤਕਨੀਕ ਦੀ ਮੌਜੂਦਾ ਸਥਿਤੀ ਵਿੱਚ ਇਸ ਦੇ ਖ਼ਤਰੇ ਵੀ ਇਸਦੀ ਉਪਯੋਗਤਾ ਨਾਲੋਂ ਵੱਧ ਸਾਹਮਣੇ ਆ ਰਹੇ ਹਨ। ਇੰਡੀਆ ਦੀਆਂ ਦੋ ਅਭਿਨੇਤਰੀਆਂ ਦਾ ਵੀਡੀ? ਜੋ ਪਿਛਲੇ ਕੁੱਝ ਦਿਨਾਂ ਤੋਂ ਪ੍ਰਸਾਰਿਤ ਹੋਇਆ ਸੀ, ਨੂੰ ਡਾਕਟਰੇਟ ਕਰਕੇ ਤਿਆਰ ਕੀਤਾ ਗਿਆ ਸੀ। ਇਸ ਦੇ ਸੁਭਾਅ ਅਤੇ ਨਤੀਜੇ ਦਾ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਦਰਅਸਲ, ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਤਹਿਤ 'ਡੂੰਘੀ ਨਕਲੀ' ਤਕਨੀਕ ਦੇ ਜ਼ਰੀਏ, ਇੱਕ ਅਭਿਨੇਤਰੀ ਦੇ ਚਿਹਰੇ ਨੂੰ ਦੂਜੀ ਔਰਤ ਦੇ ਸਰੀਰ ਦੇ ਆਸਣ ਨਾਲ ਜੋੜਿਆ ਗਿਆ ਸੀ ਅਤੇ ਅਸ਼ਲੀਲ ਦਿੱਖ ਦਿੱਤੀ ਗਈ ਸੀ। ਇਹ ਔਰਤ ਦੀ ਇੱਜ਼ਤ ਦੀ ਉਲੰਘਣਾ ਦਾ ਮਾਮਲਾ ਹੈ। ਪਰ ਇਸਦੇ ਲਈ ਵਰਤੀ ਗਈ ਡੂੰਘੀ ਨਕਲੀ ਤਕਨੀਕ ਇਸਦੇ ਵਿਆਪਕ ਖ਼ਤਰਿਆਂ ਨੂੰ ਦਰਸਾਉਂਦੀ ਹੈ। ਦੋ ਅਭਿਨੇਤਰੀਆਂ ਨਾਲ ਹੋਈ ਇਸ ਘਟਨਾ ਤੋਂ ਬਾਅਦ ਕੁਦਰਤੀ ਤੌਰ 'ਤੇ ਵਿਆਪਕ ਚਿੰਤਾ ਪੈਦਾ ਹੋ ਗਈ ਹੈ। ਇਸ ਮੁੱਦੇ 'ਤੇ, ਸਰਕਾਰ ਨੇ ਵੱਡੀਆਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਗਲਤ ਜਾਣਕਾਰੀ, ਡੂੰਘੇ ਜਾਅਲੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਹੋਰ ਸਮੱਗਰੀ ਦੀ ਪਛਾਣ ਕਰਨ ਅਤੇ ਰਿਪੋਰਟਿੰਗ ਦੇ 36 ਘੰਟਿਆਂ ਦੇ ਅੰਦਰ ਉਨ੍ਹਾਂ ਨੂੰ ਹਟਾਉਣ ਲਈ ਇੱਕ ਸਲਾਹ ਵੀ ਜਾਰੀ ਕੀਤੀ ਹੈ। ਦਰਅਸਲ, ਡੂੰਘੇ ਫਰਜ਼ੀ ਵੀਡੀ?ਜ਼ ਨੂੰ 'ਸਿੰਥੈਟਿਕ ਮੀਡੀਆ' ਵੀ ਕਿਹਾ ਜਾਂਦਾ ਹੈ। ਇਸ ਦੇ ਜ਼ਰੀਏ, ਕਿਸੇ ਵਿਅਕਤੀ ਦੀ ਫੋਟੋ ਜਾਂ ਵੀਡੀ? ਨੂੰ ਉਸਦੀ ਸਹਿਮਤੀ ਜਾਂ ਜਾਣਕਾਰੀ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਦੀ ਫੋਟੋ ਜਾਂ ਵੀਡੀ? ਨਾਲ ਬਦਲ ਦਿੱਤਾ ਜਾਂਦਾ ਹੈ। ਜਿਵੇਂ-ਜਿਵੇਂ ਅਜੋਕੇ ਸਮੇਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਲੈਸ ਟੈਕਨਾਲੋਜੀ ਦਾ ਵਿਸਤਾਰ ਹੋਇਆ ਹੈ, ਬਹੁਤ ਸਾਰੇ ਲੋਕਾਂ ਕੋਲ ਵੀ ਇਸ ਤਕਨੀਕ ਦੀ ਪਹੁੰਚ ਹੋ ਗਈ ਹੈ, ਜੋ ਇਸਦੀ ਬੇਲੋੜੀ ਵਰਤੋਂ ਕਰ ਸਕਦੇ ਹਨ। ਜੇਕਰ ਕਿਸੇ ਵੀ ਮਸ਼ਹੂਰ ਹਸਤੀਆਂ ਦੀਆਂ ਤਸਵੀਰਾਂ ਜਾਂ ਵੀਡੀ?ਜ਼ ਨਾਲ ਛੇੜਛਾੜ ਕੀਤੀ ਜਾਂਦੀ ਹੈ ਤਾਂ ਅਜਿਹੇ ਮਾਮਲਿਆਂ 'ਚ ਕਾਨੂੰਨੀ ਕਾਰਵਾਈਆਂ ਨੂੰ ਲੈ ਕੇ ਸਰਗਰਮੀ ਵਧਾ ਦਿੱਤੀ ਜਾਵੇਗੀ। ਪਰ ਇਹ ਸਮਝਿਆ ਜਾ ਸਕਦਾ ਹੈ ਕਿ ਜੇਕਰ ਆਮ ਲੋਕਾਂ ਨੂੰ ਇਸ ਰਾਹੀਂ ਨਿਸ਼ਾਨਾ ਬਣਾਇਆ ਜਾਵੇ ਤਾਂ ਉਨ੍ਹਾਂ ਦੀ ਹਾਲਤ ਕੀ ਹੋਵੇਗੀ। ਇੱਕ ਅਧਿਐਨ ਮੁਤਾਬਕ ਡੂੰਘੀ ਫਰਜ਼ੀ ਤਕਨੀਕ ਰਾਹੀਂ ਬਣਾਏ ਗਏ ਅਸ਼ਲੀਲ ਵੀਡੀ? ਆਮ ਤੌਰ 'ਤੇ ਸਿਰਫ ਔਰਤਾਂ ਨੂੰ ਹੀ ਦਿਖਾਉਂਦੇ ਹਨ। ਇਸ ਦਾ ਮਕਸਦ ਅਸ਼ਲੀਲ ਫਿਲਮਾਂ ਦਾ ਕਾਰੋਬਾਰ ਵਧਾਉਣ ਤੋਂ ਲੈ ਕੇ ਕਿਸੇ ਔਰਤ ਨੂੰ ਬਦਨਾਮ ਕਰਨਾ, ਬਦਲਾ ਲੈਣਾ ਜਾਂ ਬਲੈਕਮੇਲਿੰਗ ਤੱਕ ਹੋ ਸਕਦਾ ਹੈ। ਜੇਕਰ ਅਸੀਂ ਇਸ ਦੇ ਜ਼ਮੀਨੀ ਪ੍ਰਭਾਵਾਂ 'ਤੇ ਨਜ਼ਰ ਮਾਰੀਏ ਤਾਂ ਇਹ ਤਕਨੀਕ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੇ ਨਵੇਂ ਰੂਪ ਵੱਜੋਂ ਸਾਹਮਣੇ ਆਈ ਹੈ। ਪਰ ਇਸ ਦੇ ਖਤਰੇ ਦੀ ਦਾਇਰਾ ਇਸ ਤੋਂ ਵੀ ਬਾਹਰ ਹੈ, ਜਿਸ ਵਿੱਚ ਕਿਸੇ ਵੀ ਵਿਅਕਤੀ ਦੀ ਮਨਮਾਨੀ ਵੀਡੀ? ਬਣਾ ਕੇ ਉਸ ਨੂੰ ਬਲੈਕਮੇਲ ਕੀਤਾ ਜਾ ਸਕਦਾ ਹੈ, ਉਸ ਨੂੰ ਕਿਸੇ ਅਜਿਹੀ ਗਤੀਵਿਧੀ ਵਿੱਚ ਫਸਾਇਆ ਜਾ ਸਕਦਾ ਹੈ, ਜਿਸ ਵਿੱਚ ਉਹ ਕਦੇ ਸ਼ਾਮਲ ਨਹੀਂ ਹੋਇਆ। ਇਸ ਤੋਂ ਇਲਾਵਾ, ਬਹੁ-ਪੱਧਰੀ ਸਾਈਬਰ ਖਤਰਿਆਂ ਦੀ ਸਿਰਜਣਾ ਜਨਤਕ ਰਾਏ ਨੂੰ ਗਲਤ ਦਿਸ਼ਾ ਦੇ ਸਕਦੀ ਹੈ। ਟੈਕਨਾਲੋਜੀ ਆਪਣੇ ਆਪ ਵਿੱਚ ਵਿਗਿਆਨ ਦੀ ਇੱਕ ਪ੍ਰਾਪਤੀ ਹੈ, ਪਰ ਇਸਦਾ ਪ੍ਰਭਾਵ ਸਕਾਰਾਤਮਕ ਹੋਵੇਗਾ ਜਾਂ ਨਕਾਰਾਤਮਕ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਸ ਤਰ੍ਹਾਂ ਦਾ ਵਿਅਕਤੀ ਇਸ ਦੀ ਵਰਤੋਂ ਕਰਦਾ ਹੈ। ਸਪੱਸ਼ਟ ਹੈ ਕਿ ਜੇਕਰ ਸਮੇਂ ਦੇ ਨਾਲ ਤਕਨਾਲੋਜੀ ਦੀ ਦੁਰਵਰਤੋਂ ਦੇ ਵਿਗੜ ਰਹੇ ਰੂਪ ਨੂੰ ਕਾਬੂ ਕਰਨ ਲਈ ਮੌਜੂਦਾ ਕਾਨੂੰਨੀ ਪ੍ਰਣਾਲੀ ਦੇ ਸਮਾਨਾਂਤਰ ਠੋਸ ਪ੍ਰਬੰਧ ਨਾ ਕੀਤੇ ਗਏ ਤਾਂ ਇਸ ਦੇ ਘਾਤਕ ਸਿੱਟੇ ਨਿਕਲਣਗੇ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

- ਸੰਪਾਦਕ

# ਸਭ ਲਈ ਸਿੱਖਿਆ ਜਾਂ ਸਭ ਲਈ ਬਰਾਬਰ ਦੀ ਸਿੱਖਿਆ



ਗੁਰਮੀਤ ਸਿੰਘ ਪਲਾਹੀ

'ਸਭ ਲਈ ਸਿੱਖਿਆ' ਦੇਣ ਦਾ ਸੰਕਲਪ ਲਗਾਤਾਰ ਕੇਂਦਰ ਸਰਕਾਰ ਵਲੋਂ ਦੁਹਰਾਇਆ ਜਾ ਰਿਹਾ ਹੈ। ਪਰ ਸਭ ਲਈ ਬਰਾਬਰ ਦੀ ਸਿੱਖਿਆ ਦਾ ਸੰਕਲਪ ਦੇਸ਼ ਵਿਚੋਂ ਗਾਇਬ ਹੈ। ਸਿੱਖਿਆ ਖੇਤਰ 'ਚ ਦੇਸ਼ ਵਿੱਚ ਸਥਿਤੀ ਇਹ ਬਣੀ ਹੋਈ ਹੈ ਕਿ ਇੱਕ ਪਾਸੇ "ਪੰਜ ਤਾਰਾ" ਪਬਲਿਕ ਸਕੂਲ ਹਨ ਅਤੇ ਦੂਜੇ ਪਾਸੇ ਬੁਨਿਆਦੀ ਲੋੜਾਂ ਤੋਂ ਸੱਖਣੇ ਸਰਕਾਰੀ ਪ੍ਰਾਇਮਰੀ ਸਕੂਲ ਜਾਂ ਹਾਈ, ਸੀਨੀਅਰ ਸੈਕੰਡਰੀ ਸਕੂਲ ਹਨ, ਜਿਥੋਂ ਥੁੜਾਂ ਦੇ ਮਾਰੇ ਆਮ ਲੋਕਾਂ ਦੇ ਬੱਚੇ ਸਿੱਖਿਆ ਲੈਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ।

1990 ਵਿੱਚ ਯੂਨੈਸਕੋ, ਯੂ.ਐਨ.ਡੀ.ਪੀ., ਯੂਨੀਸੈਫ, ਯੂ.ਐਨ,ਐਫ ਪੀ.ਏ. ਅਤੇ ਵਿਸ਼ਵ ਬੈਂਕ ਦੀ ਸਾਂਝੀ ਵਿਸ਼ਵ ਕਾਨਫਰੰਸ ਵਿੱਚ ਵਿਸ਼ਵ ਦੇ ਹਰੇਕ ਨਾਗਰਿਕ, ਬੱਚੇ, ਬੁੱਢੇ, ਨੌਜਵਾਨ ਲਈ ਉੱਚ ਪੱਧਰੀ ਸਭ ਲਈ ਸਿੱਖਿਆ ਦਾ ਸੰਕਲਪ ਲਿਆ ਗਿਆ ਸੀ। ਇਹ ਮਹਿਸੂਸ ਕਰਦਿਆਂ ਕਿ ਮਨੁੱਖ ਦੀਆਂ ਸਭ ਤੋਂ ਵੱਡੀਆਂ ਲੋੜਾਂ ਵਿੱਚ ਸਿਹਤ, ਸ਼ੁੱਧ ਵਾਤਵਰਨ ਅਤੇ ਸਿੱਖਿਆ ਦਾ ਸਥਾਨ ਅਹਿਮ ਹੈ। ਪਰ ਸਿੱਖਿਆ ਹੀ ਇੱਕ ਇਹੋ ਜਿਹਾ ਅੰਗ ਹੈ, ਜੋ ਮਨੁੱਖ ਨੂੰ ਚੰਗੀ ਸਿਹਤ, ਚੰਗਾ ਆਲਾ-ਦੁਆਲਾ, ਆਪਣੀ ਚੰਗੀ ਹੋਂਦ ਸਿਰਜਨ 'ਚ ਸਹਾਇਕ ਹੁੰਦਾ ਹੈ। ਸਿੱਖਿਆ ਹੀ ਇਹੋ ਜਿਹਾ ਕਾਰਕ ਹੈ ਜੋ ਮਨੁੱਖ ਨੂੰ ਗਰੀਬੀ ਘਟਾਉਣ 'ਚ ਅਤੇ ਸਮਾਜਿਕ ਬਰਾਬਰਤਾ ਲਿਆਉਣ 'ਚ ਸਹਾਈ ਬਣਦਾ ਹੈ।

ਸਿੱਖਿਆ ਖੇਤਰ ਵਿੱਚ ਭਾਰਤ ਦੇ ਹਾਲਾਤ ਸੁਖਾਵੇਂ ਨਹੀਂ ਹਨ। ਸਲਾਨਾ ਸਟੇਟਸ ਸਿੱਖਿਆ ਰਿਪੋਰਟ( ਏ.ਐਸ.ਈ.ਆਰ. 2020) ਅਨੁਸਾਰ ਲਗਭਗ 5.5 ਫੀਸਦੀ 6 ਤੋਂ 17 ਸਾਲ ਦੀ ਉਮਰ ਦੇ ਬੱਚੇ ਦੇਸ਼ ਵਿੱਚ ਸਥਾਪਿਤ ਸਰਕਾਰੀ ਸਕੂਲਾਂ, ਪ੍ਰਾਈਵੇਟ ਸਿੱਖਿਆ ਅਦਾਰਿਆਂ ਤੋਂ ਬਾਹਰ ਹਨ। ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਦਸ਼ਾ ਬੇਹੱਦ ਖਰਾਬ ਹੈ ਅਤੇ ਸਕੂਲਾਂ ਤੋਂ ਭੱਜਣ ਵਾਲੇ ਜਾਂ ਮਜ਼ਬੂਰਨ ਸਕੂਲ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵੱਡੀ ਹੈ। ਇਥੇ ਹੀ ਬਸ ਨਹੀਂ ਆਧੁਨਿਕ ਯੁੱਗ ਵਿੱਚ ਵੀ ਲੜਕਿਆਂ ਨਾਲੋਂ ਲੜਕੀਆਂ ਦੀ ਗਿਣਤੀ ਸਕੂਲਾਂ ਵਿੱਚ ਘੱਟ ਹੈ।

ਮੁੱਢਲੀ ਪੜ੍ਹਾਈ ਪ੍ਰਾਪਤ ਕਰਨ ਲਈ ਬੱਚਿਆਂ ਦਾ ਸਕੂਲ ਵਿੱਚ ਨਾ ਜਾਣ ਦਾ ਕਾਰਨ ਗਰੀਬੀ ਮੰਨਿਆ ਜਾਂਦਾ ਹੈ, ਕਿਉਂਕਿ ਮਾਪੇ ਰੋਜ਼ੀ, ਰੋਟੀ ਦਾ ਜੁਗਾੜ ਪੂਰਾ ਨਾ ਹੋਣ ਅਤੇ ਸਾਧਨਾਂ ਦੀ ਕਮੀ ਕਾਰਨ ਬੱਚਿਆਂ ਨੂੰ ਸਕੂਲਾਂ 'ਚ ਸਿੱਖਿਆ ਪ੍ਰਾਪਤੀ ਲਈ ਨਹੀਂ ਭੇਜਦੇ।

ਦੂਜਾ ਵੱਡਾ ਕਾਰਨ ਸਧਾਰਨ ਸਰਕਾਰੀ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਜਿਹਨਾ 'ਚ ਬੈਠਣ ਲਈ ਬੈਂਚ, ਡੈਸਕ, ਪਾਣੀ ਪੀਣ ਦੀ ਸੁਵਿਧਾ, ਲੈਟਰੀਨਾਂ ਦੀ ਸੁਵਿਧਾ ਇਥੋਂ ਤੱਕ ਕਿ ਕਮਰਿਆਂ ਦੀ ਘਾਟ ਚੰਗੇਰੀ ਸਿੱਖਿਆ ਲੈਣ/ਦੇਣ 'ਚ ਵੱਡੀ ਰੁਕਾਵਟ ਹੈ।

ਤੀਜਾ ਵੱਡਾ ਕਾਰਨ ਸਿੱਖਿਅਤ ਅਧਿਆਪਕਾਂ ਦੀ ਘਾਟ ਹੈ। ਸਰਕਾਰੀ ਸਕੂਲਾਂ 'ਚ ਨਵੀਆਂ-ਨਵੀਆਂ ਸਕੀਮਾਂ ਤਹਿਤ ਘੱਟ ਉਜਰਤ ਉਤੇ ਘੱਟ ਪੜ੍ਹੇ ਲਿਖੇ ਲੋਕਾਂ ਦੀ ਅਧਿਆਪਕਾਂ ਵਜੋਂ ਨਿਯੁੱਕਤੀ ਸਿੱਖਿਆ ਪ੍ਰਤੀ ਸਰਕਾਰ ਦੀ ਅਣਗਿਹਲੀ ਅਤੇ ਅਵੇਸਲੇਪਨ ਦੀ ਵੱਡੀ ਉਦਾਹਰਨ ਹੈ।

ਕਹਿਣ ਨੂੰ ਤਾਂ ਪਾਏਦਾਰ ਸਿੱਖਿਆ ਪ੍ਰਦਾਨ ਕਰਨ ਦੇ ਨਾਂਅ ਉਤੇ ਬਹੁਤ ਸਾਰੀਆਂ ਸਕੀਮਾਂ ਚਾਲੂ ਕੀਤੀਆਂ ਗਈਆਂ ਹਨ। ਸਰਵ ਸਿੱਖਿਆ ਅਭਿਆਨ, ਉਹਨਾ ਵਿਚੋਂ ਇੱਕ ਹੈ, ਜੋ ਉਮਰ ਗਰੁੱਪ 6 ਤੋਂ 14 ਸਾਲ ਦੇ ਸਭ ਬੱਚਿਆਂ ਲਈ ਸਿੱਖਿਆ ਦੇਣ ਦੀ ਗੱਲ ਕਰਦੀ ਹੈ। ਇਸ ਤਹਿਤ ਮੁਫ਼ਤ ਸਿੱਖਿਆ, ਪੁਸਤਕਾਂ ਆਦਿ ਸਮੇਤ ਸਰਕਾਰੀ ਸਕੂਲਾਂ 'ਚ ਦੇਣਾ ਤਹਿ ਹੈ।

ਆਰ.ਟੀ.ਈ. (ਭਾਵ ਰਾਈਟ ਟੂ ਐਜੂਕੇਸ਼ਨ ਐਕਟ) ਵੀ ਸਰਕਾਰ ਵਲੋਂ ਪਾਸ ਕੀਤਾ ਗਿਆ ਹੈ। ਇਹ ਐਕਟ ਸਭ ਲਈ ਲਾਜ਼ਮੀ ਸਿੱਖਿਆ ਦੇਣ, ਚੰਗੀ ਪੜ੍ਹਾਈ ਦਾ ਪ੍ਰਬੰਧ ਕਰਨ, ਟਰੇਂਡ ਅਧਿਕਾਰਾਂ ਦੀ ਨਿਯੁੱਕਤੀ ਦਾ ਪ੍ਰਵਾਧਾਨ ਕਰਦਾ ਹੈ। ਬੱਚੇ ਸਕੂਲ ਆਉਣ ਅਤੇ ਸਿੱਖਿਆ ਪ੍ਰਾਪਤ ਕਰਨ ਇਸ ਵਾਸਤੇ ਦੁਪਿਹਰ ਦੇ ਭੋਜਨ ਦੀ ਵਿਵਸਥਾ ਵੀ ਕੀਤੀ ਗਈ ਹੈ।

ਕੁੱਲ ਮਿਲਾਕੇ ਦੇਸ਼ ਵਿੱਚ 15,07,708 ਸਕੂਲ ਹਨ, ਇਨ੍ਹਾਂ ਵਿੱਚੋਂ 10,32,570 ਸਕੂਲ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਚਲਾਉਂਦੀਆਂ ਹਨ ਜਦਕਿ 84,362 ਸਰਕਾਰੀ ਸਹਾਇਤਾ ਪ੍ਰਾਪਤ 3,40,753 ਗੈਰ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ ਅਤੇ 53,277 ਹੋਰ ਸੰਸਥਾਵਾਂ ਵਲੋਂ ਚਲਾਏ ਜਾ ਰਹੇ ਹਨ।

ਸਰਕਾਰੀ ਸਕੂਲਾਂ ਵਿੱਚ 77.34 ਫੀਸਦੀ ਕੋਲ ਬਿਜਲੀ ਕੁਨੈਕਸ਼ਨ ਹੈ। ਲਗਭਗ 29,967 ਸਕੂਲਾਂ ਕੋਲ ਪਾਣੀ ਪੀਣ ਦੀ ਸੁਵਿਧਾ ਨਹੀਂ ਹੈ। 9 ਲੱਖ ਸਕੂਲਾਂ 'ਚ ਕੰਪਿਊਟਰ ਸਿੱਖਿਆ ਸੁਵਿਧਾ ਨਹੀਂ, 11 ਲੱਖ ਸਕੂਲਾਂ 'ਚ ਇੰਟਰਨੈੱਟ ਕੁਨੈਕਸ਼ਨ ਨਹੀਂ। ਹੈਰਾਨੀ ਦੀ ਗੱਲ ਹੈ ਕਿ 6465 ਸਕੂਲ ਇਮਾਰਤਾਂ ਤੋਂ ਬਿਨ੍ਹਾਂ ਚੱਲ ਰਹੇ ਹਨ।

ਬਾਵਜੂਦ ਇਸ ਸਭ ਕੁਝ ਦੇ ਕਿ ਬੁਨਿਆਦੀ ਸਹੂਲਤਾਂ ਦੀ ਸਕੂਲਾਂ 'ਚ ਕਮੀ ਹੈ ਕੇਂਦਰ ਸਰਕਾਰ ਵਲੋਂ 2021-22 ਦੇ ਬਜ਼ਟ 'ਚ ਸਿੱਖਿਆ ਉਤੇ ਖ਼ਰਚੇ 'ਚ 8.3 ਫੀਸਦੀ ਦੀ ਕਮੀ ਕਰ ਦਿੱਤੀ ਗਈ।

ਸਿੱਖਿਆ ਪ੍ਰਦਾਨ ਕਰਨ ਲਈ ਟਰੇਂਡ ਅਧਿਆਪਕਾਂ ਦੀ ਲੋੜ ਹੁੰਦੀ ਹੈ, ਕੇਂਦਰ ਤੇ ਸੂਬਾ ਸਰਕਾਰਾਂ ਵਲੋਂ ਸਮੇਂ ਸਮੇਂ ਤੇ ਸਕੂਲਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸ਼ਿਕਸ਼ਾ ਕਰਮੀ ਪ੍ਰਾਜੈਕਟ, ਜ਼ਿਲਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ, ਸਰਬ ਸਿੱਖਿਆ ਅਭਿਆਨ, ਨੈਸ਼ਨਲ ਪ੍ਰੋਗਰਾਮ ਆਫ ਨਿਊਟ੍ਰੀਸ਼ਨਲ ਸਪੋਰਟ ਟੂ ਪ੍ਰਾਇਮਰੀ ਐਜੂਕੇਸ਼ਨ ਜਿਹੇ ਪ੍ਰਾਜੈਕਟ ਲਿਆਂਦੇ ਅਤੇ ਅਧਿਆਪਕਾਂ ਦੀ ਨਿਯੁਕਤੀ ਇਹਨਾ ਪ੍ਰੋਗਰਾਮਾਂ ਤਹਿਤ, ਰੈਗੂਲਰ ਅਧਿਆਪਕਾਂ ਦੀ ਨਿਯੁੱਕਤੀ ਦੀ ਘਾਟ ਪੂਰੀ ਕਰਨ ਲਈ ਕੀਤੀ। ਪਰ ਦੇਸ਼ ਭਰ ਦੇ ਸਰਕਾਰੀ ਸਕੂਲਾਂ. ਵਿੱਚ ਇਸ ਸਮੇਂ 10 ਲੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਇਹ ਰਿਪੋਰਟ 31 ਦਸੰਬਰ 2022 ਤੱਕ ਦੀ ਹੈ।

ਇੱਕ ਪਾਰਲੀਮੈਂਟ ਪੈਨਲ ਨੇ ਸਰਕਾਰ ਨੂੰ 2020 'ਚ ਲਿਆਂਦੀ ਨੈਸ਼ਨਲ ਐਜੂਕੇਸ਼ਨ ਪਾਲਿਸੀ 'ਚ ਦਰਜ ਇਸ ਮੱਦ ਨੂੰ ਲਾਗੂ ਕਰਨ ਕਿ ਸਕੂਲਾਂ 'ਚ 30:1 ਦੇ ਅਨੁਪਾਤ ਅਨੁਸਾਰ ਅਧਿਆਪਕਾਂ ਦੀ ਭਰਤੀ ਹੋਣੀ ਚਾਹੀਦੀ ਹੈ, ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ। ਕੁੱਲ ਮਿਲਾਕੇ ਸਕੂਲਾਂ ਵਿੱਚ 62,71,380 ਅਧਿਆਪਕਾਂ ਦੀਆਂ ਅਸਾਮੀਆਂ ਹਨ, ਜਿਹਨਾ ਵਿੱਚ 15.7 ਫੀਸਦੀ ਖਾਲੀ ਪਾਈਆਂ ਹਨ।

ਇਹ ਹੀ ਨਹੀਂ ਕਿ ਕੇਂਦਰ ਸਰਕਾਰ ਵਲੋਂ ਹੀ ਨਾਗਰਿਕਾਂ ਨੂੰ ਸਿੱਖਿਆ ਪ੍ਰਦਾਨ ਕਰਨ ਤੋਂ ਮੁੱਖ ਮੋੜਿਆ ਜਾ ਰਿਹਾ ਹੈ। ਰਾਜ ਸਰਕਾਰਾਂ ਦਾ ਵਤੀਰਾ ਵੀ ਇਹੋ ਜਿਹਾ ਹੀ ਹੈ। ਨਿੱਤ ਦਿਹਾੜੇ ਕਿਵੇਂ ਸਿਹਤ ਅਤੇ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਤੋਂ ਪਾਸਾ ਵੱਟਕੇ, ਨਿੱਜੀਕਰਨ ਦੀ ਪਾਲਿਸੀ ਤਹਿਤ ਪਬਲਿਕ ਸਕੂਲ, ਵੱਡੇ ਮਲਟੀ ਸਪੈਸ਼ਲਿਸਟ ਹਸਪਤਾਲ ਖੋਲ੍ਹੇ ਜਾ ਰਹੇ ਹਨ। ਉਹ ਸਰਕਾਰਾਂ ਦੀ ਇਸ ਨੀਅਤ ਨੂੰ ਸਪਸ਼ਟ ਕਰਦੇ ਹਨ ਕਿ ਸੰਵਿਧਾਨ ਦੀ ਧਾਰਾ 45 ਅਤੇ 21ਏ ਤਹਿਤ ਦਿੱਤੇ ਸਿੱਖਿਆ ਫਰਜ਼ਾਂ ਨੂੰ ਕਿਵੇਂ ਦਰਕਿਨਾਰ ਕੀਤਾ ਜਾ ਰਿਹਾ ਹੈ। ਸਭ ਲਈ ਸਿੱਖਿਆ ਪ੍ਰਦਾਨ ਕਰਨ ਦੀ ਗੱਲ ਲਾਗੂ ਕਰਨਾ ਤਾਂ ਹਾਲੇ ਦੂਰ ਹੈ ਹੀ, ਸਭ ਲਈ ਬਰਾਬਰ ਦੀ ਸਿੱਖਿਆ ਦੀ ਸੋਚ ਤਾਂ ਸਰਕਾਰਾਂ ਨੇ ਧਿਆਨ ਵਿੱਚ ਹੀ ਨਹੀਂ ਲਿਆਂਦੀ।

19 ਅਗਸਤ 2015 ਨੂੰ ਅਲਾਹਬਾਦ ਹਾਈ ਕੋਰਟ ਨੇ ਇੱਕ ਹੁਕਮ ਮੁੱਖ ਸਕੱਤਰ ਯੂ.ਪੀ. ਸਰਕਾਰ ਨੂੰ ਦਿੱਤਾ ਸੀ ਕਿ ਸਾਰੇ ਸਰਕਾਰੀ ਮੁਲਜ਼ਮ, ਅਫ਼ਸਰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਸਿੱਖਿਆ ਦੁਆਉਣ ਲਈ ਭਰਤੀ ਕਰਵਾਉਣ। ਮਾਨਯੋਗ ਅਦਾਲਤ ਦਾ ਪਹਿਲਾ ਮਨਸ਼ਾ ਸੀ ਕਿ ਗਰੀਬਾਂ, ਅਮੀਰਾਂ ਦੇ ਬੱਚੇ ਇਕੋ ਸਕੂਲ 'ਚ ਬਰਾਬਰ ਦੀ ਸਿੱਖਿਆ ਪ੍ਰਾਪਤ ਕਰਨ, ਦੂਜਾ ਸਰਕਾਰੀ ਅਫ਼ਸਰਾਂ ਨੂੰ ਇਹ ਅਹਿਸਾਸ ਹੋਵੇ ਕਿ ਸਰਕਾਰੀ ਸਕੂਲਾਂ ਦੇ ਜ਼ਮੀਨੀ ਹਾਲਾਤ ਕਿਹੋ ਜਿਹੇ ਹਨ ਅਤੇ ਉਹ ਇਹਨਾ ਹਾਲਾਤਾਂ ਦੇ ਸੁਧਾਰ ਲਈ ਨਿਤੀਗਤ ਫੈਸਲਿਆਂ ਦੇ ਨਾਲ-ਨਾਲ ਇਥੇ ਦੇ ਬੁਨਿਆਦੀ ਢਾਂਚੇ ਨੂੰ ਠੀਕ ਕਰਨ ਲਈ ਯਤਨ ਕਰਨ।

ਇਸ ਹਾਈ ਕੋਰਟ ਦੇ ਫੈਸਲੇ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ। ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਇਹ ਮੰਗ ਉਠੀ ਕਿ ਸਾਰੇ ਲੋਕਾਂ ਦੇ ਬੱਚੇ ਇਕੋ ਜਿਹੀ ਸਿੱਖਿਆ ਦੇ ਭਾਗੀਦਾਰ ਹਨ। ਉਹਨਾ ਦੇ ਬੱਚਿਆਂ ਦਾ ਵੀ ਹੱਕ ਹੈ ਕਿ ਉਹ ਚੰਗੇਰੀ ਸਿੱਖਿਆ, ਚੰਗੇਰੇ ਸਕੂਲਾਂ 'ਚ ਪ੍ਰਾਪਤ ਕਰਨ। ਕੇਂਦਰ ਸਰਕਾਰ ਨੇ ਰਾਈਟ ਟੂ ਐਜੂਕੇਸ਼ਨ ਐਕਟ ਦੇ ਤਹਿਤ ਤਹਿ ਕਰਕੇ ਸੀਬੀਐਸਈ ਮਾਨਤਾ ਪ੍ਰਾਪਤ ਪਬਲਿਕ, ਪ੍ਰਾਈਵੇਟ ਸਕੂਲਾਂ 'ਚ 15 ਫੀਸਦੀ ਸੀਟਾਂ ਆਮ ਲੋੜਬੰਦ, ਗਰੀਬ ਬੱਚਿਆਂ ਲਈ ਮੁਫ਼ਤ ਸਿੱਖਿਆ ਲਈ ਰਾਖਵੀਆਂ ਕੀਤੀਆਂ। ਪਰ ਇਸ ਹੁਕਮ ਨੂੰ ਲਾਗੂ ਨਾ ਕਰਨ ਲਈ ਆਪਣੇ ਦਾਅ ਪੇਚ ਵਰਤੇ 'ਤੇ ਸਧਾਰਨ ਪਰਿਵਾਰਾਂ ਦੇ ਬੱਚਿਆਂ ਨੂੰ ਇਹਨਾ ਸਕੂਲਾਂ 'ਚ ਦਾਖਲੇ ਲਈ ਆਨਾ-ਕਾਨੀ ਕੀਤੀ।

ਅਸਲ ਵਿੱਚ ਸਮਾਜ ਵਿੱਚ ਗਰੀਬ, ਅਮੀਰ ਦਾ ਵੱਧ ਰਿਹਾ ਪਾੜਾ, ਸਿੱਖਿਆ ਪ੍ਰਦਾਨ ਕਰਨ ਦੇ ਖੇਤਰ 'ਚ ਵੀ ਵਿਖਾਈ ਦਿੰਦਾ ਹੈ, ਜਿਥੇ ਗਰੀਬ ਬੱਚਿਆਂ ਲਈ ਚੰਗੇ ਸਕੂਲਾਂ ਦੀ ਕਮੀ ਹੈ ਅਤੇ ਸਰਕਾਰ ਵੀ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ 'ਚ ਅਸਮਰਥ ਨਜ਼ਰ ਆਉਂਦੀ ਹੈ, ਕਿਉਂਕਿ ਦੇਸ਼ ਦੀ ਅਫ਼ਸਰਸ਼ਾਹੀ ਤੇ ਵੱਡੇ ਸਿਆਸਤਦਾਨ ਲੋਕ ਭਲੇ ਹਿੱਤ ਕੰਮ ਤੋਂ ਕਿਨਾਰਾ ਕਰਕੇ ਸਿਰਫ਼ ਵੋਟ ਰਣਨੀਤੀ ਲਈ ਰਾਜਨੀਤੀ ਕਰਨ ਲੱਗੇ ਹਨ।


ਆਓ ਇਕ ਝਾਤ ਸਿੱਖਿਆ ਖੇਤਰ 'ਚ ਸਥਾਪਿਤ ਵੱਡੇ ਪ੍ਰਾਈਵੇਟ ਪਬਲਿਕ ਸਕੂਲਾਂ 'ਤੇ ਮਾਰੀਏ:-

ਪ੍ਰਾਈਵੇਟ ਸਕੂਲ ਚੰਗੀ ਸਿੱਖਿਆ ਲਈ ਜਾਣੇ ਜਾਂਦੇ ਹਨ। ਇਹਨਾ ਸਕੂਲਾਂ ਦੇ ਪ੍ਰਬੰਧਕਾਂ ਨੇ ਸਿੱਖਿਆ ਦਾ ਵਪਾਰੀਕਰਨ ਕੀਤਾ ਹੋਇਆ ਹੈ ਅਤੇ ਸਕੂਲਾਂ ਨੂੰ ਇੱਕ ਧੰਦੇ ਦੇ ਤੌਰ 'ਤੇ ਚਲਾਉਂਦੇ ਹਨ। ਵਿਦਿਆਰਥੀਆਂ ਲਈ ਸਕੂਲ 'ਚ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਵੱਧ ਤੋਂ ਵੱਧ ਫੀਸਾਂ ਵਿਦਿਆਰਥੀਆਂ ਤੋਂ ਅਟੇਰੀਆਂ ਜਾਂਦੀਆਂ ਹਨ। ਦੇਸ਼ 'ਚ ਕਈ ਸਕੂਲ ਤਾਂ ਇਹੋ ਜਿਹੇ ਹਨ ਜਿਹੜੇ ਪੰਜ ਤਾਰਾ, ਤਿੰਨ ਤਾਰਾ ਹੋਟਲਾਂ ਵਰਗੀਆਂ ਸਹੂਲਤਾਂ ਨਾਲ ਲੈਂਸ ਹਨ। ਇਹਨਾ ਸਕੂਲਾਂ 'ਚ ਵਧੀਆਂ ਲਾਇਬ੍ਰੇਰੀਆਂ, ਖੇਡ ਮੈਦਾਨ, ਸਾਇੰਸ ਲੈਬਾਰਟਰੀਜ਼, ਸੁਵਿਧਾਜਨਕ ਅਧਿਆਪਕ ਵਿਦਿਆਰਥੀ ਅਨੁਪਾਤ ਅਤੇ ਦਿਲ ਪ੍ਰਚਾਵੇਂ ਲਈ ਬਿਹਤਰੀਨ ਸਹੂਲਤਾਂ ਹਨ। ਯੂਨੀਫਾਈਡ ਜ਼ਿਲਾ ਸੂਚਨਾ ਸਿਸਟਮ ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 3,40,753 ਪ੍ਰਾਈਵੇਟ ਸਕੂਲ ਹਨ, ਜਦਕਿ ਸਰਕਾਰੀ ਸਕੂਲਾਂ ਦੀ ਗਿਣਤੀ 10,32,570 ਹੈ ਭਾਵ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦਾ ਅਨੁਪਾਤ ਲਗਭਗ 10:3 ਦਾ ਹੈ।

ਪ੍ਰਾਈਵੇਟ ਪਬਲਿਕ ਸਕੂਲਾਂ ਦਾ ਦੇਸ਼ 'ਚ ਬੋਲਬਾਲਾ ਹੈ। ਕੇਂਦਰ ਸਰਕਾਰ ਪ੍ਰਾਈਵੇਟ ਸਿੱਖਿਆ ਨੂੰ ਉਤਸ਼ਾਹਿਤ ਕਰ ਰਹੀ ਹੈ। ਨਵੀਂ ਸਿੱਖਿਆ ਪਾਲਿਸੀ ਤਹਿਤ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਆਪਣੇ ਕੈਂਪਸ ਖੋਲ੍ਹਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਭਾਵ ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਦੇ ਦਰਵਾਜੇ ਖੋਲ੍ਹੇ ਜਾ ਰਹੇ ਹਨ ਤਾਂ ਇੱਕ ਉਹ ਵਿਦਿਆਰਥੀ, ਜਿਸਦੇ ਮਾਪਿਆਂ ਦੇ ਕਮਾਈ ਦੇ ਸਾਧਨ ਸੀਮਤ ਹਨ, ਇਹਨਾ ਅਦਾਰਿਆਂ 'ਚ ਸਿੱਖਿਆ ਕਿਵੇਂ ਪ੍ਰਾਪਤ ਕਰ ਸਕੇਗਾ ? ਇਥੇ ਤਾਂ ਸਰਦੇ-ਪੁਜਦੇ ਘਰਾਂ ਦੇ ਵਿਦਿਆਰਥੀਆਂ ਦੇ ਬੱਚੇ ਹੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ।

ਸਿੱਖਿਆ ਅਤੇ ਸਿਹਤ ਕਿਸੇ ਵੀ ਲੋਕ ਹਿਤੈਸ਼ੀ , ਲੋਕ ਭਲਾਈ ਹਿੱਤ ਕੰਮ ਕਰਨ ਵਾਲੀ ਸਰਕਾਰ ਦੀ ਪਹਿਲ ਹੋਣੀ ਚਾਹੀਦੀ ਹੈ। ਇਹ ਦੋਵੇਂ ਕਾਰਕ ਮਨੁੱਖ ਨੂੰ ਜਿਆਦਾ ਸੱਭਿਅਕ ਬਨਾਉਣ ਲਈ ਕੰਮ ਕਰਦੇ ਹਨ। ਸਰਕਾਰਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ, "ਸਭ ਨੂੰ ਸਿੱਖਿਆ ਤਾਂ ਮਿਲੇ ਹੀ, ਪਰ ਸਭ ਲਈ ਬਰਾਬਰ ਦੀ ਸਿੱਖਿਆ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ" ।

ਪਰ ਸਰਕਾਰਾਂ ਦੀ ਸਭ ਲਈ ਬਰਾਬਰ ਦੀ ਸਿੱਖਿਆ ਦੇਣ ਪ੍ਰਤੀ ਬੇਰੁਖ਼ੀ, ਆਪਣੇ ਫਰਜ਼ਾਂ ਤੋਂ ਕੌਤਾਹੀ ਸਮਾਨ ਹੈ।



# .ਫਲਸਤੀਨੀਆਂ ਦੀ ਨਸਲਕੁਸ਼ੀ ਅਤੇ ਉਜਾੜਾ

**ਡਾ. ਬਲਜਿੰਦਰ**

ਫਲਸਤੀਨ-ਇਜ਼ਰਾਈਲ ਲੜਾਈ ਨੂੰ ਇੱਕ ਮਹੀਨਾ ਹੋ ਗਿਆ ਹੈ। 7 ਅਕਤੂਬਰ 2023 ਨੂੰ ਗਾਜ਼ਾ ਪੱਟੀ ਦੇ ਇਲਾਕੇ 'ਚ ਸਰਗਰਮ ਕੱਟੜਪੰਥੀ ਗੁੱਟ ਹਮਾਸ ਨੇ ਇਜ਼ਰਾਈਲ ਦੇ ਨਾਲ ਲੱਗਦੇ ਸਰਹੱਦੀ ਖੇਤਰ ਅੰਦਰ ਜਾ ਕੇ ਕੀਤੇ ਹਮਲਿਆਂ 'ਚ ਇਜ਼ਰਾਇਲੀ ਫੌਜ ਦੇ ਕਾਫੀ ਜੁਆਨਾਂ ਸਮੇਤ ਸਿਵਲੀਅਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਦੋ ਸੌ ਤੋਂ ਵਧੇਰੇ ਇਜ਼ਰਾਇਲੀ ਬਸਿ ?ੰਦਿਆਂ ਨੂੰ ਬੰਦੀ ਬਣਾ ਲਿਆ ਸੀ। ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਇਲੀ ਫੌਜ ਨੇ ਆਪਣੇ ਮਿਲਟਰੀ ਉਪਰੇਸ਼ਨ ਰਾਹੀਂ ਫਲਸਤੀਨੀਆਂ 'ਤੇ ਬਹੁਤ ਵੱਡਾ ਹਮਲਾ ਵਿੱਢਿਆ ਹੋਇਆ ਹੈ।

***ਮੁੱਦੇ ਦਾ ਇਤਿਹਾਸਕ ਪਿਛੋਕੜ***

ਆਖ਼ਰ ਇਸ ਖਹਿਭੇੜ ਦਾ ਅਸਲ ਮੁੱਦਾ ਕੀ ਹੈ ? ਇਹ ਦੇਖਣ ਲਈ ਸਾਨੂੰ ਇਜ਼ਰਾਈਲ ਦੇ ਇਤਿਹਾਸ 'ਤੇ ਝਾਤ ਮਾਰਨੀ ਪਵੇਗੀ। ਯਹੂਦੀਆਂ ਅੰਦਰ ਆਪਣੇ ਇਸ਼ਟ ਦੇ ਮੁਕੱਦਸ ਸਥਾਨ ਯੇਰੂਸ਼ਲਮ ਪ੍ਰਤੀ ਮੋਹ ਲਗਾਤਾਰ ਬਣਿਆ ਰਿਹਾ ਹੈ। ਉਨ੍ਹਾਂ ਆਪਣੀ ਮੁਕੱਦਸ ਕਿਤਾਬ ਬਾਈਬਲ ਦੇ ਹਵਾਲਿਆਂ (ਸਾਧਾਰਨ ਬੋਲੀ 'ਚ ਕਹਿਣਾ ਹੋਵੇ ਤਾਂ ਸਾਖੀਆਂ) ਮੁਤਾਬਕ ਆਪਣਾ ਮੁਲਕ ਬਣਾਉਣ ਲਈ ਕੋਸਿ ?ਸ਼ਾਂ ਜਾਰੀ ਰੱਖੀਆਂ। ਆਸਟਰੀਆ ਦੇ ਸ਼ਹਿਰ ਵੀਆਨਾ ਵਿਚ 19ਵੀਂ ਸਦੀ ਦੇ ਅੰਤਲੇ ਦਹਾਕਿਆਂ ਅੰਦਰ ਵੀਆਨਾ ਦੇ ਯਹੂਦੀਵਾਦੀ ਥਿਓਡਰ ਹਰਜ਼ਲ ਨੇ ਯਹੂਦੀ ਰਿਆਸਤ/ਸਟੇਟ ਇਜ਼ਰਾਈਲ ਦਾ ਵਿਚਾਰ ਰੱਖਿਆ। ਉਸ ਨੇ ਪੈਸੇ ਇਕੱਠੇ ਕਰ ਕੇ ਧਾਰਮਿਕ ਇਕੱਠ ਰੱਖਿਆ। ਇਸ ਇਕੱਤਰਤਾ ਨੇ ਇਹ ਫੈਸਲਾ ਕੀਤਾ ਕਿ ਵੀਆਨਾ ਦੇ ਸਾਰੇ ਯਹੂਦੀ ਪਾਦਰੀਆਂ (ਪ੍ਰਚਲਤਿ ਨਾਂ ਰੱਬੀ) ਨੂੰ ਇੱਕ ਥਾਂ ਇਕੱਠਾ ਕੀਤਾ ਜਾਵੇ। ਇਕੱਤਰਤਾ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਆਪਣਾ ਮੁਲਕ ਬਣਾਉਣ ਲਈ ਹਾਲਾਤ ਦਾ ਜਾਇਜ਼ਾ ਲੈਣ ਲਈ ਦੋ ਯਹੂਦੀ ਪਾਦਰੀਆਂ ਨੂੰ ਫ਼ਲਸਤੀਨ ਦਾ ਦੌਰਾ ਕਰਨ ਲਈ ਭੇਜਿਆ ਜਾਵੇ। ਫ਼ੈਸਲੇ ਮੁਜਬ ਦੋ ਯਹੂਦੀ ਪਾਦਰੀ ਫਲਸਤੀਨ ਗਏ ਅਤੇ ਉੱਥੇ ਅੱਪੜ ਕੇ ਉਨ੍ਹਾਂ ਵੀਆਨਾ ਵੱਲ ਤਾਰ ਜ਼ਰੀਏ ਸੁਨੇਹਾ ਭੇਜਿਆ ਕਿ ਦੁਲਹਨ ਤਾਂ ਨਿਹਾਇਤ ਹੀ ਖ਼ੂਬਸੂਰਤ ਹੈ ਪਰ ਉਹ ਤਾਂ ਪਹਿਲਾਂ ਹੀ ਕਿਸੇ ਹੋਰ ਨਾਲ ਵਿਆਹੀ ਹੋਈ ਹੈ, ਭਾਵ, ਉਨ੍ਹਾਂ ਕਿਹਾ ਕਿ ਫਲਸਤੀਨ ਤਾਂ ਬਹੁਤ ਹੀ ਦਿਲਕਸ਼ ਤੇ ਸੁੰਦਰ ਮੁਲਕ ਹੈ ਪਰ ਉੱਥੇ ਤਾਂ ਪਹਿਲਾਂ ਤੋਂ ਹੀ ਲੋਕ ਰਹਿ ਰਹੇ ਹਨ। ਇੱਥੇ ਇਹ ਚੇਤੇ ਕਰਨਾ ਵੀ ਕੁਥਾਂ ਨਹੀਂ ਕਿ ਓਟੋਮਾਨ ਬਾਦਸ਼ਾਹਤ (ਤੁਰਕੀ ਦੀ ਬਾਦਸ਼ਾਹਤ) ਦਾ ਖ਼ਾਤਮਾ ਹੋਣ ਤੋਂ ਬਾਅਦ ਤੋਂ ਲੈ ਕੇ ਫਲਸਤੀਨ ਅੰਗਰੇਜ਼ ਬਸਤੀਵਾਦੀਆਂ ਦੀ ਬਸਤੀ ਚਲਿਆ ਆ ਰਿਹਾ ਸੀ। ਇੱਕ ਹੋਰ ਪੱਖ ਵੀ ਧਿਆਨ ਦੇਣ ਵਾਲਾ ਹੈ ਕਿ ਯਹੂਦੀ ਧਰਮ ਦੇ ਪੈਰੋਕਾਰਾਂ ਦੇ ਬਹੁਤਾ ਕਰ ਕੇ ਕਾਰੋਬਾਰੀ ਹੋਣ ਕਰ ਕੇ ਜਿਨ੍ਹਾਂ ਵੀ ਮੁਲਕਾਂ 'ਚ ਉਹ ਰਹਿੰਦੇ ਸਨ, ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਅੰਦਰ ਤਕੜਾ ਪ੍ਰਭਾਵ ਰੱਖਦੇ ਸਨ/ਹਨ। 2 ਨਵੰਬਰ 1917 ਨੂੰ ਬਾਲਫੋਰ ਐਲਾਨਨਾਮੇ ਮੁਤਾਬਕ ਬਸਤੀਵਾਦੀ ਅੰਗਰੇਜ਼ ਹਾਕਮਾਂ ਨੇ ਆਪਣੀ ਬਸਤੀ ਫਲਸਤੀਨ ਅੰਦਰ ਯਹੂਦੀਆਂ ਨੂੰ ਵਸਾਉਣ ਲਈ ਇਜਾਜ਼ਤ ਦੇ ਦਿੱਤੀ। ਉਸ ਮੌਕੇ ਫਲਸਤੀਨ ਅੰਦਰ ਯਹੂਦੀ 10 ਫੀਸਦੀ ਸਨ ਅਤੇ ਅਰਬੀ ਲੋਕ 90 ਪ੍ਰਤੀਸ਼ਤ ਬਣਦੇ ਸਨ। ਯਹੂਦੀਆਂ ਕੋਲ 2 ਫੀਸਦੀ ਹੀ ਜ਼ਮੀਨ ਸੀ। ਇਸ ਤੋਂ ਬਾਅਦ ਵੀ 1922 ਤੋਂ 1948 ਤੱਕ ਇਜ਼ਰਾਈਲ ਦੀ ਸਥਾਪਨਾ ਲਈ ਕੀਤੀਆਂ ਵਾਰਤਾਲਾਪਾਂ ਲਈ ਇਹੋ ਐਲਾਨਨਾਮਾ ਆਧਾਰ ਬਣਿਆ ਰਿਹਾ। ਦੂਜੀ ਸੰਸਾਰ ਜੰਗ ਦੌਰਾਨ ਜਰਮਨੀ ਸਮੇਤ ਯੂਰੋਪ ਦੇ ਹੋਰਨਾਂ ਮੁਲਕਾਂ ਅੰਦਰ ਵੱਸਦੇ ਯਹੂਦੀਆਂ ਉੱਤੇ ਨਾਜ਼ੀਆਂ ਵੱਲੋਂ ਢਾਹੇ ਅੰਨ੍ਹੇ ਤਸ਼ੱਦਦ ਦੇ ਮੱਦੇਨਜ਼ਰ ਵੱਡੀ ਪੱਧਰ 'ਤੇ ਯੂਰੋਪੀਅਨ ਮੁਲਕਾਂ 'ਚੋਂ ਹੋਏ ਯਹੂਦੀਆਂ ਦੇ ਪਰਵਾਸ ਕਰ ਕੇ ਇਜ਼ਰਾਈਲ ਦੀ ਸਥਾਪਨਾ ਦਾ ਏਜੰਡਾ ਹੋਰ ਜ਼ੋਰ ਫੜ ਗਿਆ। ਅਖੀਰ ਯੂਐੱਨਓ ਦੇ ਇੱਕ ਮਤੇ ਰਾਹੀਂ 15 ਮਈ 1948 ਨੂੰ ਇਜ਼ਰਾਈਲ ਦੀ ਇੱਕ ਮੁਲਕ ਵਜੋਂ ਸਥਾਪਨਾ ਫਲਸਤੀਨ ਨੂੰ ਦੋ ਮੁਲਕਾਂ 'ਚ ਵੰਡ ਕੇ ਕੀਤੀ ਗਈ।

***ਨਵੇਂ ਮੁਲਕ ਦੀ ਸਥਾਪਤੀ ਤੋਂ ਬਾਅਦ***

1948-49 ਦੀ ਜੰਗ ਤੋਂ ਬਾਅਦ 1967 'ਚ ਛੇ ਦਿਨ ਲੰਮੀ ਚੱਲੀ ਜੰਗ ਦੌਰਾਨ ਇਜ਼ਰਾਈਲ ਨੇ ਸੀਰੀਆ ਦੇ ਗੋਲਾਨ ਹਾਈਟਸ ਦਾ ਪਹਾੜੀ ਖੇਤਰ, ਜਾਰਡਨ ਦੇ ਪੱਛਮੀ ਕਿਨਾਰੇ (ਵੈਸਟ ਬੈਂਕ), ਫਲਸਤੀਨ ਦੇ ਗਾਜ਼ਾ ਪੱਟੀ ਅਤੇ ਮਿਸਰ ਦੇ ਸਿਨਈ ਪੈਨਿਨਸੁਲਾ ਇਲਾਕੇ ਹਥਿਆ ਲਏ। ਇਸ ਉਪਰੰਤ ਉਸ ਨੇ ਇਨ੍ਹਾਂ ਇਲਾਕਿਆਂ ਅੰਦਰ ਆਪਣੀਆਂ ਪੱਕੀਆਂ ਠਾਹਰਾਂ (ਬਸਤੀਆਂ) ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਅਰਬੀ ਲੋਕਾਂ ਨੂੰ ਉੱਥੋਂ ਖਦੇੜਨਾ ਜਾਰੀ ਰੱਖਿਆ। ਸੀਤ ਯੁੱਧ ਦਾ ਸਮਾਂ ਹੋਣ ਕਾਰਨ ਅਮਰੀਕਾ ਨੇ ਇਸ ਖੇਤਰ ਅੰਦਰ ਆਪਣੀ ਪੈਂਠ ਬਣਾਈ ਰੱਖਣ ਲਈ ਵਿਚ ਵਿਚਾਲੇ ਪੈ ਕੇ ਭਾਵੇਂ ਸਮਝੌਤਾ ਕਰਵਾ ਦਿੱਤਾ ਸੀ ਅਤੇ ਕੁੱਝ ਇਲਾਕੇ ਵਾਪਸ ਉਨ੍ਹਾਂ ਮੁਲਕਾਂ ਨੂੰ ਸੌਂਪ ਦਿੱਤੇ ਸਨ ਪਰ ਗੋਲਾਨ ਹਾਈਟਸ, ਪੱਛਮੀ ਕੰਢਾ ਤੇ ਗਾਜ਼ਾ ਪੱਟੀ ਦੇ ਇਲਾਕੇ ਇਜ਼ਰਾਈਲ ਦੇ ਕਬਜ਼ੇ ਹੇਠ ਹੀ ਰਹੇ ਤੇ ਅੱਜ ਤੱਕ ਵੀ ਹਨ।

***ਫਲਸਤੀਨ ਅੰਦਰੋਂ ਇਜ਼ਰਾਈਲ ਦਾ ਵਿਰੋਧ***

ਸਥਤਿ ਇਹ ਨਹੀਂ ਰਹੀ ਕਿ ਫਲਸਤੀਨੀਆਂ ਨੇ ਇਜ਼ਰਾਈਲ ਦੀ ਸਥਾਪਨਾ ਨੂੰ ਆਪਣੀ ਹੋਣੀ ਮੰਨ ਲਿਆ ਹੋਵੇ ਤੇ ਉਹ ਹੱਥ 'ਤੇ ਹੱਥ ਧਰ ਕੇ ਬੈਠੇ ਹੋਣ। ਉਨ੍ਹਾਂ ਆਪਣੇ ਹਮਖਿਆਲ ਮੁਲਕਾਂ ਦੀਆਂ ਸਰਕਾਰਾਂ ਅਤੇ ਲੋਕਾਂ ਦੀ ਇਮਦਾਦ ਨਾਲ ਹਰ ਪੱਧਰ 'ਤੇ ਇਜ਼ਰਾਈਲ ਦੇ ਵਿਰੋਧ ਦਾ ਝੰਡਾ ਬੁਲੰਦ ਕਰਨਾ ਜਾਰੀ ਰੱਖਿਆ। ਇਸੇ ਹੀ ਪ੍ਰਸੰਗ 'ਚ ਫਲਸਤੀਨ ਦੀ ਮੁਕਤੀ ਲਈ ਜਥੇਬੰਦ ਕੀਤੀ ਯਾਸਰ ਅਰਾਫਤ ਦੀ ਅਗਵਾਈ ਵਾਲੀ ਫਲਸਤੀਨੀ ਲਬਿਰੇਸ਼ਨ ਆਰਗੇਨਾਈਜੇਸ਼ਨ (ਪੀਐੱਲਓ) ਦੇ ਗਠਨ ਤੇ ਉਸ ਦੇ ਰੋਲ ਨੂੰ ਸਮਝਿਆ ਜਾ ਸਕਦਾ ਹੈ। ਜਮਹੂਰੀ ਢੰਗ-ਤਰੀਕਿਆਂ 'ਚ ਵਿਸ਼ਵਾਸ ਕਰਨ ਵਾਲੀ ਪੀਐੱਲਓ ਨੇ ਸੰਸਾਰ ਪਲੈਟਫਾਰਮਾਂ 'ਤੇ ਫਲਸਤੀਨ 'ਤੇ ਹੋ ਰਹੇ ਜਬਰ ਦੀ ਬਾਤ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਦੂਜੇ ਪਾਸੇ ਇਜ਼ਰਾਇਲੀ ਹੁਕਮਰਾਨ ਪੀਐੱਲਓ ਨੂੰ ਅਤਿਵਾਦੀ ਜੱਥੇਬੰਦੀ ਗਰਦਾਨਦੇ ਸਨ। ਅਖੀਰ 1993 'ਚ ਨਾਰਵੇ ਦੇ ਰਾਜਧਾਨੀ ਸ਼ਹਿਰ ਓਸਲੋ 'ਚ ਇੱਕ ਸਮਝੌਤਾ ਇਜ਼ਰਾਈਲ ਅਤੇ ਪੀਐੱਲਓ ਦਰਮਿਆਨ ਕਲਮਬੱਧ ਹੋਇਆ। ਇਸ ਸਮਝੌਤੇ ਮੁਤਾਬਕ ਇਜ਼ਰਾਈਲ ਨੇ ਪੀਐੱਲਓ ਨੂੰ ਅਰਬੀ ਲੋਕਾਂ ਦੀ ਨੁਮਾਇੰਦਾ ਜੱਥੇਬੰਦੀ ਦੇ ਤੌਰ 'ਤੇ ਸਵੀਕਾਰ ਕੀਤਾ ਅਤੇ ਪੀਐੱਲਓ ਨੇ ਇਜ਼ਰਾਈਲ ਨੂੰ ਦੇਸ਼ ਵਜੋਂ ਮੰਨਿਆ (ਇਸ ਤੋਂ ਪਹਿਲਾਂ ਫਲਸਤੀਨ ਦੇ ਲੋਕ ਇਜ਼ਰਾਈਲ ਨੂੰ ਮੁਲਕ ਵਜੋਂ ਸਵੀਕਾਰ ਨਹੀਂ ਕਰਦੇ ਸਨ)। ਇਸ ਸਮਝੌਤੇ ਤੋਂ ਪਹਿਲਾਂ ਹੀ ਜਮਹੂਰੀ ਢੰਗ ਨਾਲ ਚੱਲਣ ਵਾਲੀ ਪੀਐੱਲਓ ਦਾ ਵਿਰੋਧ ਸ਼ੁਰੂ ਚੁੱਕਿਆ ਸੀ ਅਤੇ ਹਮਾਸ ਨਾਂ ਦੀ ਜੱਥੇਬੰਦੀ 1987 'ਚ ਬਣ ਚੁੱਕੀ ਸੀ ਜਿਸ ਦਾ ਕੰਮ ਕਰਨ ਦਾ ਮੁੱਖ ਤਰੀਕਾਕਾਰ ਵੱਖਰੇ ਢੰਗਾਂ ਰਾਹੀਂ ਕਾਰਵਾਈਆਂ ਕਰ ਕੇ ਆਪਣੇ ਮੁਲਕ ਨੂੰ ਆਜ਼ਾਦੀ ਦਿਵਾਉਣਾ ਸੀ। ਓਸਲੋ ਸਮਝੌਤੇ ਨੂੰ ਇਸ ਨੇ ਗੋਡੇ ਟੇਕੂ ਸਮਝੌਤਾ ਕਿਹਾ। ਇਜ਼ਰਾਈਲ ਦੇ ਅੰਦਰੋਂ ਵੀ ਇਸ ਸਮਝੌਤੇ ਦਾ ਵਿਰੋਧ ਹੋਇਆ ਅਤੇ ਉਸ ਸਮੇਂ ਵਿਰੋਧੀ ਧਿਰ ਦੇ ਆਗੂ ਵਜੋਂ ਇਜ਼ਰਾਈਲ ਦੇ ਮੌਜੂਦਾ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਸ ਸਮਝੌਤੇ ਦਾ ਡਟ ਕੇ ਵਿਰੋਧ ਕੀਤਾ। 1996 'ਚ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੁੰਦਿਆਂ ਹੀ ਉਸ ਨੇ ਫਲਸਤੀਨੀਆਂ 'ਤੇ ਆਪਣੇ ਜਬਰ ਦਾ ਕੁਹਾੜਾ ਹੋਰ ਤੇਜ਼ ਕਰ ਦਿੱਤਾ। ਇਸੇ ਦੌਰਾਨ ਇਜ਼ਰਾਈਲ ਦੀ ਘੇਰਾਬੰਦੀ ਵਾਲੇ ਖੇਤਰ ਗਾਜ਼ਾ ਪੱਟੀ 'ਚ ਹੋਈਆਂ ਚੋਣਾਂ ਵਿਚ 2007 'ਚ ਹਮਾਸ ਦਾ ਪਾਰਲੀਮਾਨੀ ਵਿੰਗ ਜਮਹੂਰੀ ਤਰਜ਼ੇਅਮਲ ਨਾਲ ਸੱਤਾ 'ਚ ਆਇਆ ਅਤੇ ਉਹ ਅਜੇ ਤੱਕ ਗੱਦੀ 'ਤੇ ਹੈ। ਨੇਤਨਯਾਹੂ ਇਸੇ ਹਮਸ ਨੂੰ ਅਤਿਵਾਦੀ ਜੱਥੇਬੰਦੀ ਐਲਾਨਦਾ ਹੈ ਅਤੇ ਉਸ ਦਾ ਤੇ ਫਲਸਤੀਨੀਆਂ ਦਾ ਇਸ ਜਗਤ 'ਚੋਂ ਨਾਮੋ-ਨਿਸ਼ਾਨ ਮਿਟਾਉਣ ਲਈ ਆਮਾਦਾ ਹੈ।


***ਫਲਸਤੀਨੀਆਂ ਦੀ ਨਸਲਕੁਸ਼ੀ 'ਤੇ ਆਮਾਦਾ ਇਜ਼ਰਾਇਲੀ ਹੁਕਮਰਾਨ***

ਮੀਕੋ ਪੇਲੇਡ ਇਜ਼ਰਾਇਲੀ ਫੌਜ ਦੇ ਇੱਕ ਜਨਰਲ ਦਾ ਪੁੱਤਰ ਹੈ ਅਤੇ ਲੇਖਕ ਹੋਣ ਦੇ ਨਾਲ ਨਾਲ ਉਹ ਸਮਾਜਿਕ ਕਾਰਕੁਨ ਵੀ ਹੈ। ਉਸ ਨੇ ਜਾਰੀ ਕੀਤੇ ਵੀਡੀਓ 'ਚ ਇਹ ਬਿਆਨ ਦਿੱਤਾ ਹੈ ਕਿ ਇਜ਼ਰਾਇਲੀ ਫੌਜ (ਆਈਡੀਐੱਫ) ਆਧੁਨਿਕਤਮ ਹਥਿਆਰਾਂ ਤੇ ਹੋਰ ਸਾਜ਼ੋ-ਸਮਾਨ ਨਾਲ ਲੈਸ, ਬਹੁਤ ਆਲੀਸ਼ਾਨ ਵਰਦੀਧਾਰੀ, ਪੂਰਨ ਰੂਪ 'ਚ ਸਿੱਖਿਅਤ, ਤਕਨੀਕੀ ਪੱਖੋਂ ਪੂਰੀ ਲੈਸ ਕੋਈ ਫੌਜੀ ਜੱਥੇਬੰਦੀ ਨਹੀਂ ਬਲਕਿ ਇਹ ਅਤਿਵਾਦੀ ਜੱਥੇਬੰਦੀ ਹੈ। ਉਸ ਨੇ ਆਪਣੀ ਇਸ ਗੱਲ ਦੀ ਹਮਾਇਤ ਵਿਚ ਇੱਕ ਘਟਨਾ ਦਾ ਜਿ ?ਕਰ ਕੀਤਾ ਹੈ ਕਿ ਕਿਵੇਂ 2007-08 ਵਿਚ ਇਜ਼ਰਾਇਲੀ ਫੌਜ ਨੇ 11 ਵੱਜ ਕੇ 25 ਮਿੰਟ 'ਤੇ ਇੱਕੋ ਸਮੇਂ ਹੀ ਸਕੂਲੀ ਬੱਚਿਆਂ 'ਤੇ ਬੰਬਾਰੀ ਕੀਤੀ ਸੀ। ਹਮਲੇ ਦਾ ਇਹ ਵਕਤ ਮਿਥਣਾ ਬਹੁਤ ਡੂੰਘੀ ਸਾਜਿ ?ਸ਼ ਦਾ ਹਿੱਸਾ ਸੀ ਜਿਸ ਮੁਤਾਬਕ ਇਜ਼ਰਾਇਲੀਆਂ ਨੇ ਫਲਸਤੀਨੀਆਂ ਦੀ ਵੱਡੇ ਪੱਧਰ 'ਤੇ ਨਸਲਕੁਸ਼ੀ ਕਰਨੀ ਹੈ। ਹਮਲੇ ਦਾ ਇਹ ਸਮਾਂ ਉਹ ਸਮਾਂ ਸੀ ਜਦੋਂ ਸਕੂਲੀ ਬੱਚਿਆਂ ਦੀ ਪਹਿਲੀ ਸਿ ?ਫਟ ਖਤਮ ਹੁੰਦੀ ਹੈ ਅਤੇ ਦੂਜੀ ਸ਼ੁਰੂ ਹੁੰਦੀ ਹੈ; ਭਾਵ, ਇਸ ਸਮੇਂ ਵੱਡੀ ਤਾਦਾਦ 'ਚ ਫਲਸਤੀਨੀ ਬੱਚੇ ਸੜਕਾਂ 'ਤੇ ਅਤੇ ਸਕੂਲਾਂ ਦੇ ਨੇੜੇ-ਤੇੜੇ ਹੁੰਦੇ ਹਨ; ਮਤਲਬ, ਬੱਚਿਆਂ ਨੂੰ ਮਾਰ ਕੇ ਫਲਸਤੀਨੀ ਕੌਮ ਨੂੰ ਹੀ ਨੇਸਤਨਾਬੂਦ ਕਰ ਦੇਣ ਦਾ ਇਜ਼ਰਾਇਲੀ ਹਾਕਮਾਂ ਦੇ ਮਨਸ਼ੇ ਜੱਗ ਜ਼ਾਹਿਰ ਹੁੰਦੇ ਹਨ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
780-258-5800
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

# ਸੁਪਰਫੂਡ ਮਸਟਰਡ ਸੀਡ, ਸਰਸੋਂ, ਰਾਈ ਦੇ ਜਾਦੂਗਰੀ ਫ਼ਾਇਦੇ ਤੇ ਕਨੋਲਾ ਦੀ ਸਟੋਰੀ



ਸੁਖਵਿੰਦਰ ਸਿੰਘ ਬਰਾੜ

ਸਰਸੋਂ ਲਗਭੱਗ ਪੰਜ ਹਜ਼ਾਰ ਸਾਲ ਤੋਂ ਵਿਸ਼ਵ ਭਰ ਵਿਚ ਉਗਾਈ ਤੇ ਇਸਤੇਮਾਲ ਕੀਤੀ ਜਾ ਰਹੀ ਹੈ। ਇਹ ਦੁਨੀਆਂ ਦਾ ਦੂਸਰਾ ਸਭ ਤੋਂ ਜ਼ਿਆਦਾ ਮਕਬੂਲ ਮਸਾਲਾ ਹੈ। ਸਰ੍ਹੋਂ ਨੂੰ ਇੰਡੀਆ, ਬੰਗਲਾਦੇਸ਼, ਚੀਨ, ਕੈਨੇਡਾ, ਪੋਲੈਂਡ, ਪਾਕਿਸਤਾਨ, ਫਰਾਂਸ ਅਤੇ ਸਵੀਡਨ ਵਿਚ ਉਗਾਇਆ ਜਾਂਦਾ ਹੈ।

ਸਰ੍ਹੋਂ, ਤੋਰੀਆ, ਤਾਰਾਮੀਰਾ, ਕਨੋਲਾ ਰੇਪਸੀਡ ਤੇ ਮਸਟਰਡ (Rapeseed and mustard) ਸ਼੍ਰੈਣੀ ਵਿਚ ਆਉਂਦੇ ਹਨ। ਕਨੋਲਾ ਦੋ ਰੇਪਸੀਡ ਕਿਸਮਾਂ (ਭਰਅਸਸਚਿਅ ਨਅਪੁਸ ਅਨਦ ਭਰਅਸਸਚਿਅ ਰਅਪਅ) ਨੂੰ ਮਿਲਾ ਕੇ ਡਾਕਟਰ ਬਾਲਦਰ ਸਟੀਫਨਸਨ ਤੇ ਕੀਥ ਡੌਨੀ (Dr. Baldur Stefansson and Keith Downey University of Manitoba) ਨੇ 1970 ਵਿਚ ਤਿਆਰ ਕੀਤਾ ਸੀ। ਜਿਸ ਵਿਚ ਇਰੂਸਿਕ ਐਸਿਡ (Erucic Acid) ਦੀ ਮਾਤਰਾ ਕਾਫ਼ੀ ਘੱਟ ਹੈ। ਇਸ ਤੇਲ ਦੀ ਮਾਰਕੀਟਿੰਗ ਕਰਨ ਲਈ ਇਸ ਦਾ ਨਾਂ ਲੋ ਇਰੂਸਿਕ ਐਸਿਡ ਰੇਪਸੀਡ (low erucic acid rapeseed LEAR) ਲੀਰ ਰੱਖਿਆ ਗਿਆ। ਪਰ ਗੋਰਿਆਂ ਨੇ ਇਸ ਤੇਲ ਨੂੰ ਬਹੁਤਾ ਪਸੰਦ ਨਹੀਂ ਕੀਤਾ ਕਿਉਂਕਿ ਨਾਂ ਦੇ ਪਿੱਛੇ ਰੇਪਸੀਡ ਲੱਗਾ ਸੀ ਤੇ ਉਹਨਾਂ ਨੂੰ ਰੇਪਸੀਡ ਵਿਚੋਂ ਮੁਸ਼ਕ ਆਉਂਦਾ ਸੀ। ਇਸ ਸਮੱਸਿਆ ਦਾ ਹੱਲ ਕਰਨ ਲਈ ਸਾਇੰਸਦਾਨਾਂ ਨੇ ਪਹਿਲਾਂ ਇਸ ਤੇਲ ਨੂੰ ਰੀਫ਼ਾਈਂਡ ਕੀਤਾ ਤੇ ਨਾਲੇ ਇਸ ਦਾ ਨਾਂ ਬਦਲ ਦਿੱਤਾ।(Canola : Can from Canada and OLA meaning Oil Low Acid)

1995 ਵਿਚ ਕਨੋਲਾ ਨੂੰ ਜੀ ਐਮ (Genetically modified) ਕਰ ਦਿੱਤਾ ਗਿਆ। ਮਿੱਟੀ ਵਿਚੋਂ ਉਹ ਬੈਕਟੀਰੀਆ ਦੀ ਖੋਜ ਕੀਤੀ ਗਈ ਜਿਹੜੇ ਰਾਊਂਡਅਪ ਸਪਰੇ (Roundup or Glyphosate) ਝੱਲ ਸਕਦੇ ਸਨ। ਇਹਨਾਂ ਬੇਕਟੀਰੀਆ ਦੇ ਜੀਨ ਕਨੋਲਾ ਵਿਚ ਪਾ ਕੇ ਰਾਊਂਡਅਪ ਰੈਡੀ ਕਨੋਲਾ ਤਿਆਰ ਕੀਤਾ ਗਿਆ। ਵੱਡੀਆਂ ਬੀਜ ਕੰਪਨੀਆਂ ਨੂੰ ਇਹ ਫਾਇਦਾ ਹੋਇਆ ਕਿ ਰਾਊਂਡਅਪ ਸਪਰੇ ਤੇ ਕਨੋਲਾ ਬੀਜ ਦੀ ਵਿਕਰੀ ਵਿਚ ਬਹੁਤ ਵਾਧਾ ਦਰਜ਼ ਹੋਇਆ। ਕਿਉਂਕਿ ਰਾਊਂਡਅਪ ਰੈਡੀ ਕਨੋਲਾ ਤੇ ਰਾਊਂਡਅਪ ਸਪਰੇ ਦਾ ਕੋਈ ਮਾੜਾ ਅਸਰ ਨਹੀਂ ਹੁੰਦਾ ਪਰ ਬਾਕੀ ਦੇ ਸਾਰੇ ਨਦੀਨ ਮਰ ਜਾਂਦੇ ਹਨ।



ਤੁਹਾਨੂੰ ਹੁਣ ਦੂਹਰੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਇਕ ਤਾਂ ਕਨੋਲਾ ਜੀ ਐਮ ਤੇ ਦੂਸਰਾ ਰਾਊਂਡਅਪ ਸਪਰੇ ਦਾ ਸਿਹਤ ਤੇ ਬੁਰਾ ਪ੍ਰਭਾਵ।



ਕੈਨੇਡਾ ਤੇ ਅਮਰੀਕਾ ਵਿਚ 85-90 % ਜੀ ਐਮ ਕਨੋਲਾ ਹੀ ਉਗਾਇਆ ਜਾਂਦਾ ਹੈ। ਉੱਤੋਂ ਸਰਕਾਰ ਕਨੋਲਾ ਉਤਪਾਦਕਾਂ ਨੂੰ ਦਿਲ ਖੋਲ੍ਹ ਕੇ ਸਬਸਿਡੀ ਦੇ ਰਹੀ ਹੈ ਜਿਸ ਕਾਰਨ ਕਨੋਲਾ ਤੇਲ ਸਭ ਤੇਲਾਂ ਦੇ ਮੁਕਾਬਲੇ ਸਸਤਾ ਵਿਕਦਾ ਹੈ ਜਿਸ ਦਾ ਸਭ ਤੋਂ ਵੱਧ ਖਮਿਆਜ਼ਾ ਪੰਜਾਬੀ ਹੀ ਭੁਗਤ ਰਹੇ ਹਨ। ਸਸਤੇ ਮਗਰ ਲੱਗ ਕੇ ਆਪਣੀ ਸਿਹਤ ਖਰਾਬ ਕਰ ਰਹੇ ਹਨ।

ਹੇਠ ਲਿਖੇ ਫ਼ਾਇਦੇ ਪੜ੍ਹ ਕੇ ਤੁਸੀਂ ਮਸਟਰਡ ਪਾਊਡਰ ਵਰਤਨ ਲਈ ਜ਼ਰੂਰ ਮਜ਼ਬੂਰ ਹੋ ਜਾਵੋਗੇ।

ਮਸਟਰਡ ਜਾਂ ਸਰਸੋਂ ਦੇ ਬੀਜਾਂ ਵਿਚ ਪ੍ਰੋਟੀਨ, ਕੈਲਸ਼ੀਅਮ, ਮੈਗਨੀਸ਼ੀਅਮ, ਮੈਂਗਾਨੀਜ਼, ਫਾਸਫੋਰਸ, ਲੋਹਾ, ਤਾਂਬਾ, ਸੈਲੇਨੀਅਮ, ਰੇਸ਼ੇ, ਵਿਟਾਮਿਨ ਏ, ਸੀ, ਈ, ਕੇ, ਬੀ ਕੰਪਲੈਕਸ, ਓਮੇਗਾ 3, ਓਮੇਗਾ 6, ਫਾਈਟੋ -ਨੂਟਰੀਐਂਟਸ ਤੇ ਐਂਟੀਆਕਸੀਡੈਂਟਸ ਪਾਏ ਜਾਂਦੇ ਹਨ।

ਸਰਸੋਂ ਦੇ ਬੀਜ ਹੇਠ ਲਿਖੀਆਂ ਬੀਮਾਰੀਆਂ ਲਈ ਬਹੁਤ ਲਾਹੇਵੰਦ ਹਨ।

ਸਰਸੋਂ ਦੇ ਬੀਜਾਂ ਵਿਚ ਕੈਂਸਰ ਵਿਰੋਧੀ, ਬੈਕਟੀਰੀਆ, ਵਾਇਰਸ, ਫੰਗਸ, ਸੋਜ਼ਸ ਵਿਰੋਧੀ ਤੋਂ ਇਲਾਵਾ ਜ਼ਖ਼ਮ ਭਰਨ ਵਾਲੇ ਗੁਣ ਪਾਏ ਜਾਂਦੇ ਹਨ। ਸ਼ਹਿਦ ਨਾਲ ਮਿਲਾ ਕੇ ਸੇਵਨ ਕਰਣ ਨਾਲ ਆਵਾਜ਼ ਸਾਫ਼ ਤੇ ਸ਼ੁੱਧ ਹੋ ਜਾਂਦੀ ਹੈ।

**ਸਰ੍ਹੋਂ ਬੀਜ ਦਾ ਪਾਊਡਰ:**

ਮਸਲਜ਼ ਦੀ ਖਿਚ ਜਾਂ ਜਕੜਨ ਨੂੰ ਠੀਕ ਕਰਦਾ ਹੈ।

ਗਲੇ ਵਿਚੋਂ ਬਲਗਮ ਬਾਹਰ ਕੱਢਦਾ ਹੈ।

ਸਰੀਰਕ ਜੋੜ੍ਹਾਂ ਤੇ ਬਾਡੀ ਪੇਨ ਨੂੰ ਘਟਾਉਂਦਾ ਹੈ।

ਇਸ ਵਿਚਲੇ ਓਮੇਗਾ 3 ਫੈਟੀ ਐਸਿਡ ਦਿਲ ਦੇ ਰੋਗਾਂ ਤੋਂ ਬਚਾਉਂਦੇ ਹਨ।

ਮੂੰਹ ਵਿਚਲੀ ਦੁਰਗੰਧ ਨੂੰ ਮਿਟਾਉਂਦਾ ਹੈ।

ਬਲੈਡਰ, ਸਰਵਾਈਕਲ ਤੇ ਕੋਲਨ ਕੈਂਸਰ ਹੋਣ ਤੋਂ ਰੋਕਦਾ ਹੈ।

ਸਰਸੋਂ ਵਿਚਲਾ ਫਾਸਫੋਰਸ ਕਾਰਬੋਹਾਈਡਰੇਟ, ਪ੍ਰੋਟੀਨ ਤੇ ਫੈਟ ਦਾ ਮੈਟਾਬੋਲਿਜ਼ਮ ਤੇਜ਼ ਕਰਦਾ ਹੈ।

ਸਿਰ ਦੀ ਖੋਪੜੀ ਵਿਚ ਖ਼ੂਨ ਦਾ ਦੌਰਾ ਤੇਜ਼ ਕਰਕੇ ਵਾਲਾਂ ਨੂੰ ਮਜ਼ਬੂਤੀ ਦਿੰਦਾ ਹੈ ਤੇ ਵਾਲ ਝੜਨੇ ਬੰਦ ਕਰਦਾ ਹੈ।

ਇਸ ਵਿਚ ਕੈਲਸ਼ੀਅਮ, ਮੈਗਨੀਸ਼ੀਅਮ ਤੇ ਫਾਸਫੋਰਸ ਹੁੰਦੇ ਹਨ ਜੋ ਹੱਡੀਆਂ ਤੇ ਦੰਦਾ ਨੂੰ ਮਜ਼ਬੂਤ ਕਰਦੇ ਹਨ।

ਠੰਡ, ਨਜ਼ਲਾ, ਜ਼ੁਕਾਮ ਤੋਂ ਬਚਾਉਂਦਾ ਹੈ ਤੇ ਫ਼ੈਫੜੇ, ਸਾਹ ਰਸਤੇ ਖ੍ਹੋਲਦਾ ਹੈ।

ਬਲੱਡ ਪਲੇਟਲੈਟਸ ਨੂੰ ਜੁੜਣ ਤੋਂ ਰੋਕਦਾ ਹੈ ਤੇ ਹਰਟ ਅਟੈਕ, ਬਰੇਨ ਸਟ੍ਰੋਕ ਤੋਂ ਬਚਾਉਂਦਾ ਹੈ।

ਇਸ ਵਿਚਲੇ ਵਿਟਾਮਿਨ ਸੀ, ਈ ਤੇ ਹੋਰ ਐਂਟੀਆਕਸੀਡੈਂਟ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹਨ।

ਇਹ ਮਾੜੇ ਕੋਲੈਸਟਰੌਲ ਤੇ ਲਿਵਰ ਫੈਟ ਨੂੰ ਘੱਟ ਕਰਦਾ ਹੈ।

ਮਾਈਗ੍ਰੇਨ ਲਈ ਇਹ ਬਹੁਤ ਲਾਹੇਵੰਦ ਹੈ।

ਚਮੜੀ ਦੇ ਰੋਗਾਂ ਜਿਵੇਂ ਕਿੱਲ ਮੁਹਾਸੇ, ਡਰਮੇਟਾਈਟਸ, ਐਕਜ਼ੀਮਾ ਆਦਿ ਨੂੰ ਠੀਕ ਕਰਦਾ ਹੈ।

ਇਹ ਬਲੱਡ ਸੁਗਰ ਘਟਾਉਂਦਾ ਹੈ।

**ਹਿਚਕੀ ਦਾ ਤੁਰੰਤ ਇਲਾਜ:** ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਜਦੋਂ ਹਿਚਕੀ ਲੱਗ ਜਾਂਦੀ ਹੈ ਤਾਂ ਬਹੁਤ ਪ੍ਰੈਸ਼ਾਨ ਕਰਦੀ ਹੈ ਤੇ ਇਸਦਾ ਡਾਕਟਰੀ ਇਲਾਜ ਵੀ ਕੋਈ ਨਹੀਂ ਵੈਸੇ ਇਕ ਦੋ ਟੋਟਕੇ ਜ਼ਰੂਰ ਪ੍ਰਚੱਲਤ ਹਨ। ਇਕ ਖਾਲੀ ਚਮਚਾ ਲਵੋ ਤੇ ਉਸ ਵਿਚ ਦੋ ਚੂੰਢੀਆਂ ਮਸਟਰਡ ਪਾਊਡਰ ਪਾਓ ਥੋੜ੍ਹਾ ਜਿਹਾ ਸਿਰਕਾ ਪਾ ਕੇ ਟੂਥਪਿਕ ਨਾਲ ਮਿਕਸ ਕਰ ਲਵੋ। ਹੁਣ ਇਸ ਮਿਸ਼ਰਣ ਨੂੰ ਜੀਭ ਤੇ ਸਪਰੈਡ ਕਰ ਲਵੋ। ਹਿਚਕੀ ਤੁਰੰਤ ਹਟ ਜਾਵੇਗੀ। ਬਾਅਦ ਵਿਚ ਕੁਰਲੀ ਕਰ ਲਵੋ।

ਗਰਮ ਪਾਣੀ ਵਿਚ ਦੋ ਵੱਡੇ ਚਮਚੇ ਸਰ੍ਹੋਂ ਦਾ ਪਾਊਡਰ ਪਾ ਕੇ ਪੈਰ ਡੁਬਾਉਣ ਨਾਲ ਖੰਘ (ਬਰੋਨਚਹਟਿਸਿ) ਤੁਰੰਤ ਠੀਕ ਹੋ ਜਾਂਦੀ ਹੈ। ਜਾਂ ਦੋ ਚਮਚੇ ਸਰ੍ਹੋਂ ਪਾਊਡਰ ਨੂੰ ਜੁਰਾਬਾਂ ਵਿਚ ਪਾ ਕੇ ਸੌਂ ਜਾਓ ਜੁਰਾਬਾਂ ਸਮੇਤ।

ਸਰ੍ਹੋਂ ਬੀਜ ਪਾਊਡਰ ਦੀ ਚਾਹ ਬਣਾ ਕੇ ਗਰਾਰੇ ਕਰਨ ਨਾਲ ਗਲਾ ਤੇ ਨੱਕ ਸਾਫ਼ ਹੋ ਜਾਂਦਾ ਹੈ। ਤੇ ਇਸ ਦੀ ਚਾਹ ਪੀਣ ਨਾਲ ਮਿਹਦੇ ਵਿਚੋਂ ਕੋਈ ਵੀ ਜ਼ਹਿਰ ਜਿਵੇਂ ਕਿ ਜ਼ਿਆਦਾ ਸ਼ਰਾਬ, ਜ਼ਹਿਰੀਲੀ ਦਵਾ ਜਾਂ ਸਪਰੇ ਪੀਣ ਮਗਰੋਂ ਤੁਰੰਤ ਉਲਟੀਆਂ ਲਗਾ ਕੇ ਬਾਹਰ ਨਿਕਲ ਜਾਂਦੀ ਹੈ।

ਸਰ੍ਹੋਂ ਦੇ ਪਾਊਡਰ ਦਾ ਲੇਪ: ਤਿੰਨ ਚਾਰ ਚਮਚੇ ਸਰ੍ਹੋਂ ਪਾਊਡਰ ਲਵੋ ਵਿਚ ਪਾਓ ਇਕ ਦੋ ਚਮਚੇ ਗਰਮ ਪਾਣੀ ਤੇ ਲੇਪ ਤਿਆਰ ਕਰ ਲਵੋ। ਇਹ ਲੇਪ ਬਹੁਤਾ ਸੰਘਣਾ ਜਾਂ ਢਿੱਲਾ ਨਹੀਂ ਹੋਣਾ ਚਾਹੀਦਾ। ਇਸ ਨੂੰ ਕਿਸੇ ਸੂਤੀ ਟਾਵਲ ਜਾਂ ਕੱਪੜੇ ਤੇ ਪਤਲਾ ਪਤਲਾ ਵਿਛਾ ਲਵੋ ਤੇ ਦੂਹਰਾ ਕਰ ਲਵੋ। ਜਿੱਥੇ ਵੀ ਤੁਹਾਨੂੰ ਦਰਦ ਹੁੰਦਾ ਹੋਵੇ ਜਾਂ ਕੋਈ ਚਮੜੀ ਰੋਗ ਹੋਵੇ ਉੱਥੇ 10-15 ਮਿੰਟ ਲਈ ਰੱਖੋ। ਤੁਰੰਤ ਰਾਹਤ ਮਿਲੇਗੀ। ਯਾਦ ਰਹੇ ਇਹ ਲੇਪ ਸਿੱਧਾ ਚਮੜੀ ਨਾਲ ਟੱਚ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਛਾਲੇ ਵੀ ਹੋ ਸਕਦੇ ਹਨ। ਹੋ ਸਕੇ ਤਾ ਲੇਪ ਵਾਲੇ ਕੱਪੜੇ ਨੂੰ ਗਰਮ ਪਾਣੀ ਦੀ ਬੋਤਲ ਜਾਂ ਵਾਰਮਰ ਨਾਲ ਗਰਮ ਰੱਖੋ।

**ਸਲਾਦ ਡਰੈਸਿੰਗ :** ਸਰ੍ਹੋਂ ਪਾਊਡਰ ਨੂੰ ਜੈਤੂਨ ਦਾ ਤੇਲ ਤੇ ਸੇਬਾਂ ਦੇ ਸਿਰਕੇ ਨਾਲ ਮਿਲਾ ਕੇ ਬਹੁਤ ਵਧੀਆ ਡਰੈਸਿੰਗ ਤਿਆਰ ਹੁੰਦੀ ਹੈ।

ਮੈਰੀਨੇਡ: ਮਸਟਰਡ ਪਾਊਡਰ ਨੂੰ ਮੱਛੀ, ਮੁਰਗਾ ਤੇ ਮੀਟ ਨੂੰ ਮੈਰੀਨੇਟ ਕਰਨ ਲਈ ਵਰਤੋ। ਇਹ ਮੀਟ ਨੂੰ ਬਹੁਤ ਵਧੀਆ ਮੁਲਾਇਮ, ਟੈਂਡਰ ਤੇ ਜਿਊਸੀ ਬਣਾਉਂਦਾ ਹੈ ਤੇ ਬੈਕਟੀਰੀਆ ਨੂੰ ਮਾਰਦਾ ਹੈ।

**ਸੈਂਡਵਿਚ:** ਮਸਟਰਡ ਪੇਸਟ ਨੂੰ ਸੈਂਡਵਿਚ ਤੇ ਕੈਚਅਪ, ਮੇਨਸ ਦੀ ਜਗਹ ਇਸਤੇਮਾਲ ਕਰੋ ਬਹੁਤ ਵਧੀਆ ਫਲੇਵਰ ਆਏਗੀ।

**ਸੂਪ:** ਕਿਸੇ ਵੀ ਚੀਜ਼ ਦਾ ਸੂਪ ਤਿਆਰ ਕਰਨ ਵੇਲੇ ਇਕ ਚਮਚਾ ਮਸਟਰਡ ਪਾਊਡਰ ਮਿਕਸ ਕਰੋ। ਸੂਪ ਗਾੜ੍ਹਾ ਵੀ ਬਣੇਗਾ ਤੇ ਸੁਆਦ ਵੀ ਚਟਪਟਾ ਆਵੇਗਾ। ਮਸਟਰਡ ਸੀਡ ਇਕ ਬੇਹਤਰੀਨ ਹੀਰਾ ਹੈ ਜੋ ਕਿ ਹਰ ਡਿਸ਼ ਨੂੰ ਚਾਰ ਚੰਦ ਲਗਾ ਦਿੰਦਾ ਹੈ। ਇਹ ਲਗਭਗ ਹਰੇਕ ਮਸਾਲੇ, ਕਰੀ ਪਾਊਡਰ ਆਦਿ ਵਿਚ ਪਾਇਆ ਜਾਂਦਾ ਹੈ। ਤੁਸੀਂ ਹਨੀ ਮਸਟਰਡ ਦਾ ਟੇਸਟ ਜ਼ਰੂਰ ਕੀਤਾ ਹੋਵੇਗਾ। ਮਸਟਰਡ ਪਾਊਡਰ ਨੂੰ ਆਪਣਾ ਬੈਸਟ ਫਰਿੰਡ ਬਣਾਉ ਤੇ ਰੋਜ਼ਾਨਾ ਇਸਤੇਮਾਲ ਕਰੋ।

# —ਹੰਸ ਰਾਜ ਹੰਸ—



ਤਰਸੇਮ ਬਸ਼ਰ

ਰੇਡੀਓ ਦੀ ਇੱਕ ਪਰੇਂਕ ਕਾਲ ਚ ਰੇਡੀਓ ਹੋਸਟ ਅਤੇ ਸਰਦੂਲ ਸਿਕੰਦਰ ਦਾ ਪਰਿਵਾਰ ਹੰਸ ਰਾਜ ਹੰਸ ਨੂੰ ਕਾਲ ਕਰਦਾ ਹੈ ਕਿ ਜਲੰਧਰ ਸ਼ਹਿਰ ਚ ਟਰੈਫਿਕ ਪੁਲਿਸ ਤੰਗ ਕਰ ਰਹੀ ਹੈ । ਹੰਸ ਭਾ ਨੂੰ ਨਹੀਂ ਪਤਾ ਕਿ ਉਸ ਨੂੰ ਮਜਾਕ ਕੀਤਾ ਜਾ ਰਿਹਾ ਹੈ , ਉਹ ਆਪਣੇ ਸਵਰਗਵਾਸੀ ਗਾਇਕ ਮਿੱਤਰ ਦੇ ਪਰਿਵਾਰ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ ।

ਉਸ ਦੀ ਆਵਾਜ਼ 'ਚ ਹਲੀਮੀ ਹੈ , ਦੋਸਤ ਦੇ ਪਰਿਵਾਰ ਵਾਸਤੇ ਅਪਣੱਤ ਵੀ । ਇਸ ਮਜਾਕ ਵਿੱਚ ਜ਼ਿਕਰ ਇਹ ਵੀ ਹੈ ਕਿ ਟਰੈਫਿਕ ਪੁਲਿਸ ਵਾਲਾ ਹੰਸ ਨੂੰ ਕਹਿੰਦਾ ਹੈ ਕਿ ਮੈਂ ਤੁਹਾਨੂੰ ਨਹੀਂ ਜਾਣਦਾ ਕਿ ਤੁਸੀਂ ਕੌਣ ਹੋ ।

ਇਸ ਗੁਸਤਾਖੀ ਦਾ ਵੀ ਹੰਸ ਰਾਜ ਹੰਸ ਦੇ ਲਹਿਜੇ ਤੇ ਕੋਈ ਫਰਕ ਨਹੀਂ ਪੈਂਦਾ , ਉਹ ਤਹੰਮਲ ਨਾਲ ਕਹਿੰਦੇ ਹਨ ਕਿ ਮੈਂ ਆ ਕੇ ਤੁਹਾਨੂੰ ਮਿਲ ਲਵਾਂਗਾ , ਇਹਨਾਂ ਨੂੰ ਜਾਣ ਦਿਓ। ਉਹ ਉਸ ਨਾਲ ਬੇਨਤੀ ਦੇ ਲਹਿਜੇ ਵਿੱਚ ਹੀ ਗੱਲ ਕਰਦੇ ਹਨ ।

ਇਨੇ ਵੱਡੇ ਨਾਮ ਵਾਲੇ ਫਨਕਾਰ ਤੇ ਮੌਜੂਦਾ ਸੰਸਦ ਮੈਂਬਰ ਨੂੰ ਕੋਈ ਇਹ ਕਹਿ ਰਿਹਾ ਸੀ ਕਿ ਉਹ ਉਹਨਾਂ ਨੂੰ ਨਹੀਂ ਜਾਣਦਾ , ਪਰ ਹੰਸ ਰਾਜ ਹੰਸ ਨੇ ਨਿਮਰਤਾ ਦਾ ਪੱਲਾ ਫਿਰ ਵੀ ਨਹੀਂ ਸੀ ਛੱਡਿਆ । ਭਾਵੇਂ ਇਹ ਮਜ਼ਾਕ ਦਾ ਵਿਸ਼ਾ ਸੀ ਪਰ ਹੰਸ ਰਾਜ ਹੰਸ ਦੀ ਸਰਦੂਲ ਸਿਕੰਦਰ ਦੇ ਪਰਿਵਾਰ ਪ੍ਰਤੀ ਅਪਨਤ ਦੇਖਣ ਵਾਲੀ ਹੈ , ਹਲੀਮੀ ਵੀ।

ਕੁਝ ਦਿਨ ਪਹਿਲਾਂ ਹੀ ਅਰੁਣਜੋਤ ਸੋਢੀ ਦੀ ਹੰਸਰਾਜ ਹੰਸ ਨਾਲ ਮੁਲਾਕਾਤ ਸੁਣਨ ਦਾ ਮੌਕਾ ਮਿਲਿਆ ।

ਮੈਨੂੰ ਲਗਦਾ ਹੈ ਕਿ ਪੰਜਾਬੀ ਗਾਇਕੀ ਵਿੱਚ ਹੰਸ ਰਾਜ ਹੰਸ ਤੋਂ ਸੋਹਣੀ ਗੱਲਬਾਤ ਹੋਰ ਕੋਈ ਨਹੀਂ ਕਰ ਸਕਦਾ। ਮੁਲਾਕਾਤ ਵਿੱਚ ਇੱਕ ਮਰਹਲਾ ਉਹ ਵੀ ਆਉਂਦਾ ਹੈ ਜਦੋਂ ਹੰਸਰਾਜ ਹੰਸ ਭਾਵਕ ਹੋ ਕੇ 'ਤੁਰ ਗਏ' ਮਿੱਤਰਾਂ ਦਾ ਜ਼ਿਕਰ ਕਰਦੇ ਹਨ , ਦੱਸਦੇ ਹਨ ਕਿ ਕਈ ਵਰਿਆਂ ਬਾਅਦ ਜਦੋਂ ਪਿੰਡ ਗਏ ਤਾਂ ਪਿੰਡ ਵਿੱਚ ਕਈ ਔਰਤਾਂ ਤੇ ਸਿਰ ਤੇ ਚਿੱਟੀਆਂ ਚੁੰਨੀਆਂ ਦੇਖ ਕੇ ਮਨ ਦੁੱਖ ਨਾਲ ਭਰ ਗਿਆ , ਭੱਜ ਦੌੜ ਦੀ ਜਿੰਦਗੀ ਵਿੱਚ ਮੇਰੀ ਜਿਹਨ ਵਿੱਚ ਕਦੇ ਆਇਆ ਹੀ ਨਹੀਂ ਕਿ ਮੇਰੇ ਸੰਗੀ ਸਾਥੀ ਦੁਨੀਆ ਤੋਂ ਰੁਖਸਤ ਹੋ ਰਹੇ ਹਨ।ਲੋਕ ਤੁਰੇ ਜਾ ਰਹੇ ਹਨ ਉਹ ਅੱਖਾਂ ਭਰ ਆਉਂਦੇ ਹਨ ।

ਹੰਸਰਾਜ ਹੰਸ ਕੋਲ ਜਿੱਥੇ ਗਾਇਕੀ ਦੀ ਕਲਾ ਹੈ ਉੱਥੇ ਉਸ ਕੋਲ ਲਫਜ਼ਾਂ ਦਾ ਵੱਡਾ ਭੰਡਾਰ ਹੈ ਤੇ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਹਿਣ ਦਾ ਵੀ ਹੁਨਰ ਹੈ । ਅਜੀਮ ਫ਼ਨਕਾਰ ਹੈ,ਅਜੀਮ ਇਨਸਾਨ ਵੀ।ਰਾਜਨੀਤੀ ਵਿੱਚ ਆਉਣ ਤੋਂ ਬਾਅਦ ਆਪਣੀ ਘੁਟਣ ਦਾ ਵੀ ਇਜ਼ਹਾਰ ਕਰਨ ਤੋਂ ਕੋਈ ਝਿਜਕ ਨਹੀਂ ਦੇਖੀ ਗਈ , ਉਹ ਅਕਸਰ ਕਹਿੰਦੇ ਰਹਿੰਦੇ ਹਨ ਕਿ ਰਾਜਨੀਤੀ ਸਾਡੇ ਵਰਗੇ ਲੋਕਾਂ ਲਈ ਮੁਫੀਦ ਨਹੀਂ।

ਇੱਕ ਸੂਖਮ ਬਿਰਤੀ ਦੇ ਫਨਕਾਰ ਦਾ ਕਬੂਲਨਾਮਾ ।



ਪਰ ਫਿਰ ਵੀ ਅਜਿਹਾ ਕੁਝ ਵਾਪਰਿਆ ਹੈ ਜਿਸ ਕਾਰਨ ਬਹੁਤ ਸਾਰੇ ਪੰਜਾਬੀਆਂ ਦੀ ਉਨਾਂ ਪ੍ਰਤੀ ਰਾਏ ਵਧੀਆ ਨਹੀਂ ਰਹੀ ਹੈ ।

ਗਾਇਕੀ ਅਤੇ ਜ਼ਿੰਦਗੀ ਦੇ ਅਮਲ ਪ੍ਰਤੀ ਸੰਜੀਦਗੀ ਦੇ ਬਾਵਜੂਦ ਅਜਿਹਾ ਕਿਉਂ ਹੈ ਇਹ ਸਮਝਣਾ ਇੰਨਾ ਆਸਾਨ ਤਾਂ ਨਹੀਂ ,ਪਰ ਮੈਂ ਹੰਸ ਰਾਜ ਹੰਸ ਦੇ ਵਿਰੋਧੀਆਂ ਦੀ ਉਸ ਗੱਲ ਨਾਲ ਕਦੇ ਸਹਿਮਤ ਨਹੀਂ ਹੋ ਸਕਿਆ ਜਿਸ ਵਿੱਚ ਉਹ ਹੰਸ ਰਾਜ ਹੰਸ ਨੂੰ ਸਿਰੇ ਦਾ ਮਤਲਬ ਪ੍ਰਸਤ ਬੰਦਾ ਦੱਸਦੇ ਹਨ , ਉਸ ਦੇ ਸੰਵੇਦਨਹੀਨ ਹੋਣ ਨੂੰ ਤਾਂ ਕਤਈ ਨਹੀਂ ਮੰਨਿਆ ਜਾ ਸਕਦਾ । ਉਹਨਾਂ ਦੇ ਹਰ ਗੀਤ ਦੇ ਮਾਇਨੇ ਰਹੇ ਹਨ ਅਤੇ ਕਾਰ ਵਿਹਾਰ ਵਿੱਚ ਅਦਬ , ਤੇ ਗਾਇਕੀ ਵਿੱਚ ਸਲੀਕਾ ।

ਵਿਰੋਧ ਅਤੇ ਆਲੋਚਨਾ ਦਾ ਮਾਹੌਲ ਸ਼ਾਇਦ ਹੰਸ ਦੇ ਰਾਜਨੀਤਿਕ ਫੈਸਲਿਆਂ ਦੇ ਕਰਕੇ ਹੈ ।ਮੈਨੂੰ ਅਕਸਰ ਲੱਗਦਾ ਹੈ ਜਿੰਨਾ ਉੱਚਾ ਮਰਤਬਾ ਪੰਜਾਬੀਆਂ ਨੇ ਹੰਸਰਾਜ ਹੰਸ ਨੂੰ ਦਿੱਤਾ ਹੋਇਆ ਸੀ ਦਿੱਤਾ ਹੋਇਆ ਹੈ ਉਸ ਨੂੰ ਰਾਜਨੀਤਿਕ ਦੌੜ ਵਿੱਚ ਨਹੀਂ ਸੀ ਦੌੜਨਾ ਚਾਹੀਦਾ, ਉਹਨਾਂ ਨੂੰ ਬੜੀ ਇੱਜਤ ਮਿਲੀ ਹੋਈ ਸੀ ਕਿਸੇ ਤਾਕਤਵਰ ਰਾਜਨੀਤਿਕ ਵਾਨ ਤੋਂ ਵੀ ਵੱਧ।ਪੰਜਾਬੀਆਂ ਨੂੰ ਵੀ ਇਹ ਗੱਲ ਸਮਝਣ ਦੀ ਲੋੜ ਹੈ ਕਿ ਕਿਸੇ ਦੀ ਜ਼ਿੰਦਗੀ ਵਿੱਚ ਕੁਝ ਫੈਸਲੇ ਅਜਿਹੇ ਹੁੰਦੇ ਹਨ ਜਿਸ ਨਾਲ ਉਸਦੇ ਅਕਸ ਨੂੰ ਢਾਹ ਲੱਗਦੀ ਹੈ ਪਰ ਫਿਰ ਵੀ ਉਸਦੀ ਦੇਣ ਉਸਦੀ ਸ਼ਖਸ਼ੀਅਤ ਨੂੰ ÷ਬਿਲਕੁਲ ਦਰਕਨਾਰ ਨਹੀਂ ਕੀਤਾ ਜਾਣਾ ਚਾਹੀਦਾ , ਇਹ ਨਹੀਂ ਹੋਣਾ ਚਾਹੀਦਾ ਕਿ ਉਸ ਦੀ ਕਾਬਲੀਅਤ ਅਤੇ ਉਸ ਦੀ ਪੰਜਾਬੀ ਵਿਰਸੇ ਦੇ ਦੇਣ ਨੂੰ ਮਨਫੀ ਕਰਕੇ ਹੀ ਰੱਖ ਦਿਓ ।

ਪਤਾ ਨਹੀਂ ਮੈਨੂੰ ਕਿਉਂ ਲੱਗਦਾ ਹੈ ਹੰਸ ਰਾਜ ਹੰਸ ਰਾਜਨੀਤੀ ਚੋ ਵਾਪਸ ਆ ਕੇ ਫਿਰ ਤੋਂ ਸੂਫੀਆਨਾਦਰਵੇਸ਼ ਵਜੋਂ ਵਿਚਰੇਗਾ ।

ਬੇਸ਼ੱਕਖਾਹਿਸ਼ਾਂ ਆਦਮੀ ਦੀਆਂ ਕਮਜ਼ੋਰੀ ਰਹੀਆਂ ਹਨ , ਪਰ ਕਿਸੇ ਮਰਹਲੇ ਤੇ ਜਾ ਕੇ ਫਿਰ ਬੰਦੇ ਨੂੰ ਅਹਿਸਾਸ ਹੁੰਦਾ ਹੈ ਕਿ ਮੈਂ ਇਸ ਕੰਮ ਲਈ ਨਹੀਂ ਸੀ ਬਣਿਆ ।

ਵੈਸੇ ਪੰਜਾਬੀਆਂ ਦੀ ਇੱਕ ਆਦਤ ਇਹ ਵੀ ਰਹੀ ਹੈ ਕਿ ਇਹ ਆਪਣੇ ਗਾਇਕਾਂ ਅਤੇ ਫਿਲਮੀ ਹੀਰੋ ਚੋਂ ਆਪਣਾ ਆਦਰਸ਼ ਨਾਇਕ ਵੀ ਲੱਭਣਾ ਚਾਹੁੰਦੇ ਹਨ ,ਪਰ ਉਹ ਅਕਸਰ ਇਸ ਦੇ ਨੇੜੇ ਤੇੜੇ ਵੀ ਨਹੀਂ ਹੁੰਦੇ । ਫਨਕਾਰ ਵੀ ਆਮ ਇਨਸਾਨ ਹੀ ਹੁੰਦੇ ਹਨ , ਪਰ ਕੁਝ ਕੁ ਬਿਹਤਰ ਇਨਸਾਨ ਵੀ ਹੁੰਦੇ ਹਨ ਜੋ ਅਕਸਰ ਖਾਹਿਸ਼ਾਂ ਦੇ ਗੇੜ ਵਿੱਚ ਘੁੰਮਣ ਤੋਂ ਬਾਅਦ ਵਾਪਸ ਆਉਂਦੇ ਹਨ ।

ਉਨਾਂ ਬਾਰੇ ਜਿਆਦਾ ਉਮੀਦ ਕੀਤੀ ਜਾਂਦੀ ਹੈ ਜੋ ਸਾਹਿਤ ਦੇ ਨੇੜੇ ਹੋਣ ਜਿਨਾਂ ਨੂੰ ਸਾਹਿਤ ਦੀ ਸਮਝ ਹੋਵੇ।

ਹੰਸ ਦੀ ਸਾਹਿਤ ਨੇੜਤਾ ਨੂੰ ਕੌਣ ਨਹੀਂ ਜਾਣਦਾ , ਚਲਦੀ ਗੱਲਬਾਤ ਵਿੱਚ ਸੂਫੀ ਕਲਾਮ , ਅਦਬ ,ਕਲਾਮ, ਸੁਰ ਕਦੇ ਉਹਨਾਂ ਨੂੰ ਯਾਦ ਨਹੀਂ ਕਰਨੇ ਪੈਂਦੇ ਲਗਦੈ ਉਹ ਸਭ ਰੂਹ ਚ ਹਨ ।
















# ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਦਾ ਸਾਲਾਨਾ ਸਮਾਗਮ ਯਾਦਗਾਰੀ ਰਿਹਾ






ਖਡੂਰ ਸਾਹਿਬ (ਤਰਨ ਤਾਰਨ) (ਜਗਦੇਵ ਸਿੱਧੂ) ਕਾਰ ਸੇਵਾ ਵਾਲ਼ੇ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚਲ ਰਹੇ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਖਡੂਰ ਸਾਹਿਬ ਦਾ ਸੱਤਵਾਂ ਸਾਲਾਨਾ ਇਨਾਮ-ਵੰਡ ਸਮਾਗਮ ਸਕੂਲ ਦੀ ਆਲੀਸ਼ਾਨ ਇਮਾਰਤ ਦੇ ਖੁੱਲ੍ਹੇ ਮੈਦਾਨ ਵਿਚ ਲਾਏ ਪੰਡਾਲ ਵਿਚ ਹੋਇਆ, ਜਿਸ ਵਿਚ ਪੰਜਾਬ ਹਰਿਆਣਾ ਹਾਈਕੋਰਟ ਦੇ ਸੇਵਾ-ਮੁਕਤ ਜਸਟਿਸ ਹਰਮਿੰਦਰ ਸਿੰਘ ਮਦਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਦਾ ਅਰੰਭ ਸਕੂਲ ਦੇ ਛੋਟੇ ਬੱਚਿਆਂ ਦੁਆਰਾ ਕੀਤੇ ਸ਼ਬਦ ਗਾਇਨ ਅਤੇ ਸਵਾਗਤੀ ਗੀਤ ਨਾਲ਼ ਹੋਇਆ। ਸਕੂਲ ਦੇ ਪ੍ਰਿੰਸੀਪਲ ਸਰਦਾਰ ਅਮਰਜੀਤ ਸਿੰਘ ਨੇ ਸਾਲਾਨਾ ਰਿਪੋਰਟ ਪੜ੍ਹੀ ਜਿਸ ਵਿਚ ਪਿਛਲੇ ਸਾਲ ਦੌਰਾਨ ਵਿਦਿਆਰਥੀਆਂ ਦੇ ਸ਼ਾਨਦਾਰ ਨਤੀਜਿਆਂ, ਉਨ੍ਹਾਂ ਦੁਆਰਾ ਜ਼ਿਲੇ ਅਤੇ ਸੂਬਾ ਪੱਧਰ ਤੇ ਉਪਰਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਸਮੇਤ ਖੇਡਾਂ ਦੇ ਮੁਕਾਬਲਿਆਂ ਵਿਚ ਗੌਰਵ ਕਰਨ ਯੋਗ ਮੱਲਾਂ ਮਾਰਨ ਦਾ ਵਿਸਥਾਰ ਨਾਲ ਵੇਰਵਾ ਦਿੱਤਾ ਗਿਆ। ਵਿਦਿਆਰਥੀਆਂ ਨੇ ਪੰਜਾਬੀ ਬੋਲੀ ਬਾਰੇ ਕੋਰੀਓਗ੍ਰਾਫੀ, ਵਾਤਾਵਰਣ ਦੀ ਸੰਭਾਲ਼ ਬਾਰੇ ਕੋਰੀਓਗ੍ਰਾਫੀ, ਫਿਰ ਮੋਬਾਈਲ ਫੋਨ ਦੀ ਅੰਨ੍ਹੇਵਾਹ ਵਰਤੋਂ ਤੋਂ ਪੈ ਰਹੇ ਮਾੜੇ ਅਸਰਾਂ ਤੋਂ ਸੁਚੇਤ ਕਰਨ ਵਾਲ਼ੀ ਕੋਰੀਓਗ੍ਰਾਫੀ, ਫਿਰ ਸਿੱਖ ਧਰਮ ਅੰਦਰ ਕੁਰਬਾਨੀ ਦੇ ਸੰਕਲਪ ਨੂੰ ਤਸਵੀਰਾਂ ਰਾਹੀਂ ਰੂਪਮਾਨ ਕਰਦੀ ਹੋਈ ਖਾਲਸਈ ਖੇਡਾਂ ਦੁਆਰਾ ਕੀਤੀ ਕੋਰੀਓਗ੍ਰਾਫੀ ਪੇਸ਼ ਕਰ ਕੇ ਸਕਾਰਾਤਮਕ ਪ੍ਰਭਾਵ ਛੱਡਿਆ। ਜਸਲੀਨ ਕੌਰ ਨੇ ਵਾਤਾਵਰਣ ਨੂੰ ਬਚਾਉਣ ਬਾਰੇ ਪ੍ਰਭਾਵਸ਼ਾਲੀ ਕਵਿਤਾ ਦਾ ਉਚਾਰਣ ਕੀਤਾ। ਵਿਿਆਰਥੀਆਂ ਨੇ ਵਾਤਾਵਰਣ ਨਾਲ਼ ਕੀਤੇ ਜਾ ਰਹੇ ਖਿਲਵਾੜ ਅਤੇ ਵਿਦੇਸ਼ਾਂ ਨੂੰ ਵਿਦਿਆਰਥੀਆਂ ਦੀ ਹੋ ਰਹੀ ਹਿਜਰਤ ਜਿਹੇ ਗੰਭੀਰ ਮੁੱਦਿਆਂ ਨੂੰ ਛੋਹ ਕੇ ਨਿਸ਼ਾਨ-ਏ-ਸਿੱਖੀ ਮਿਸ਼ਨ ਦੁਆਰਾ ਕੀਤੇ ਜਾ ਰਹੇ ਕਾਰਗਰ ਉਪਰਾਲਿਆਂ ਨੂੰ ਰੋਲ ਮਾਡਲ ਵਜੋਂ ਪੇਸ਼ ਕਰਦਾ ਨੁੱਕੜ-ਨਾਟਕ ਖੇਡਿਆ। ਰਵੀਇੰਦਰ ਸਿੰਘ ਦੁਆਰਾ ਜੈ ਹੋ ਗੀਤ ਤੇ ਆਧਾਰਿਤ ਤਿਆਰ ਕਰਵਾਇਆ ਪਿਰਾਮਿਡ ਏਨੀ ਕਮਾਲ ਦੀ ਫੁਰਤੀ ਅਤੇ ਮੁਹਾਰਤ ਨਾਲ ਪੇਸ਼ ਕੀਤਾ ਗਿਆ ਜੋ ਸਭ ਨੂੰ ਚਕਾਚੌਂਧ ਕਰ ਗਿਆ। ਤਿੰਨ ਬੱਚਿਆਂ ਨੇ ਕਵੀਸ਼ਰੀ ਦੀ ਵੰਨਗੀ ਪੇਸ਼ ਕੀਤੀ - ਸਿੱਖਾਂ ਨੇ ਸਿਦਕ ਦੀਆਂ, ਲਿਖੀਆਂ ਨਾਲ਼ ਖ਼ੂਨ ਦੇ ਲੜੀਆਂ। ਇੱਕ ਹੋਰ ਕੋਰੀਓਗ੍ਰਾਫੀ ਰਾਹੀਂ ਪੰਜਾਬ ਨੂੰ ਸਾਂਭ ਕੇ ਰੱਖਣ ਦਾ ਸੁਨੇਹਾ ਦਿੱਤਾ। ਸਹਿਜਪ੍ਰੀਤ ਸਿੰਘ ਨੇ ਜ਼ਫ਼ਰਨਾਮਾ ਨਾਂ ਦਾ ਛੰਦ ਬੁਲੰਦ ਆਵਾਜ਼ ਰਾਹੀਂ ਗਾਇਆ। ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਨੂੰ ਦਰਸਾਉਂਦਾ ਨਾਟਕ ਖੇਡਿਆ ਗਿਆ। ਜਸਟਿਸ ਹਰਮਿੰਦਰ ਸਿੰਘ ਮਦਾਨ ਨੇ ਸਕੂਲ ਦੀਆਂ ਸ਼ਾਨਦਾਰ ਰਵਾਇਤਾਂ, ਪ੍ਰਾਪਤੀਆਂ ਅਤੇ ਵਿਦਿਆਰਥੀਆਂ ਦੁਆਰਾ ਕੀਤੀਆਂ ਪੇਸ਼ਕਾਰੀਆਂ ਦੀ ਤਾਰੀਫ਼ ਕਰਨ ਦੇ ਨਾਲ ਸੰਬੰਧਤ ਪ੍ਰਬੰਧਕਾਂ, ਸਟਾਫ ਮੈਂਬਰਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ। ਨਾਲ਼ ਹੀ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਵੱਲ ਧਿਆਨ ਦਿਵਾ ਕੇ ਬਾਬਾ ਸੇਵਾ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਜਤਨਾਂ ਲਈ ਬਾਬਾ ਜੀ ਦਾ ਧੰਨਵਾਦ ਕੀਤਾ। ਇਸ ਉਪ੍ਰੰਤ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਨਾਮ ਵੰਡਣ ਦੀ ਰਸਮ ਨਿਭਾਈ। ਹਰਲੀਨ ਕੌਰ ਨੂੰ ਬ੍ਰਿਲੀਐਂਟ ਟੀਚਰ ਵਜੋਂ ਸਨਮਾਨਿਆ ਗਿਆ। ਓਵਰਾਲ ਜੇਤੂ ਟਰਾਫੀ ਸਰਦਾਰ ਸ਼ਾਮ ਸਿੰਘ ਅਟਾਰੀ ਹਾਊਸ ਨੂੰ ਅਤੇ ਰਨਰ ਅਪ ਟਰਾਫੀ ਸਰਦਾਰ ਹਰੀ ਸਿੰਘ ਨਲੂਆ ਹਾਊਸਨੂੰ ਪ੍ਰਦਾਨ ਕੀਤੀ ਗਈ। ਵਿਦੇਸ਼ਾਂ ਤੋਂ ਆਈਆਂ ਸ਼ਾਮਲ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਭੰਗੜੇ ਦੀ ਧਮਕ ਨੇ ਰਵਾਇਤੀ ਤੌਰ ਤੇ ਸਮਾਗਮ ਨੂੰ ਸਿਖਰ ਤੇ ਪੁਚਾਇਆ। ਅੰਤ ਵਿਚ ਪ੍ਰਿੰਸੀਪਲ ਅਮਰਜੀਤ ਸਿੰਘ ਨੇ ਵਿਦੇਸ਼, ਪੰਜਾਬ ਅਤੇ ਇਲਾਕੇ ਤੋਂ ਆਏ ਸ਼ਾਮਲ ਪਤਵੰਤਿਆਂ ਸਮੇਤ ਵਿਦਿਆਰਥੀਆਂ ਦੇ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦੀ ਕਾਰਵਾਈ ਵਿਦਿਆਰਥੀ ਜਪਨੀਤ ਸਿੰਘ ਅਤੇ ਹਰਲੀਨ ਕੌਰ ਨੇ ਕੁਸ਼ਲਤਾ ਪੂਰਵਕ ਚਲਾਈ। ਇਹ ਵ ?ਲੱਖਣ ਸਮਾਗਮ ਨਰੋਈ ਛਾਪ ਛੱਡ ਗਿਆ।

# ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਦਾ ਡਿਗਰੀ-ਵੰਡ ਸਮਾਰੋਹ ਹੋਇਆ



ਖਡੂਰ ਸਾਹਿਬ (ਤਰਨ ਤਾਰਨ) -(ਜਗਦੇਵ ਸਿੱਧੂ) ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਦਾ ਡਿਗਰੀ-ਵੰਡ ਸਮਾਰੋਹ - 2023 ਆਯੋਜਿਤ ਕੀਤਾ ਗਿਆ, ਜਿਸ ਵਿਚ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਰਵਿੰਦ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਮਾਰੋਹ ਦੇ ਪਹਿਲੇ ਹਿੱਸੇ ਵਿਚ ਡਾ. ਅਰਵਿੰਦ ਨੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਵਿਖੇ ਪਹਿਲਾ ਪ੍ਰੋ. ਅਮਰਜੀਤ ਸਿੰਘ ਮੈਮੋਰੀਅਲ ਲੈਕਚਰ ਦਿੱਤਾ। ਉਨ੍ਹਾਂ ਨੇ ਪ੍ਰੋ. ਅਮਰਜੀਤ ਸਿੰਘ ਨਾਲ ਨੇੜਤਾ ਦਾ ਜ਼ਿਕਰ ਕਰਦਿਆਂ ਉਸ ਦੀ ਵਿੱਦਿਆ ਅਤੇ ਕਾਰ ਸੇਵਾ ਪ੍ਰਤੀ ਵਚਨਵੱਧਤਾ ਅਤੇ ਸਮਰਪਣ ਬਾਰੇ ਉਲੇਖ ਕੀਤਾ। ਉਨ੍ਹਾਂ ਨੇ ਵਿਗਿਆਨ ਦੇ ਮੁੱਢਲੇ ਸਿਧਾਂਤ ਤਰਕ ਅਤੇ ਪ੍ਰਮਾਣ ਦੇ ਮਾਪ ਦੰਡ ਨੂੰ ਗੁਰੂ ਨਾਨਕ ਦੇਵ ਦੇ ਵਿਚਾਰਾਂ ਉਪਰ ਪੂਰਾ ਢੁਕਵਾਂ ਕਰਾਰ ਦਿੱਤਾ। ਉਨ੍ਹਾਂ ਨੇ ਕੁਐਂਟਮ ਆਧਾਰਿਤ ਨਵੀਂ ਟੈਕਨਾਲੋਜੀ ਬਾਰੇ ਵਿਸਥਾਰ ਨਾਲ ਸਮਝਾਇਆ। ਇਸ ਮੌਕੇ ਮਰਹੂਮ ਪ੍ਰੋ. ਅਮਰਜੀਤ ਸਿੰਘ ਦੀ ਸੁਪਤਨੀ ਅਤੇ ਭਰਾ ਸਰਦਾਰ ਹਰਜੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਡਿਗਰੀ-ਵੰਡ ਸਮਾਰੋਹ ਦੀ ਸ਼ੁਰੂਆਤ ਬੀਬੀ ਰਮਨਪ੍ਰੀਤ ਕੌਰ ਦੁਆਰਾ - ਸੰਤਾਂ ਕੇ ਕਾਰਜ ਆਪ ਖਲੋਆ - ਸ਼ਬਦ ਗਾਇਨ ਨਾਲ ਹੋਈ। ਪ੍ਰਿੰਸੀਪਲ ਡਾ. ਸਿਮਰਪ੍ਰੀਤ ਕੌਰ ਨੇ ਕਾਲਜ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ 2005 ਵਿਚ ਕਾਲਜ ਦੀ ਸਥਾਪਨਾ ਹੋਈ ਸੀ ਜਿਸ ਵਿਚ ਬੀ.ਐੱਡ. ਅਤੇ ਡੀ.ਐੱਲ.ਐੱਡ. ਕੋਰਸ ਕਰਵਾਏ ਜਾਂਦੇ ਹਨ। ਉਸ ਨੇ 2017 ਤੋਂ ਲੈ ਕੇ 2023 ਤੱਕ ਪੰਜ ਸੈਸ਼ਨਾਂ ਦੇ ਵਿਦਿਆਰਥੀਆਂ ਦੇ ਸ਼ਾਨਦਾਰ ਨਤੀਜਿਆਂ ਅਤੇ ਵਿਸ਼ੇਸ਼ ਪ੍ਰਾਪਤੀਆਂ ਦਾ ਬਿਓਰਾ ਦਿੱਤਾ। ਨਾਲ਼ ਹੀ ਸਮੇਂ ਸਮੇਂ ਕਰਵਾਏ ਵੈਬੀਨਾਰ, ਸੈਮੀਨਾਰ, ਵਰਕਸ਼ਾਪਾਂ ਅਤੇ ਪ੍ਰਤੀਯੋਗਤਾਵਾਂ ਦੀ ਤਫ਼ਸੀਲ ਪੇਸ਼ ਕੀਤੀ। ਇਹ ਵੀ ਦੱਸਿਆ ਕਿ ਨਾਲ਼ੋ ਨਾਲ਼ ਪੀ. ਐਸ. ਟੀ. ਈ. ਟੀ. ਅਤੇ ਸੀ. ਟੀ. ਈ. ਟੀ.(ਅਧਿਆਪਕ ਨਿਯੁਕਤੀ ਦੇ ਟੈਸਟ) ਲਈ ਵੀ ਤਿਆਰੀ ਕਰਵਾਈ ਜਾਂਦੀ ਹੈ। ਇਸ ਉਪ੍ਰੰਤ ਡਾ. ਅਰਵਿੰਦ ਨੇ ਪਿਛਲੇ ਪੰਜ ਸੈਸ਼ਨਾਂ ਦੇ ਪਾਸ-ਆਊਟ ਵਿਦਿਆਰਥੀਆਂ ਨੂੰ ਡਿਗਰੀਆਂ ਵੰਡਣ ਦੀ ਰਸਮ ਅਦਾ ਕੀਤੀ। ਯੋਗਤਾ ਪ੍ਰੀਖਿਆਵਾਂ ਵਿਚ ਪਾਸ ਹੋਣ ਵਾਲ਼ੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ ਗਿਆ। ਕਾਲਜ ਦੀਆਂ ਸਾਬਕਾ ਅਧਿਆਪਕਾਵਾਂ - ਨਵਦੀਵ ਕੌਰ ਅਤੇ ਕਮਲਜੀਤ ਕੌਰ ਨੂੰ ਮੀਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਵਿਸ਼ੇਸ਼ ਮਹਿਮਾਨ ਬੂਟਾ ਸਿੰਘ ਯੂ. ਕੇ. ਨੂੰ ਪਰਿਵਾਰ ਸਮੇਤ ਅਤੇ ਜਗਦੇਵ ਸਿੱਧੂ (ਪੰਜਾਬੀ ਅਖ਼ਬਾਰ, ਕੈਲਗਰੀ) ਨੂੰ ਮੀਮੈਂਟੋ ਦੇ ਕੇ ਸਨਮਾਨਿਤ ਕੀਤਾ। ਬਾਬਾ ਜੀ ਨੇ ਖਡੂਰ ਸਾਹਿਬ ਵਿਖੇ ਕਾਰ ਸੇਵਾ ਰਾਹੀਂ ਵਿਦਿਅਕ ਅਦਾਰਿਆਂ ਦੀ ਸਥਾਪਨਾ ਦੇ ਇਤਿਹਾਸ, ਵਿੱਦਿਆ ਦੀ ਅਹਿਮੀਅਤ ਅਤੇ ਜ਼ਰੂਰਤ ਬਾਰੇ ਗਿਆਨ ਭਰਪੂਰ ਵਿਚਾਰ ਰੱਖੇ। ਅੰਤ ਵਿਚ ਸਕੱਤਰ ਹਰਨੰਦਨ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਕਾਰਵਾਈ ਦੀ ਜ਼ਿੰਮੇਵਾਰੀ ਪ੍ਰੋ. ਮਨਦੀਪ ਕੌਰ ਨੇ ਬਾਖ਼ੂਬੀ ਨਿਭਾਈ।

# ਵੈਨਕੂਵਰ ਵਿਚਾਰ ਮੰਚ ਵੱਲੋਂ ਨਾਮਵਰ ਸ਼ਾਇਰ ਦਰਸ਼ਨ ਬੁੱਟਰ ਨਾਲ ਰੂਬਰੂ

## ਮੇਰੀ ਕਵਿਤਾ ਵਿਚਲੀ ਸੰਵੇਦਨਾ ਮੇਰੀ ਮਾਂ ਦੀ ਬਖਸ਼ਿਸ਼ ਹੈ- ਦਰਸ਼ਨ ਬੁੱਟਰ





ਸਰੀ, (ਹਰਦਮ ਮਾਨ)- ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਤੋਂ ਆਏ ਨਾਮਵਰ ਸ਼ਾਇਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰੋਗਰਾਮ ਵਿਚ ਵੈਨਕੂਵਰ ਖੇਤਰ ਦੀਆਂ ਅਹਿਮ ਸਾਹਿਤਿਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।
ਪ੍ਰੋਗਰਾਮ ਦੀ ਸ਼ੁਰੂਆਤ ਸਮੇਂ ਦਰਸ਼ਨ ਬੁੱਟਰ ਬਾਰੇ ਕੁਝ ਸ਼ਬਦ ਕਹਿੰਦਿਆਂ ਉਨ੍ਹਾਂ ਦੇ ਬਹੁਤ ਹੀ ਕਰੀਬੀ ਦੋਸਤ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਕਿਹਾ ਕਿ ਦਰਸ਼ਨ ਬੁੱਟਰ ਦੀ ਕਵਿਤਾ ਨੂੰ ਉਹਨਾ ਲਗਾਤਾਰ ਵਿਕਸਤ ਹੁੰਦੇ ਅਤੇ ਪਰਪੱਕਤਾ ਦੀ ਪੌੜੀ ਚੜ੍ਹਦਿਆਂ ਦੇਖਿਆ ਹੈ। ਇਹਨਾਂ ਦੀ ਕਵਿਤਾ ਦੀ ਵਿਲੱਖਣ ਖੂਬਸੂਰਤੀ ਇਹ ਹੈ ਕਿ ਇਹਨਾਂ ਦੀਆਂ ਤਿੰਨ ਤਿੰਨ ਚਾਰ ਚਾਰ ਸਤਰਾਂ ਦੀਆਂ ਕਵਿਤਾਵਾਂ ਵੀ ਹਨ ਤੇ ਤਿੰਨ ਤਿੰਨ ਚਾਰ ਚਾਰ ਸਫਿਆਂ ਦੀਆਂ ਕਵਿਤਾਵਾਂ ਵੀ। ਇਹਨਾਂ ਨੂੰ ਕਈ ਵਾਰ 'ਛੋਟੀ ਕਵਿਤਾ ਦਾ ਵੱਡਾ ਕਵੀ' ਵੀ ਕਿਹਾ ਜਾਂਦਾ ਹੈ ਜਦੋਂ ਕਿ ਇਹਨਾਂ ਨੂੰ ਛੋਟੀ ਕਵਿਤਾ, ਵੱਡੀ ਕਵਿਤਾ ਅਤੇ ਹਰ ਤਰ੍ਹਾਂ ਦੀ ਕਵਿਤਾ ਉੱਪਰ ਆਬੂਰ ਹਾਸਲ ਹੈ। ਇਹਨਾਂ ਨੇ ਬੜੇ ਖੂਬਸੂਰਤ ਗੀਤ ਵੀ ਲਿਖੇ ਹਨ 'ਮਹਾਂ ਕੰਬਣੀ' ਇਹਨਾਂ ਦੀ ਵਿਲੱਖਣ, ਬਹੁਤ ਹੀ ਫਿਲਾਸਫਾਨਾ ਅਤੇ ਜ਼ਿੰਦਗੀ ਦੇ ਮਸਲਿਆਂ ਨੂੰ ਬਹੁਤ ਹੀ ਨੇੜਿਓਂ ਛੂੰਹਦੀ ਕਾਵਿਕ ਰਚਨਾ ਹੈ ਅਤੇ ਇਸ ਉੱਪਰ ਇਹਨਾਂ ਨੂੰ ਸਾਹਿਤ ਅਕਾਦਮੀ ਦਾ ਅਵਾਰਡ ਵੀ ਮਿਲਿਆ ਹੈ। ਇਹਨਾਂ ਦੀ ਹਰ ਕਿਤਾਬ ਦਾ ਰੰਗ ਪਹਿਲੀ ਕਵਿਤਾ ਦੇ ਰੰਗ ਨਾਲੋਂ ਵੱਖਰਾ ਹੁੰਦਾ ਹੈ। ਇਹਨਾਂ ਦੀ ਅਖੀਰਲੀ ਕਿਤਾਬ 'ਅੱਕਾਂ ਦੀ ਕਵਿਤਾ' ਵਿੱਚ ਆਮ, ਭੋਲੇ-ਭਾਲੇ ਅਤੇ ਵਿਸਰ ਰਹੇ ਪੇਂਡੂ ਕਿਰਦਾਰਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਚਿਤਰਿਆ ਗਿਆ ਹੈ। 'ਗੰਠੜੀ' ਇਹਨਾਂ ਦੀਆਂ ਪਿਛਲੀਆਂ ਸਾਰੀਆਂ ਕਿਤਾਬਾਂ 'ਚੋਂ ਲਈਆਂ ਥੋੜ੍ਹੀਆਂ ਥੋੜ੍ਹੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਇਹਨਾਂ ਨੂੰ ਇਹ ਮਾਣ ਵੀ ਹਾਸਲ ਹੈ ਕਿ ਪੰਜਾਬੀ ਕਵੀਆਂ ਵਿੱਚੋਂ ਇਹਨਾਂ ਦੀਆਂ ਕਿਤਾਬਾਂ ਉੱਪਰ ਸਭ ਤੋਂ ਵੱਧ ਵਿਦਿਆਰਥੀਆਂ ਨੇ ਐਮ.ਫਿਲ ਅਤੇ ਪੀਐਚਡੀ ਕੀਤੀ ਹੈ।
ਉਨ੍ਹਾਂ ਕਿਹਾ ਕਿ ਕਵਿਤਾ ਰਚਨ ਦੇ ਨਾਲ ਨਾਲ ਕਮਾਲ ਹੈ ਕਿ ਜਥੇਬੰਦਕ ਕਾਰਜਾਂ ਵਿੱਚ ਵੀ ਦਰਸ਼ਨ ਬੁੱਟਰ ਦਾ ਕੋਈ ਸਾਨੀ ਨਹੀਂ ਅਤੇ ਇਸ ਦੀ ਬਦੌਲਤ ਹੀ ਇਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਦੂਜੀ ਵਾਰ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ। ਇਹ ਵੀ ਇਹਨਾਂ ਦੀ ਸਿਫਤ ਇਕ ਹੈ ਕਿ ਇਹ ਸਾਹਿਤਿਕ ਕਾਰਜਾਂ ਦੇ ਨਾਲ ਨਾਲ ਜਥੇਬੰਦਕ ਕਾਰਜਾਂ ਨੂੰ ਵੀ ਬਾਖੂਬੀ ਨਿਭਾਈ ਜਾ ਰਹੇ ਹਨ। ਇਹਨਾਂ ਦਾ ਸਭ ਤੋਂ ਵਿਲੱਖਣ ਕਾਰਜ ਇਹ ਹੈ ਕਿ ਪਿਛਲੇ 25 ਸਾਲ ਤੋਂ ਨਾਭਾ ਵਿਖੇ 'ਕਵਿਤਾ ਉਤਸਵ' ਕਰਵਾ ਰਹੇ ਹਨ ਜਿਸ ਵਿਚ ਪੰਜਾਬ ਅਤੇ ਦੇਸ - ਵਿਦੇਸ਼ ਤੋਂ ਹਰ ਸਾਲ 150 ਦੇ ਕਰੀਬ ਕਵੀ ਸ਼ਾਮਲ ਹੁੰਦੇ ਹਨ ਅਤੇ ਆਪਣੀਆਂ ਕਵਿਤਾਵਾਂ ਪੜ੍ਹਦੇ ਹਨ। ਉੱਥੇ ਸਾਰਾ ਦਿਨ ਨਿਰੋਲ ਕਵਿਤਾ ਦਾ ਦਰਿਆ ਵਗਦਾ ਹੈ।
ਦਰਸ਼ਨਬੁੱਟਰਨੇ ਆਪਣੇ ਜੀਵਨ ਅਤੇ ਸਾਹਿਤ ਰਚਨਾ ਬਾਰੇ ਦਸਦਿਆਂ ਕਿਹਾ ਕਿ 'ਮੇਰੀ ਮਾਂਉੜੇ ਦੀ ਉਂਗਲ ਫੜਾ ਕੇ ਤੁਰ ਗਈ ਸੀ,ਉਸ ਦਾ ਚਿਹਰਾ ਵੀ ਮੈਨੂੰ ਯਾਦ ਨਹੀਂ ਪਰ ਉਹਦੇ ਠੂਠੀ 'ਚ ਰਗੜ ਕੇ ਪਾਏ ਹੋਏ ਸੁਰਮੇ ਦੀ ਰੜਕ ਅੱਜ ਤੱਕ ਮੇਰੀਆਂ ਅੱਖਾਂ 'ਚ ਹੈ। ਮੇਰੀ ਕਵਿਤਾ ਵਿਚ ਮਾੜੀ ਮੋਟੀ ਕੋਈ ਸੰਵੇਦਨਾ ਹੈ,ਸਲੀਕਾ ਹੈ ਤਾਂ ਉਹ ਮੈਨੂੰ ਮੇਰੀ ਮਾਂ ਦੀ ਬਖਸ਼ਿਸ਼ ਲੱਗਦਾ ਹੈ। ਮੇਰੇ ਪਿਤਾ ਵੀ ਕਵਿਤਾ ਲਿਖਦੇ ਸਨ। ਆਪਣੀ ਕਲਮ ਸਾਧਨਾਨੂੰ ਕਾਵਿਕ ਰੰਗ ਵਿਚ ਪੇਸ਼ ਕਰਦਿਆਂ ਦਰਸ਼ਨ ਬੁੱਟਰ ਨੇ ਕਿਹਾ ਕਿ 'ਮੈਂ ਜ਼ਿੰਦਗੀ ਦੇ ਲੰਮੇ ਸਹਿਰਾਅਚੋਂ ਕੁਝ ਕਣ ਸਾਂਭੇ ਨੇ,ਰੰਗਾਂ ਦੇ ਅਥਾਹ ਸਮੁੰਦਰਚੋਂ ਕੁਝ ਲਹਿਰਾਂ ਫੜੀਆਂ ਨੇ,ਸ਼ਬਦਾਂ ਦੀ ਕਿਣਮਿਣਚ ਪਪੀਹੇ ਵਾਂਗ ਕੁੱਝ ਬੂੰਦਾਂ ਚੱਖੀਆਂ ਨੇ,ਖ਼ੁਦੀ ਤੋਂ ਨਾਬਰ ਹੋ ਬੇਖ਼ੁਦੀ ਦੀ ਇਬਾਰਤ ਲਿਖੀ ਏ,ਅੰਨ੍ਹੀ ਗੁਫ਼ਾਚੋਂ ਟਟਹਿਣੇ ਫੜ੍ਹ ਰਾਤ ਦੇ ਕੇਸਾਂ'ਚ ਜੜੇ ਨੇ,ਟਿਕ ਟਿਕ ਕਰਦੀਆਂ ਘੜੀਆਂ ਦੀ ਰਫ਼ਤਾਰਚੋਂ ਚੰਦ ਧੜਕਣਾਂ ਕਸ਼ੀਦੀਆਂ ਨੇ,ਭੁੱਬਲ ਵਿੱਚੋਂ ਚੁਟਕੀ ਕੁ ਭਬੂਤੀ ਕੋਰੇ ਪੰਨਿਆਂ'ਤੇ ਜਗਾਈ ਹੈ'।'ਇਹ ਸੰਸਾਰ ਤਾਂ ਬਹੁਤ ਵੱਡਾ ਹੈ, ਬਹੁਤ ਵੱਡੇ ਲੇਖਕ ਨੇ, ਬਹੁਤ ਵੱਡੇ ਫਿਲਾਸਫਰ ਨੇ, ਬਹੁਤ ਵੱਡੇ ਚਿੰਤਕ ਬੈਠੇ ਹਨ, ਅਸੀਂ ਤਾਂ ਇਕ ਕਣੀ ਹਾਂ'।ਦਰਸ਼ਨਬੁੱਟਰਨੇ ਆਪਣੀਆਂ ਕਾਵਿ ਪੁਸਤਕਾਂ 'ਔੜ ਦੇ ਬੱਦਲ','ਸਲ੍ਹਾਬੀ ਹਵਾ','ਸ਼ਬਦ. ਸ਼ਹਿਰ ਤੇ ਰੇਤ','ਖੜਾਵਾਂ','ਦਰਦ ਮਜੀਠੀ', 'ਮਹਾਂ ਕੰਬਣੀ' ਅਤੇ 'ਅੱਕਾਂ ਦੀ ਕਵਿਤਾ' ਵਿਚਲੀਆਂ ਰਚਨਾਵਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਅਤੇਇਨ੍ਹਾਂ ਪੁਸਤਕਾਂ ਵਿਚਲੀਆਂ ਬਹੁਤ ਹੀ ਭਾਵਪੂਰਤਰਚਨਾਵਾਂ ਦੇ ਵੱਖ ਵੱਖ ਕਾਵਿਕ ਰੰਗਾਂ ਦੀ ਖ਼ੁਸ਼ਬੂ ਨਾਲ ਸਮੁੱਚਾ ਮਾਹੌਲ ਮਹਿਕਾਅ ਦਿੱਤਾ।
ਪ੍ਰੋਗਰਾਮ ਦੇ ਆਗਾਜ਼ ਵਿਚ ਵੈਨਕੂਵਰ ਵਿਚਾਰ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਵਿਸ਼ੇਸ਼ ਤੌਰ'ਤੇ ਦਰਸ਼ਨ ਬੁੱਟਰ ਦੀ ਆਮਦ ਨੂੰ ਮੰਚ ਦਾ ਸੁਭਾਗ ਆਖਿਆ। ਮੰਚ ਦਾ ਸੰਚਾਲਨ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕੀਤਾ। ਅੰਗਰੇਜ਼ ਬਰਾੜ ਨੇ ਅੰਤ ਵਿਚ ਸਭਨਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਸੁਰਜੀਤ ਕਲਸੀ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਭੁਪਿੰਦਰ ਮੱਲ੍ਹੀ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਹਰਿੰਦਰਜੀਤ ਸੰਧੂ, ਅਮਨ ਸੀ ਸਿੰਘ, ਡਾ. ਸ਼ਬਨਮ ਮੱਲ੍ਹੀ, ਅਸ਼ੋਕ ਭਾਰਗਵ, ਪ੍ਰੋ. ਅਵਤਾਰ ਵਿਰਦੀ, ਨਵਲਪ੍ਰੀਤ ਰੰਗੀ, ਮਹਿੰਦਰਪਾਲ ਸਿੰਘ ਪਾਲ ਅਤੇ ਕੁਲਦੀਪ ਸਿੰਘ ਬਾਸੀ ਸ਼ਾਮਲ ਸਨ।

# ਪਾਈਨਰਿਜ ਗੋਲੀਬਾਰੀ ਘਟਨਾ ਯੋਜਨਾਬੱਧ ਅਪਰਾਧ ਨਾਲ ਜੁੜੀ ਹੋਈ ਹੈ - ਕੈਲਗਰੀ ਪੁਲਿਸ



ਬੀਤੀ 27 ਅਕਤੂਬਰ ਨੂੰ ਕੈਲਗਰੀ ਦੇ ਪਾਈਨਰਿੱਜ ਏਰੀਆ ਵਿੱਚ ਹੋਈ ਗੋਲੀਬਾਰੀ ਦੌਰਾਨ ਇੱਕ ਵਿਅਕਤੀ ਜਖਮੀ ਹੋ ਗਿਆ ਸੀ ਜਿਸ ਨੂੰ ਪੁਲਿਸ ਦੀ ਮੱਦਦ ਨਾਲ ਹਸਪਤਾਲ ਲੈਜਾਇਆ ਗਿਆ ਸੀ ਅਤੇ ਉਸਦਾ ਬਚਾਅ ਹੋ ਗਿਆ। ਪੁਲਿਸ ਅਨਸਾਰ ਇਹ ਜਖਮੀ ਹੋਇਆ 40 ਕੁ ਸਾਲ ਦੀ ਉਮਰ ਦਾ ਵਿਅਕਤੀ ਨਿਰਦੋਸ਼ ਰਾਹਗੀਰ ਹੀ ਸੀ ਜੋ ਕਿ ਐਵੇਂ ਹੀ ਇਸ ਗੋਲੀਬਾਰੀ ਦੀ ਲਪੇਟ ਵਿੱਚ ਆ ਗਿਆ ਪਰ ਅਸਲ ਵਿੱਚ ਗੋਲੀ ਚਲਾਉਣ ਵਾਲੇ ਦਾ ਨਿਸ਼ਾਨਾ ਤਾਂ ਕੋਈ ਹੋਰ ਸੀ। ਇਹ ਗੋਲੀ ਅਚਨਚੇਤ ਨਹੀਂ ਚੱਲੀ ਸੀ ਸਗੋਂ ਇਹ ਯੋਜਨਾਬੱਧ ਅਪਰਾਧ ਦਾ ਹਿਸਾ ਸੀ। ਪੁਲਿਸ ਹੁਣ ਸ਼ੱਕੀ ਅਪਰਾਧੀ ਦੀ ਭਾਲ ਕਰ ਰਹੀ ਹੈ ਜੋ ਉਸ ਦਿਨ ਵਾਰਦਾਤ ਉਪਰੰਤ ਮੌਕੇ ਇੱਕ ਚਿੱਟੇ ਰੰਗ ਦੀ ਐਸ ਯੂ ਵੀ ਵਿੱਚ ਮੌਕੇ ਤੋਂ ਫ਼ਰਾਰ ਹੋ ਗਿਆ ਸੀ , ਪਰ ਐਸ ਯੂ ਵੀ ਨੂੰ ਪੁਲਿਸ ਨੇ ਥੋੜੀ ਦੇਰ ਬਾਅਦ 60 ਸਟ੍ਰੀਟ ਨਾਰਥ ਈਸਟ ਦੇ 3100 ਬਲਾਕ ਵਿੱਚ ਲੱਭ ਲਿਆ ਸੀ।ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਸ਼ੱਕੀ ਵਿਅਕਤੀਆਂ ਨੇ ਅਪਰਾਧ ਨਾਲ ਜੁੜੇ ਸਬੂਤਾਂ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਹੁਣ ਕਿਸੇ ਵੀ ਡੈਸ਼ ਕੈਮ ਜਾਂ ਸੁਰੱਖਿਆ ਵੀਡੀ? ਦੀ ਤਲਾਸ਼ ਕਰ ਰਹੀ ਹੈ।
ਦਿਨ ਸ਼ੁੱਕਰਵਾਰ, 27 ਅਕਤੂਬਰ ਨੂੰ ਦੁਪਹਿਰ ਤੋਂ 2 ਵਜੇ ਦੇ ਵਿਚਕਾਰ ਪਾਈਨਮਿਲ ਵੇਅ ਨਾਰਥ ਈਸਟ ਦੇ 200 ਬਲਾਕ, ਅਤੇ 60 ਸਟ੍ਰੀਟ ਨਾਰਥ ਈਸਟ ਦੇ 3100 ਬਲਾਕ ਦੀ ਡੈਸ਼ ਕੈਮ ਇਸ ਜਾਂਚ ਵਿੱਚ ਮੱਦਦ ਕਰ ਸਕਦੀ ਹੈ
ਇਨ੍ਹਾਂ ਘਟਨਾਵਾਂ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਜਾਂ ਕੈਲਗਰੀ ਵਾਸੀਆਂ ਨੂੰ 403-266-1234 'ਤੇ ਕਾਲ ਕਰਕੇ ਪੁਲਿਸ ਨਾਲ ਸੰਪਰਕ ਕਰਨ ਲਈ ਕਿਹਾ ਜਾਂਦਾ ਹੈ।

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

CHANDIGARH DRIVING SCHOOL
Don't Learn Safety by Accident
- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
STOP
We Can Speak English, German, Punjabi, Hindi & Urdu
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਸੰਨੀ ਧਾਲੀਵਾਲ ਦੀ ਕਿਤਾਬ ਖਾਲੀ ਆਲ੍ਹਣਾ



ਜਰਿੰਦਰ ਸੰਘਾ
ਕੈਲਗਰੀ

ਪਿਛਲੇ ਛੇ ਕੁ ਮਹੀਨਿਆਂ ਤੋਂ ਸਨੀ ਧਾਲੀਵਾਲ ਦੀਆਂ ਕਵਿਤਾਵਾਂ ਪੜ੍ਹਨ ਦਾ ਮੌਕਾ ਮਿਲਿਆ, ਬਹੁਤ ਪ੍ਰਭਾਵਤ ਕਰਨ ਵਾਲੀਆਂ ਕਵਿਤਾਵਾਂ ਲੱਗੀਆਂ।ਤਾਹੀਂ ਸੰਨੀ ਨਾਲ ਫੋਨ ਤੇ ਵੀ ਕਈ ਵਾਰ ਗੱਲ ਬਾਤ ਦਾ ਵਿਚਾਰ ਵਟਾਂਦਰਾ ਵੀ ਹੋਇਆ। ਸਤੰਬਰ ਮਹੀਨੇ ਵਿਚ ਸਨੀ ਧਾਲੀਵਾਲ ਦਾ ਕੈਲਗਰੀ ਗੇੜਾ ਵੱਜਿਆ ਤਾਂ ਮੇਰੇ ਮੇਲ ਬੌਕਸ ਵਿੱਚ ਖਾਲੀ ਆਲਣਾ ਕਿਤਾਬ ਪਾ ਗਿਆ। ਵਿਆਹਾਂ ਦੇ ਚੱਕਰ ਚ ਮੇਲ ਨਹੀਂ ਹੋ ਸਕਿਆ। ਦੋ ਕੁ ਦਿਨ ਬਾਅਦ ਕਿਤਾਬ ਖੋਲ੍ਹੀ ਤਾਂ ਪਹਿਲੇ 12-13 ਸਫਿਆਂ ਤੇ ਸਵੈ- ਜੀਵਨੀ,ਜਾਣ-ਪਹਿਚਾਣ( Bio- data) ਪੜ੍ਹੀ ਤਾਂ ਮੈਂ ਆਪਣੇ-ਆਪ ਨੂੰ ਕਿਹਾ ਵਾਓ( WOW)!! ਜਾਣੀ ਕਿ ਜਦੋਂ ਪੜ੍ਹਿਆ ਕਿ ਸੰਨੀ ਧਾਲੀਵਾਲ ਦੇ ਮਾਂ-ਬਾਪ ਦੀ ਤਪੱਸਿਆ ਕਿੰਨੀ ਚੈਲੰਜ ਵਾਲੀ ਹੈ। ਬਾਪ ਨੇ ਹਾਈ ਸਕੂਲ ਤੋਂ ਬਾਅਦ ਖੇਤੀ ਬਾੜੀ ਕੀਤੀ, ਕਿਉਂਕਿ ਇਹ ਉਸ ਟਾਈਮ ਪਰਿਵਾਰ ਨੂੰ ਇਹੀ ਲੋੜ ਸੀ ਜਾਂ ਕਹਿ ਲਓ ਕਿ ਘਰ ਚਲਾਉਣ ਲਈ ਇਹ ਖੇਤੀ-ਬਾੜੀ ਜਰੂਰੀ ਸੀ। ਬਾਅਦ ਵਿੱਚ ਸੰਨੀ ਦੀ ਮਾਤਾ ਜੀ ਦੇ ਉੱਦਮ ਨਾਲ ਸੰਨੀ ਦੇ ਪਿਤਾ ਜੀ ਨੇ ਸਾਇਕੌਲਜੀ ਦੀ ਮਾਸਟਰ ਡਿਗਰੀ ਕਰਨ ਦੇ ਨਾਲ-ਨਾਲ ਪੀ ਐਚ ਡੀ ਵੀ ਕੀਤੀ। ਪ੍ਰੋਫੈਸਰ ਦੀ ਜੌਬ ਨਾਲ ਬਹੁਤ ਉੱਚੇ ਆਹੁਦਿਆਂ ਤੇ ਸੇਵਾ ਨਿਭਾਈ।ਪੰਜ ਛੇ ਕਿਤਾਬਾਂ ਵੀ ਲਿਖੀਆਂ। ਜਾਣੀ ਕਿ ਮੈਨੂੰ ਹੈਰਾਨੀ ਏਸ ਗੱਲ ਦੀ ਹੋਈ ਕਿ ਵਿਆਹ ਕਰਾ ਕੇ ਕਿੰਨਿਆਂ ਕੁ ਨੇ ਉੱਚ ਵਿੱਦਿਆ ( ਡਿਗਰੀਆਂ) ਲਈ ਹੋਵੇ ? ਤਾਹੀਂ ਮੈਂ ਸੋਚਦਾ ਸੀ ਕਿ ਜਿਸ ਸੰਨੀ ਧਾਲੀਵਾਲ ਦੇ ਮਾਂ ਬਾਪ ਦੀ ਐਨੀ ਤਪੱਸਿਆ ਹੈ ਅਤੇ ਸੰਨੀ ਉਸ ਤਪੱਸਿਆ ਚੋਂ ਤਰਾਸ਼ਿਆ ਹੀਰਾ ਨਿਕਲਿਆ ਹੈ, ਇਸ ਸੰਨੀ ਧਾਲੀਵਾਲ ਨੇ ਕਿਹੜੇ ਮੁਕਾਮ ਤੇ ਪਹੁੰਚਣਾ ਹੈ!!

ਬਾਕੀ ਕਿਸੇ ਸਾਹਿਤਕ ਕਿਰਤ ਜਾਂ ਰਚਨਾ ਦੀ ਪਰਖ ਕਰਕੇ ਉਸ ਦੀ ਸਾਹਿਤਕ ਕੀਮਤ ਮਾਲੂਮ ਕਰਨਾ ਸਾਹਿਤਕ ਆਲੋਚਨਾ ਹੈ। ਮੈਂ ਕੋਈ ਪੇਸ਼ਾਵਰ ਸਾਹਿਤ-ਆਲੋਚਕ ਨਹੀਂ ਹਾਂ ਅਤੇ ਨਾ ਹੀ ਆਲੋਚਕ ਬਣਨ ਦੀ ਕੋਈ ਤਾਂਘ ਹੈ। ਆਲੋਚਕ ਬਣਨ ਲਈ ਇਸ ਸਿਧਾਂਤ ਬਾਰੇ ਕੀ ਪ੍ਰਮਾਣਿਕ ਪੁਸਤਕਾਂ ਪੜ੍ਹਨੀਆਂ ਪੈਂਦੀਆਂ ਹਨ।ਵੱਖਰੀ ਤਰਾਂ ਦੀ ਟ੍ਰੇਨਿੰਗ, ਯੋਗਤਾ,ਅਧਿਐਨ ਦੀ ਲੋੜ ਹੁੰਦੀ ਹੈ। ਮੈਂ ਉਹ ਨਹੀਂ ਹਾਂ। ਮੈਂ ਤਾਂ ਵਾਰਤਿਕ ਲੇਖਕ,ਕਹਾਣੀਆਂ ਲਿਖਣ ਵਾਲਾ ਬੇਸਮਝ ਜਿਹਾ ਬੰਦਾ ਹਾਂ। ਤਾਹੀਂ ਹੋ ਸਕਦਾ ਐ ਕਈ ਇਸ ਵਿਸ਼ਲੇਸ਼ਣ ਜਾਂ ਪੁਸਤਕ ਜਾਣਕਾਰੀ ਨੂੰ ਪਸੰਦ ਨਾ ਕਰਨ, ਟੀਕਾ ਟਿਪਣੀ ਕਰਨ ਪਰ ਮੈਨੂੰ ਵਾਹਵਾ ਲੈਣ ਦੀ ਕੋਈ ਭੁੱਖ ਨਹੀਂ ਤੇ ਨਾ ਹੀ ਇਹ ਵਿਸ਼ਲੇਸ਼ਣ ਵਾਹਵਾ ਵਾਸਤੇ ਲਿਖਿਆ ਹੈ। ਕਬੂਲ ਕਰਿਓ।

**ਪਹਿਲੀ ਕਵਿਤਾ ਜ਼ਿੰਦਗੀ ਕਹਿੰਦੀ**

ਲੇਖਕ ਨੇ ਇਸ ਕਵਿਤਾ ਵਿੱਚ ਆਪਣੇ ਤਜ਼ਰਬੇ ਨਾਲ ਆਪਣੇ-ਆਪ ਨੂੰ ਵੀ ਅਤੇ ਪਾਠਕਾਂ ਨੂੰ ਵੀ ਬਹੁਤ ਵਧੀਆ ਸੁਨੇਹਾ ਦਿੱਤਾ ਹੈ ਕਿ ਜ਼ਿੰਦਗੀ ਰੇਤ ਵੰਗੂ ਹੱਥਾਂ ਚੋਂ ਨਿਕਲਦੀ ਜਾ ਰਹੀ ਹੈ। ਤੂੰ ਕੰਮ ਕਾਰ, ਸੰਸਾਰਿਕ ਰੁਝੇਵਿਆਂ ਵਿਚ ਜ਼ਿੰਦਗੀ ਨੂੰ ਮਾਨਣਾ ਨਾ ਭੁੱਲ ਜਾਂਵੀ। ਆਪਣੇ-ਆਪ ਦਾ ਵੀ ਖਿਆਲ ਰੱਖ। ਸੰਨੀ ਦੇ ਕਵਿਤਾ ਕਹਿਣ ਦਾ ਅੰਦਾਜ ਇਹੋ ਜਿਹਾ ਹੈ ਕਿ ਰੋਮਾਂਟਿਕ ਜਾਂ ਛੇੜ ਛਾੜ ਵਾਲੇ ਸ਼ਬਦ ਵਰਤ ਕੇ ਖ਼ੂਬ ਰੌਚਿਕ ਬਣਾ ਦਿੰਦਾ ਹੈ, ਆਪਣੇ-ਆਪ ਆਪਣੇ-ਆਪ ਤੇ ਵੀ ਵਿਅੰਗ ਕਰਨ ਤੋਂ ਨਹੀਂ ਝਿਜਕਦਾ, ਜਿਵੇਂ ਕਿ::

ਮੇਰੇ ਕੁਤਕੁਤਾੜੀਆਂ ਕੱਢ
ਮੈਨੂੰ ਹੱਸਣ ਲਾ
ਮੇਰੇ ਪੱਟਾਂ ਤੇ ਸਿਰ ਰੱਖ
ਹੌਲੀ ਹੌਲੀ ਗੰਜੇ ਸਿਰ ਤੇ ਮਸਾਜ ਕਰਵਾ
ਮੈਨੋਂ ਆਪਣੀਆਂ ਬਾਹਵਾਂ ਵਿੱਚ ਘੁੱਟ
ਆਈਸਕਰੀਮ ਵਾਂਗ ਪਿਘਲਾ
ਬੈਠ ਕੇ ਆਰਾਮ ਨਾਲ
ਭਾਵੇਂ ਉਂਗਲ ਨਾਲ ਜਾਂ ਚਮਚੇ ਨਾਲ ਖਾ

**ਦੂਜੀ ਕਵਿਤਾ ਮੌਲਾ ਬਲਦ**

ਲੇਖਕ ਨੇ ਮੌਲੇ ਬਲਦ ਦੀ ਕਿਸੇ ਦਾਦੀ ਦੀ ਦਿੱਤੀ ਉਦਾਹਰਣ ਦੇ ਕੇ ਬਹੁਤ ਵਧੀਆ ਸਿੱਖਿਆ ਦਿੱਤੀ ਹੈ ਕਿ ਬੁੱਢੇ ਮਾਂ ਬਾਪ ਨੂੰ ਬੁਢਾਪੇ ਵਿੱਚ ਧੱਕਾ ਨਹੀਂ ਦੇਈਦਾ। ਜਿਵੇਂ ਬਲਦ ਨੇ ਜਵਾਨੀ ਵੇਲੇ ਕਮਾਈ ਕਰ ਕੇ ਖੁਆਈ ਹੁੰਦੀ ਐ, ਤਾਂ ਫੇਰ ਉਸ ਬੁੱਢੇ ( ਮੌਲੇ ਬਲਦ) ਬਲਦ ਨੂੰ ਘਰੋਂ ਥੋੜਾ ਕੱਡ ਦੇਈਦਾ!! ਬਹੁਤ ਵਧੀਆ ਮਿਸਾਲ ਦੇ ਕੇ ਮਾਂ-ਬਾਪ ਦੀ ਕਮਾਈ ਦਾ ਸਤਿਕਾਰ ਕਰਨ ਲਈ ਕਿਹਾ ਹੈ।

ਤੀਜੀ ਕਵਿਤਾ ਖਾਲੀ ਆਲਣਾ

ਆਹ ਕਵਿਤਾ ਮੇਰੇ ਬਹੁਤ ਪਸੰਦ ਆਈ, ਕਿਉਂਕਿ ਕੈਨੇਡਾ ਵਰਗੇ ਦੇਸ਼ਾਂ ਦੀ ਇਹ ਆਮ ਜਿਹੀ ਕਹਾਣੀ ਹੈ। ਇਹ ਉਹਨਾਂ ਲਈ ਹੈ ਜੋ ਪਹਿਲਾਂ ਮੀਆਂ-ਬੀਬੀ ਸਾਰੀ ਉਮਰ ਸਖਤ ਮਿਹਨਤ ਕਰਕੇ ਘਰ ਚਲਾਉਂਦੇ ਹਨ, ਬੱਚੇ ਪਾਲਦੇ,ਪੜ੍ਹਾਉਂਦੇ ਹਨ। ਚਾਲੀ ਪੰਜਾਹ ਸਾਲ ਚੱਲੋ ਚੱਲ। ਹੁਣ ਬੱਚੇ ਵੱਡੇ ਹੋ ਕੇ ਆਪਣੋ ਆਪਣੇ ਥਾਂਈ ਸੈਟ ਹੋ ਜਾਂਦੇ ਹਨ ਅਤੇ ਮੀਆਂ ਬੀਬੀ ਇਕੱਲੇ ਘਰ ਚ ਰਹਿ ਜਾਂਦੇ ਹਨ। ਫੇਰ ਵਿਯੋਗ ਦੇ ਵਿੱਚ ਤੜਫਦੇ ਹਨ ਕਿ ਜਿਹਨਾਂ ਲਈ ਸਾਰੀ ਉਮਰ ਮਰ ਮਰ ਕੇ ਕਮਾਈਆਂ ਕੀਤੀਆਂ, ਉਹ ਵੀ ਛੱਡ ਕੇ ਤੁਰ ਗਏ।ਆਲ੍ਹਣਾ ਖਾਲੀ ਹੋ ਗਿਆ। ਲੇਖਕ ਨੇ ਬਹੁਤ ਵਧੀਆ ਸ਼ਬਦਾਂ ਵਿੱਚ ਉਹਨਾਂ ਮਾਪਿਆਂ ਨੂੰ ਹੌਸਲਾ ਦੇਣ ਲਈ, ਉਤਸ਼ਾਹਿਤ ਕਰਨ ਲਈ ਕਿਹਾ ਹੈ ਕਿ

ਚੱਲ ਫੇਰ ਆਪਾਂ ਦੋਵੇਂ
ਜ਼ਿੰਦਗੀ ਦੀ ਬਚੀ-ਖੁਚੀ ਪੂੰਜੀ ਦਾ ਆਨੰਦ ਮਾਣੀਏ,
ਚੱਲ ਫੜਾ ਮੈਨੂੰ ਆਪਣੇ ਹੱਥ ਰੱਖ ਮੇਰੇ ਪਿਆਸੇ ਬੁੱਲ੍ਹਾਂ ਤੇ ਆਪਣੇ ਬੁੱਲ੍ਹ, ਤੇ ਜ਼ਿੰਦਗੀ ਦੇ ਆਖਰੀ ਚੈਪਟਰ ਦੀ ਸ਼ੁਰੂਆਤ ਕਰੀਏ÷।

ਵਾਕਿਆ ਹੀ ਇਸ ਕਿਤਾਬ ਦੀ ਹੈੱਡ ਕਵਿਤਾ ਹੈ।

**ਚੌਥੀ ਕਵਿਤਾ ਹੈ ਹੈਪੀ ਲੋਹੜੀ**

ਲੇਖਕ ਨੇ ਮਾਂ ਨੂੰ ਲੋਹੜੀ ਮੁਬਾਰਕ ਦੇ ਨਾਲ, ਭਾਰਤੀ ਸਿਸਟਮ ,ਡਰੱਗ ਡੀਲਰ,ਮਾਫੀਆ,ਰਿਸ਼ਵਤਖੋਰੀ, ਕੌਮੀ ਸਰਕਾਰੀ ਲੀਡਰ ਅਤੇ ਗਰੀਬਾਂ ਦਾ ਖ਼ੂਨ ਚੂਸਣ ਵਾਲਿਆਂ ਤੇ ਦਿਲ ਖੋਲ੍ਹ ਕੇ ਚੋਟ ਲਾਈ ਹੈ। ਗੰਧਲੇ ਸਿਸਟਮ ਦੀ ਤਸਵੀਰ ਖਿੱਚੀ ਹੈ। ਬਹੁਤ ਵਧੀਆ।

**ਪੰਜਵੀਂ ਕਵਿਤਾ ਕ੍ਰਿਸਮਸ ਗਿਫ਼ਟ**

ਇਸ ਵਿੱਚ ਲੇਖਕ ਨੇ ਮਾਪਿਆਂ ਨੂੰ ਕੁੜੀ- ਮੁੰਡੇ ਦੇ ਫਰਕ ਨਾਲ ਗਿਫਟਾਂ ਦੀ ਚੋਣ, ਕੁੜੀਆਂ ਪ੍ਰਤੀ ਸੌੜੀ ਸੋਚ ਤੇ ਤਰਕ ਕੀਤਾ ਹੈ,ਲਿਖਿਆ ਹੈ,

ਨਹੀਂ ਮੰਮ,ਮੈਂ ਵੀ ਮਾਣ ਨਾਲ ਉਤਾਂਹ ਨੂੰ ਦੇਖਣਾ
ਮੈਂ ਵੀ ਵੀਰੇ ਵਾਂਗਰ ਚੰਦ ਮਾਮੇ ਨੂੰ ਨੇੜਿਓਂ ਦੇਖਣਾ ਚਾਹੁੰਦੀ ਹਾਂ।ਮੈਂ ਵੀ ਤਾਰਿਆਂ ਨਾਲ ਲੁੱਕਣ ਮੀਟੀ ਖੇਡਣੈਂ,
ਮੈਂ ਵੀ ਉਨ੍ਹਾਂ ਨਾਲ ਨੱਚਣਾ ਟੱਪਣਾ,
ਮੈਂ ਧਰਤੀ ਤੇ ਥਾਅ- ਥਈਆ ਨਹੀਂ ਕਰਨਾ
ਮੈਂ ਇਹ ਜੰਜੀਰਾਂ ਨਹੀਂ ਪਾਉਣੀਆਂ
ਮੈਂ ਉੱਡਣਾ ਹੈ, ਮੈਨੂੰ ਉੱਡਣ ਦੇ
ਮੈਂ ਵੀ ਰੰਗ- ਬਰੰਗੀ ਦੁਨੀਆਂ ਦੇਖਣੀ ਹੈ
ਮੈਂ ਵੀ ਸਤਰੰਗੀ ਪੀਂਘ ਝੂਟੂੰਗੀ
ਅਸਮਾਨ ਵਿੱਚ ਉਸਾਰੀਆਂ ਲਾਊਂਗੀ।

**ਛੇਵੀਂ ਕਵਿਤਾ ਮੈਸੀ ਦੀ ਸੌਕਰ ਗੇਮ ਵਰਗੀ ਕਵਿਤਾ ਲਿਖੋ**

ਲੇਖਕ ਨੇ ਸੌਕਰ ਪਲੇਅਰ ਮੈਸੀ(Lionel Messi ) ਦੀ ਖੇਡ ਦੀ ਉਦਾਹਰਣ ਦੇ ਕੇ ਮਨੁੱਖ ਨੂੰ, ਕਵੀ ਨੂੰ ਉਤਸ਼ਾਹਿਤ ਕਰਨ ਲਈ ਮੈਸੀ ਵੰਗੂ ਮਿਹਨਤ ਕਰਕੇ ਕਾਮਯਾਬ ਖਿਡਾਰੀ ਬਣਨ ਵੰਗੂ ਸਫਲਤਾ ਹਾਸਲ ਕਰਨ ਲਈ ਵੰਗਾਰਿਆ ਹੈ:

ਤੁਸੀਂ ਲੋਕਾਂ ਨੂੰ ਨਾ ਸੁਣੋ
ਲੋਕ ਤਾਂ ਮੈਸੀ ਨੂੰ ਵੀ ਕਹਿੰਦੇ ਸੀ
ਤੈਨੂੰ ਸੌਕਰ ਖੇਡਣਾ ਨਹੀਂ ਆਉਂਦਾ
ਤੇਰਾ ਕੱਦ ਬੜਾ ਛੋਟਾ
ਤੇਰੀਆਂ ਲੱਤਾਂ ਬਹੁਤ ਛੋਟੀਆਂ
ਤੇਰੇ ਪੈਰ ਛੋਟੇ ,ਤੇਰਾ ਭਾਰ ਬੜਾ ਥੋੜਾ
ਪਰ ਉਸ ਨੇ ਕਿਸੇ ਦੀ ਗੱਲ ਨਹੀਂ ਸੁਣੀ
ਉਸ ਆਪਣਾ ਨੱਕ ਚੱਕੀ ਦੇ ਪੁੜਾਂ ਵਿੱਚ ਦਿੱਤਾ
ਕੰਨਾਂ ਤੇ ਹੱਥ ਰੱਖ ਲਏ
ਅੱਜ ਦੇਖ ਸਾਰੀ ਦੁਨੀਆ ਮੈਸੀ ਮੈਸੀ ਕਰਦੀ ਹੈ
ਮੈਸੀ ਦੀ ਬੁੱਕਲ ਵਿੱਚ ਬੈਠਣ ਨੂੰ ਕਰਦੀ ਹੈ
ਮੈਸੀ ਨਾਲ ਲਾਡ ਲਡਾਉਣ ਨੂੰ ਕਰਦੀ ਹੈ
ਮੈਸੀ ਨਾਲ ਡੇਟ ਤੇ ਜਾਣ ਨੂੰ ਤਰਸਦੀ ਹੈ।

**ਛੇਵੀਂ ਕਵਿਤਾ ਮਜ਼ਦੂਰਾਂ ਦੀ ਹੜਤਾਲ**

ਭਾਵੇਂ ਲੇਖਕ ਨੇ ਪੰਜਾਬੀ ਕਵਿਤਾ ਲਿਖਣ ਦੀ ਸ਼ੁਰੂਆਤ ਥੋੜੇ ਸਮੇਂ ਤੋਂ ਹੀ ਕੀਤੀ ਹੈ ਪਰ ਆਹ ਕਵਿਤਾ ਵਿੱਚ ਤਾਂ ਲੇਖਕ ਨੇ ਹੰਢੇ ਵਰਤੇ ਕਵੀਆਂ ਵੰਗੂ , ਮੁਸ਼ੈਹਰਿਆਂ,ਪੰਜਾਬੀ ਕਾਨਫਰੰਸਾਂ, ਕਵੀ ਦਰਬਾਰਾਂ ਦੀ, ਕਈ ਕਵੀਆਂ, ਲਿਖਾਰੀਆਂ ਦੇ ਕਿਰਦਾਰ ਦੀ ਉਹ ਪਿਕਚਰ ਖਿੱਚੀ ਐ ਜਿਵੇਂ ਕਿ ਉਸ ਨੇ ਅੱਖੀ ਦੇਖਿਆ ਹਾਲ ਲਿਖਿਆ ਹੋਵੇ। ਲੇਖਕ ਨੇ ਉਹਨਾਂ ਕਵੀਆਂ ਦੀ ਵੀ ਗੱਲ ਕੀਤੀ ਹੈ ਜੋ ਆਪਣੇ-ਆਪ ਨੂੰ ਬਹੁਤ ਚੋਟੀ ਦੇ ਕਵੀ ਸਮਝਦੇ ਹਨ ਅਤੇ ਆਪਣੀ ਗਜ਼ਲ ,ਨਜ਼ਮਾਂ, ਰੁਬਾਈਆਂ ਵਿੱਚ ਕਈ ਕਈ ਬੈਹਰਾਂ ਇਕੱਠੀਆਂ ਕਰਕੇ ,ਪੰਜਾਬੀ ਦੀ ਥਾਂ ਉੜਦੂ, ਸੰਸਕ੍ਰਿਤ ਭਾਸ਼ਾ ਦੇ ਸ਼ਬਦ ਵਰਤ ਕੇ ਆਪਣੇ-ਆਪ ਨੂੰ ਉੱਚਕੋਟੀ ਦੇ ਸ਼ਾਇਰ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਜਿਵੇਂ ਕਿ ਮਜ਼ਦੂਰਾਂ ਦੀ ਹੜਤਾਲ ਤੇ ਮਜ਼ਦੂਰ ਮਸ਼ਹੂਰ ਕਵੀ ਨੂੰ ਧਿਆਨ ਨਾਲ ਸੁਣ ਰਹੇ ਹਨ ਕਿ ਉਹ ਮਜ਼ਦੂਰਾਂ ਦੇ ਹੱਕ ਦੀ ਗੱਲ ਕਰ ਰਿਹਾ ਹੈ ਪਰ ਮਜ਼ਦੂਰਾਂ ਦੀ ਘੁਸਰ - ਮੁਸਰ ਤੋਂ ਬਾਅਦ,

ਸੁੱਕੀਆਂ ਰੋਟੀਆਂ ਵਾਲੇ ਪੋਣੇ ਖੋਲ੍ਹੇ
ਆਚਾਰ ਅਤੇ ਗੰਢੇ ਕੱਢ ਕੇ
ਮੇਰੇ ਉੱਤੇ ਸੱਟਣੇ ਸ਼ੁਰੂ ਕਰ ਦਿੱਤੇ
ਬੋਲੇ,
ਸਾਨੂੰ ਨਹੀਂ ਪਤਾ
ਇਹ ਕਹਿਣ ,ਮਹੀਣ ,ਟਵੀਣ , ਲਵੀਨ,ਪ੍ਰਵੀਨ
ਕੀ ਹੁੰਦਾ ਹੈ ?
ਤੂੰ ਸਾਡੀ ਬੋਲੀ ਵਿੱਚ ਗੱਲ ਕਰ
ਸਾਨੂੰ ਤੇਰੀ ਇਹ ਚਾਦਰਾਂ,ਰਜਾਈਆਂ ਵਿੱਚ ਲਪੇਟੀ
ਕਵਿਤਾ ਸਮਝ ਨਹੀਂ ਆਉਂਦੀ ।

ਉਹੀ ਲੇਖਕ ਕਹਿੰਦਾ ਐ ਕਿ ,

ਮੈਂ ਮਸਾਂ ਆਪਣੀ ਏ ਸੀ ਕਾਰ ਤੇ
ਜਾਨ ਬਚਾ ਕੇ ਭੱਜਿਆ
ਤੇ ਕਵੀਆਂ ਦੀ ਮਹਿਫਲ ਵਿੱਚ ਪਹੁੰਚਿਆ
ਕਵੀਆਂ ਨੇ ਪੁੱਛਿਆ, ਕੀ ਗੱਲ ਹੈ ?
ਬੜਾ ਘਬਰਾਇਆ ਹੋਇਆ ਹੈਂ !ਜਦ ਮੈਂ ਸਭ ਦੱਸਿਆ,
ਸਾਰੇ ਕਵੀ ਇਕੱਠੇ ਈ ਬੋਲੇ,
ਸਾਲੇ ਅਨਪੜ੍ਹ ਮਜ਼ਦੂਰ
ਬੇਅਕਲੇ
ਅਛੂਤ
ਕੰਮੀਂ
ਘਟੀਆ ਜਾਤ !
ਗੰਵਾਰ!
ਅਕਲੋਂ ਖਾਲੀ!
ਬੇਸਮਝ!
ਉੱਲੂ!
ਅਗਲੀ ਕਾਰਵਾਈ ਹੋਈ
ਸਾਰੇ ਕਵੀਆਂ ਨੇ ਸਹਿਮਤੀ ਨਾਲ
ਵਰਲਡ ਪੰਜਾਬੀ ਕਾਨਫਰੰਸ ਕਰਾਉਣ ਦਾ
ਮਤਾ ਪਾਸ ਕੀਤਾ
ਕੁਝ ਕਿਤਾਬਾਂ ਦੀ ਘੁੰਡ ਚੁਕਾਈ ਹੋਈ, ਵਸਤਰ ਲਾਹੇ
ਕਰਾਰੇ-ਕਰਾਰੇ ਚਿਕਨ ਨਾਲ
ਸਕਾਂਗੇ ਜਾਨੀ ਵਾਕਰ ਦੇ
ਦੋ ਦੋ ਪੈੱਗ ਲਾਏ
ਨੱਢੀਆਂ ਨੂੰ ਦਿਲ ਦਾ ਮਾਸ ਖੁਆਇਆ
ਸਾਰੇ ਕਵੀ ਆਪਣੀਆਂ ਏ. ਸੀ. ਕਾਰਾਂ ਤੇ
ਆਪੋ- ਆਪਣੇ ਘਰੀਂ ਜਾ ਵੜੇ। ( ਲੇਖਕ ਨੇ ਕਮਾਲ ਦੀ ਪਿਕਚਰ ਖਿੱਚੀ ਹੈ)

**7 ਵੀਂ ਕਵਿਤਾ ਘਾਹ**

ਲੇਖਕ ਨੇ ਮਨੁੱਖ ਨੂੰ ਘਾਹ ਦੇ ਵਿੱਚ ਜੜੀਆਂ ਬੂਟੀਆਂ( weeds) ਮਾਰਨ ਦੀ ਉਦਾਹਰਣ ਦੇ ਕੇ ਸਮਝਾਇਆ ਹੈ ਕਿ ਜਿਸ ਤਰਾਂ ਤੂੰ ਆਪਣੇ ਘਰ ਦੇ ਲਾਅਨ( lawn) ਵਿੱਚੋਂ ਡੈਂਡੀਲਾਈਨ ਮਾਰਨ ਲਈ ਕੈਮੀਕਲ ਸਪਰੇਆਂ ਕਰਕੇ ਪ੍ਰਦੂਸ਼ਣ ਫਿਲਾਓਨਾ ਹੈ, ਨਿੱਕੇ ਜੀਵ ਜੰਤੂ ਵੀ ਮਾਰਦਾ ਐਂ ਕਿ ਤੇਰਾ ਘਾਹ ਸੋਹਣਾ ਲੱਗੇ, ਇਸੇ ਤਰਾਂ ਅਮੀਰ ਬੰਦੇ ਗਰੀਬਾਂ ਦੀਆਂ ਝੌਂਪੜੀਆਂ ਢਾਉਂਦੇ ਹਨ ਕਿ ਉਹਨਾਂ ਦੇ ਬੰਗਲੇ ਸੋਹਣੇ ਲੱਗਣ ।ਅਮੀਰ ਵੀ ਗਰੀਬਾਂ ਨੂੰ ਜੜ੍ਹੀ- ਬੂਟੀਆਂ( weeds) ਸਮਝ ਕੇ ਖਤਮ ਕਰਦੇ ਹਨ। ਪਰ ਮਨੁੱਖ ਨੂੰ ( ਅਮੀਰਾਂ ਨੂੰ ਵੀ) ਚਿਤਾਰਿਆ ਵੀ ਇਸ ਤਰਾਂ ਹੈ:

ਤੂੰ ਕਦੇ ਸੋਚਿਆ
ਤੇਰੇ ਦਿਮਾਗ ਵਿਚ
ਕਿੰਨੀ ਤਰਾਂ ਦੇ ਵੀਡਜ਼ ਨੇ
ਗੀਤਾਂ-ਰਿਵਾਜਾਂ
ਧਰਮ,ਜਾਤ-ਪਾਤ
ਊਚ-ਨੀਚ,ਛੂਤ-ਛਾਤ
ਅਮੀਰੀ-ਗਰੀਬੀ,ਕਾਲੇ-ਪੀਲੇ ਲੋਕ

ਲੇਖਕ ਨੇ ਮਨੁੱਖ ਨੂੰ ਸਮਝਾਇਆ ਐ ਕਿ ਆਪਣੇ ਦਿਮਾਗ ਦੇ ਵੀਡਜ ਮਾਰ ,ਤਾਂ ਜੋ ਤੇਰਾ ਦਿਮਾਗ ਸਾਫ ਹੋਵੇ, ਸੋਚਣੀ ਸਾਫ ਹੋਵੇ।

8ਵੀਂ ਕਵਿਤਾ ਮੈਂ ਭਗਤ ਸਿੰਘ ਬੋਲਦਾ ਹਾਂ ਇਹ ਕਵਿਤਾ ਥੋੜੀ ਜਿਹੀ ਲੰਬੀ ਹੈ ਕਿਉਂਕਿ ਲੇਖਕ ਨੇ ਪੰਜਾਬੀਆਂ ਨੂੰ ਕਾਫੀ ਫਿਟਕਾਰਾਂ ਪਾਈਆਂ ਹਨ ਕਿ ਮੇਰੀ ਕੁਰਬਾਨੀ, ਸ਼ਹਾਦਤ ਤੋਂ ਤੁਸੀਂ ਕੀ ਸਿਖਿਆ ਹੈ ਕਿ ਮੈਂ ਤਾਂ ਗੋਰਿਆਂ ਨਾਲ ਟੱਕਰ ਲਈ ਸੀ ਤੁਸੀਂ ਆਪਣਿਆ ਨਾਲ ਵੀ ਸਿੱਝ ਸਕਦੇ,

ਤੁਸੀ ਉੱਦਮ ਕਰੋ
ਹੁਣ ਤਾਂ ਸਾਡੇ ਵਕਤ ਨਾਲੋਂ
ਵਕਤ ਹੋਰ ਵੀ ਖਰਾਬ ਹੈ ( ਲਾ ਕੇ ਕਿਹਾ ਐ)
ਚਿੱਟੀ ਚਮੜੀ ਦੀ ਥਾਂ
ਬਰਾਊਨ ਦਾ ਰਾਜ ਹੈ
ਤੁਸੀਂ ਹੱਟੇ ਕੱਟੇ ਹੋ
ਕਿਸੇ ਚੀਜ ਦੀ ਘਾਟ ਨਹੀਂ
ਖਾਣ ਨੂੰ ਕੁੱਕੜ ਤੇ ਪੀਣ ਨੂੰ ਸ਼ਰਾਬ ਹੈ
ਮੈਂ ਨਹੀਂ ਆਉਣਾ,
ਐਵੇਂ ਨਾ ਮੈਨੂੰ ਵਾਜਾਂ ਮਾਰੋ

ਅੱਗੇ ਜਾ ਕੇ ਲੇਖਕ ਨੇ ਪੰਜਾਬੀਆਂ ਨੂੰ ਫੇਰ ਲਲਕਾਰਿਆ ਹੈ,

ਤੁਸੀਂ ਤਾਂ ਸੱਚ ਵੀ ਨਹੀਂ ਬੋਲ ਸਕਦੇ
ਸਿਰਫ ਸਾਲ ਵਿੱਚ ਇੱਕ ਦਿਨ ਮੇਰਾ
ਨਾਮ ਵਰਤਣ ਲਈ ਡਰਾਮਾ ਕਰ ਸਕਦੇ ਹੋ
ਪੀਲੀਆਂ ਪੱਗਾਂ ਅਤੇ ਪੀਲੀਆਂ ਚੁੰਨੀਆਂ
ਇਹਨਾਂ ਨੂੰ ਸਿਰਾਂ ਤੋਂ ਲਾਹੋ
ਕਿਸੇ ਚੋਰ ਲੀਡਰ
ਦੇ ਗੱਲ ਵਿੱਚ ਪਾਓ।

**9 ਵੀਂ ਕਵਿਤਾ ਹੈ ਸ਼ੀਸ਼ਾ ਬੋਲਿਆ**

ਲੇਖਕ ਨੇ ਉਹਨਾਂ ਕਵੀਆਂ ,ਲਿਖਾਰੀਆਂ ,ਲੀਡਰਾਂ ਦੀ ਗੱਲ ਕੀਤੀ ਹੈ ਜੋ ਜਨਤਾ ਨੂੰ ਤਾਂ ਲੰਬੇ ਲੰਬੇ ਸੁਨੇਹੇ ਦਿੰਦੇ ਐ, ਲਿਖਾਰੀ ਮਾਂ-ਬੋਲੀ ਦਿਵਸ ਤੇ ਰੌਲਾ ਪਾਉਂਦੇ ਹਨ,ਪੰਜਾਬੀ ਬੋਲੋ, ਪੜ੍ਹੋ ਪਰ ਆਪ ਆਪਣੇ ਬੱਚਿਆਂ ਨੂੰ ਆਇਲਟ( IELTS) ਕਰਾ ਕੇ ਬਾਹਰ ਭੇਜ ਰਹੇ ਹੋ,

ਤੇਰੇ ਬੱਚਿਆਂ ਨੇ
ਨਾ ਮਾਂ-ਬੋਲੀ ਸਿੱਖੀ
ਨਾ ਪੜ੍ਹੀ ਨਾ ਲਿਖੀ
ਕੀ ਉਹ ਮੁਰਝਾ ਗਏ ?
ਕੀ ਉਹ ਖਤਮ ਹੋ ਗਏ ?
ਕੀ ਉਹ ਕੱਖ ਦੇ ਨਹੀਂ ਰਹੇ ?
ਉਹ ਤਾਂ ਐਸ਼ ਕਰਦੇ ਨੇ
ਵਧੀਆ ਦੇਸ਼ ਵਿੱਚ ਰਹਿੰਦੇ ਨੇ
ਵਧੀਆ ਕਾਰਾਂ ਚਲਾਉਂਦੇ ਹਨ
ਵਧੀਆ ਘਰਾਂ ਵਿਚ ਰਹਿੰਦੇ ਨੇ
ਵਧੀਆ ਖਾਂਦੇ ਪੀਂਦੇ ਆ
ਵੱਡੇ-ਵੱਡੇ ਘਰਾਂ ਵਿੱਚ ਵਿਆਹੇ ਗਏ
ਕੁਝ ਸ਼ਰਮ ਕਰ ਓਏ ਵੱਡਿਆ ਲੋਕ ਕਵੀਆ!!

**10 ਵੀਂ ਕਵਿਤਾ ਲੱਗਦਾ ਮੈਂ ਬੁੱਢਾ ਹੋ ਗਿਆ**

ਲੇਖਕ ਨੇ ਇਹ ਕਵਿਤਾ ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਬਜ਼ੁਰਗਾਂ ਦੇ ਹਾਲਾਤਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬਜ਼ੁਰਗਾਂ ਦਾ ਹਰ ਕੋਈ ਮਖੌਲ ਉਡੌਣ ਲਈ ਤਿਆਰ ਰਹਿੰਦਾ ਹੈ,ਭਾਵੇਂ ਗਲਤ ਕਰੋ, ਭਾਵੇਂ ਸਹੀ ਕਰੋ!

ਜੇਕਰ ਕਾਰ ਹੌਲੀ ਚਲਾਵਾਂ
ਤਾਂ ਵੀ ਲੋਕ ਹਾਰਨ ਮਾਰਦੇ ਆ
ਉਂਗਲ ਖੜੀ ਕਰਕੇ ਕਹਿੰਦੇ!,ਪਾਸੇ ਹਟ!
ਤੂੰ ਤਾਂ ਵਿਹਲਾ,ਅਸੀਂ ਤਾਂ ਕੰਮ ਤੇ ਜਾਣਾ
ਜੇ ਤੇਜ ਚਲਾਈਆਂ ਤਾਂ ਵੀ ਹੌਰਨ ਮਾਰਦੇ
ਕਹਿੰਦੇ, ਸ਼ਰਮ ਨਹੀਂ ਆਉਂਦੀ ਬੁੱਢੇ ਨੂੰ!
ਅਜੇ ਵੀ ਟੀਨਏਜਰਾਂ ਵਾਂਗ ਚਲਾਉਂਦਾ
ਲੱਗਦਾ ਮੈਂ ਬੁੱਢਾ ਹੋ ਗਿਆ

ਲੇਖਕ ਨੇ ਇਸ ਵੱਡੀ ਉਮਰ ਦਾ ਅਸਰ ਪਰਿਵਾਰਕ ਰਿਸ਼ਤਿਆਂ ਵਿੱਚ ਪਿਆ ਵੀ ਦਿਖਾਇਆ ਹੈ, ਜਿਵੇਂ ਕਿ,

ਨੂੰਹ ਨੇ ਫੈਸਲਾ ਸੁਣਾ ਦਿੱਤਾ
ਕਹਿੰਦੀ, ਨਾਲੇ ਸੱਪ ਵੀ ਮਰ ਜਾਊ
ਸੋਟੀ ਵੀ ਬਚ ਜਾਊ
ਬੁੱਢੇ ਨੂੰ ਟੈਕਸੀ ਤੇ ਚੜ੍ਹਾਓ
ਇਸ ਤੋਂ ਆਥਣ ਦੀ ਸ਼ਿਫਟ ਲਵਾਓ
ਨਾਲੇ ਏਅਰਪੋਰਟ ਤੇ ਤਾਸ਼ ਖੇਡ ਆਇਆ ਕਰੂ
ਨਾਲੇ ਕਵਿਤਾ ਕਹਾਣੀਆਂ ਲਿਖ ਪੜ੍ਹ ਆਇਆ ਕਰੂ
ਨਾਲੇ ਮੌਜ-ਮੇਲਾ ਕਰ ਆਇਆ ਕਰੂ
ਦੋਸਤਾਂ ਮਿੱਤਰਾਂ ਨੂੰ ਮਿਲ ਆਇਆ ਕਰੂ
ਹੱਸ ਖੇਡ ਆਇਆ ਕਰੂ
ਬਿੱਲ ਬੱਤੀਆਂ ਦੇ ਆਇਆ ਕਰੂ
ਆਉਂਦਾ ਆਉਂਦਾ ਗਰੌਸਰੀ ਲੈ ਆਇਆ ਕਰੂ
ਗੋਰੀਆਂ ਗੂਰੀਆ ਨੂੰ ਮਿਲ ਆਇਆ ਕਰੂ
ਖਬਰਾਂ ਸ਼ਬਰਾਂ ਸੁਣ ਆਇਆ ਕਰੂ
ਜੇ ਬਹੁਤਾ ਨਹੀਂ ਤਾਂ
ਸ਼ਾਮ ਨੂੰ ਨੂੰ ਬਿੱਲੀ ਦੇ ਕੰਨਾਂ ਵਰਗੇ ਦੋ ਨੋਟ
ਕਮਾ ਕੇ ਲਿਆਇਆ ਕਰੂ।
ਘਰ ਦੀਆਂ ਕਿਸ਼ਤਾਂ ਲਈ
ਮੱਦਦ ਕਰਾਇਆ ਕਰੂ।

ਲੇਖਕ ਨੇ ਜੋ ਵੇਖਿਆ ਸੁਣਿਆਂ ਸਭ ਕੁਝ ਸੱਚ ਲਿਖ ਦਿੱਤਾ ,ਕੋਈ ਪ੍ਰਵਾਹ ਨਹੀਂ ਕੀਤੀ ਕਿ ਲੋਕ, ਪਾਠਕ ਕੀ ਕਹਿਣਗੇ, ਬਾਹਲੇ ਪੜ੍ਹੇ ਲਿਖੇ ਲਿਖਾਰੀ ਕੀ ਕਹਿਣਗੇ। ਇਹ ਅਣਝਕ ਲਿਖਤ ਇਸ ਲੇਖਕ ਦੀ ਵੱਖਰੀ ਪਹਿਚਾਣ ਹੈ ।

**11ਵੀਂ ਕਵਿਤਾ ਕਰਤਾਰ ਸਿੰਘ ਸਰਾਭਾ**

ਲੇਖਕ ਨੇ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਆਪਣੇ ਨਾਲ, ਆਮ ਬੰਦੇ ਨਾਲ ਮੁਕਾਬਲਾ ਕੀਤਾ ਐ ਕਿ ਸਰਾਭੇ ਦਾ 19 ਸਾਲ ਦੀ ਉਮਰ ਕਿੱਡਾ ਵੱਡਾ ਜਿਗਰਾ ਸੀ ਕਿ ਇਸ ਉਮਰ ਵਿੱਚ ਉਸ ਨੂੰ ਮੌਤ ਤੋਂ ਡਰ ਨਹੀਂ ਲੱਗਿਆ। ਸਾਨੂੰ ਤਾਂ ਸੁਣ ਕੇ ਹੀ ਕੰਬਣੀ ਚੜ੍ਹ ਜਾਂਦੀ ਐ। ਫੇਰ ਲੇਖਕ ਕਹਿੰਦਾ ਐ ਕਿ ਤੂੰ ਸਰਾਭਿਆ

ਆਪਣੀ ਜਾਨ ਦੇ ਕੇ ਸਾਨੂੰ ਆਜ਼ਾਦੀ
ਦੁਆ ਗਿਆ ਪਰ,
ਆਜ਼ਾਦੀ ਤਾਂ ਰਾਜੇ, ਸ਼ਾਹ, ਮੁਕੱਦਮ, ਕੁੱਤੇ
ਚੋਰੀ ਕਰ ਕੇ ਲੈ ਗਏ
ਅੱਜ 75 ਸਾਲ ਬਾਅਦ ਵੀ
ਕੰਮੀਆਂ ਦੀ ਕੁੜੀ ਨੂੰ ਤਾਂ
ਮੁੱਠ ਦਾਣਿਆਂ ਦੀ ਖਾਤਰ
ਹਰੀ ਚਾਰੇ ਦੀ ਭਰੀ ਖਾਤਰ
ਆਪਣੀ ਸਲਵਾਰ ਦਾ ਨਾਲਾ
ਖੁਲ੍ਹਵਾਉਣਾ ਪੈਂਦਾ।

12ਵੀਂ ਕਵਿਤਾ ਬੀਚ (Beach)

ਲੇਖਕ ਨੇ ਕੈਨੇਡਾ ,ਅਮਰੀਕਾ ਅਤੇ ਯੌਰਪ ਵਰਗੇ ਦੇਸ਼ਾਂ ਦੀਆਂ ਬੀਚਾਂ( Beaches) ਦੀ ਗੱਲ ਕੀਤੀ ਹੈ ਕਿ ਆਪਣੇ ਲੋਕ ਬੀਚ ਤੇ ਜਾ ਕੇ ਗੋਰੀਆਂ ਦੇ ਜਿਸਮ ਨੂੰ ਅੱਖਾਂ ਰਾਹੀਂ, ਦਿਲ ਰਾਹੀਂ ਛਾਣ ਕੇ ਲਾਲਾਂ ਸਿੱਟਦੇ ਹਨ,

÷ ਬੱਸ ਮੇਰੀਆਂ ਨਿਗਾਹਾਂ
ਹਰ ਵਾਰ ਦੀ ਤਰਾਂ
ਗਿੱਟਿਆਂ ਤੋਂ ਤੁਰਦੀਆਂ
ਗੋਰੀਆਂ ਦੇ ਪੱਟਾਂ ਤੇ ਜਾ ਕੇ ਰੁਕਦੀਆਂ
ਮੈਂ ਸੋਚਦਾ, ਮੇਰੀ ਇਹ ਭੁੱਖ ਕਿਉਂ ਨਹੀਂ ਕਰ ਮਿਟਦੀ
ਇਹ ਕਦੋਂ ਮਿਟੇਗੀ
ਕੀ ਇਹ ਪੰਜਾਬੀ ਕਲਚਰ ਦੀ ਦੇਣ ਹੈ?
ਮਾਸ ਹੀ ਤਾਂ ਹੈ
ਸਿਰਫ ਰੰਗ ਦਾ ਹੀ ਫਰਕ ਹੈ
ਹੋਰ ਕੁਝ ਵੀ ਨਹੀਂ!!!

ਲੇਖਕ ਨੇ ਏਸ ਕਵਿਤਾ ਵਿੱਚ ਗੋਰੇ ਗੋਰੀਆਂ ਦੀ ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਵੀ ਦਰਸਾਇਆਂ ਹੈ ਕਿ ਇਹ ਬੀਚ ਤੇ ਰੇਤਾ ਵਿੱਚ ਪੈ ਕੇ ਵੀ ,ਮਗਨ ਹੋ ਕੇ ਕਿਤਾਬਾਂ ਪੜ੍ਹਦੀਆਂ ਹਨ,

ਗੋਰੀਆਂ ਢਿੱਡਾਂ ਤੇ ਕਿਤਾਬਾਂ ਰੱਖੀ
ਰੇਤ ਤੇ ਲੇਟੇ ਲਾ ਰਹੀਆਂ ਸਨ
ਪੂਰੀਆਂ ਮਗਨ ਸਨ
ਬਿਰਤੀਆਂ ਪੂਰੀਆਂ ਜੁੜੀਆਂ ਹੋਈਆਂ ਸਨ
ਮੈਂ ਸੋਚਾਂ, ਏਨਾ ਮਗਨ ਤਾਂ
ਮੈਂ ਕਦੇ ਗੁਰੂ ਘਰ ਜਾ ਕੇ ਵੀ ਨਹੀਂ ਹੋਇਆ।

ਕਵਿਤਾ ਦੇ ਆਖੀਰ ਵਿੱਚ ਕਿਤਾਬਾਂ ਨਾ ਪੜ੍ਹਨ ਵਾਲਿਆਂ ਦੀ ਪਸ਼ੂਆਂ ਨਾਲ ਤੁਲਣਾ ਕੀਤੀ ਹੈ।

**13 ਵੀਂ ਕਵਿਤਾ ਅਸੀਂ ਆਵਾਂਗੇ, ਤੰਬੂ ਵੀ ਲਾਵਾਂਗੇ**

ਲੇਖਕ ਨੇ ਪਿੱਛੇ ਲੰਘੇ ਕਿਸਾਨ ਮੋਰਚੇ ਤੋਂ ਪ੍ਰਭਾਵਿਤ ਹੋ ਕੇ ਸਰਕਾਰਾਂ ਨੂੰ ਲਾਹਣਤਾਂ ਪਾਈਆਂ ਹਨ ,ਰਾਜੇ ਸ਼ੀਅ ਮੁਕੱਦਮ ਕੁੱਤੇ ਕਹਿ ਕੇ ਆਪਣੇ ਹੱਕਾਂ ਦੀ, ਇਨਸਾਫ ਦੀ ਮੰਗ ਕੀਤੀ ਹੈ ਕਿ ਅਸੀਂ ਸ਼ਾਂਤਮਈ ਢੰਗ ਨਾਲ ਆਪਣੇ ਹੱਕ ਮੰਗਦੇ ਹਾਂ ਪਰ ਜੇ ਸ਼ਾਂਤਮਈ ਢੰਗ ਨਾਲ ਨਹੀਂ ਮੰਨਣਾ ਤਾਂ ਸਾਨੂੰ ਤੇਰੇ ਗਲ ਵਿੱਚ ਸਾਫਾ ਪਾਉਣਾ ਵੀ ਆਉਂਦਾ ਹੈ।

**14 ਵੀਂ ਕਵਿਤਾ ਵਧੀਆ ਦੇਸ਼ ਦੇ ਬੇਵਕੂਫ ਲੋਕ**

ਲੇਖਕ ਨੇ ਉਹਨਾਂ ਪੜ੍ਹਿਆਂ ਲਿਖਿਆਂ ਦੀ, ਜੋ ਆਪਣੇ-ਆਪ ਨੂੰ ਚੋਟੀ ਦੇ ਕਵੀ ਸਮਝਦੇ ਨੇ, ਨੱਕ ਤੇ ਮੱਖੀ ਨਹੀਂ ਬੈਹਿਣ ਦਿੰਦੇ ਵਰਗਿਆਂ ਦੀ ਉਦਾਹਰਣ ਦੇ ਕੇ ਗੱਲ ਕੀਤੀ ਹੈ ਕਈ ਆਪਣੇ ਗੁਮਾਨ ਵਿੱਚ ਆਫਰੇ ਫਿਰਦੇ ਹਨ ਕਿ ਅਸੀਂ ਬਹੁਤ ਪੜ੍ਹੇ-ਲਿਖੇ, ਗੁਣਵਾਨ, ਮਸ਼ਹੂਰ ਹਾਂ ਪਰ ਸਾਨੂੰ ਸਾਡੇ ਰਹਿਣ ਸਹਿਣ ਦਾ, ਆਲਾ ਦੁਆਲਾ ਸਾਫ-ਸੁਥਰਾ ਰੱਖਣ ਦਾ, ਆਪਣੀਆਂ ਜ਼ਿੰਮੇਵਾਰੀਆਂ ਦਾ ਪਤਾ ਨਹੀਂ! ਜਿਵੇਂ ਕਿ ਇੱਕ ਕਵੀ ਬਾਹਰਲੇ ਦੇਸ਼ ਵਿੱਚ ਆਕੇ ਦੇਖਦਾ ਹੈ:

ਇੱਕ ਗੋਰਾ ਆਪਣੇ ਕੁੱਤੇ ਨੂੰ ਸੈਰ ਕਰਾਉਣ ਰਿਹਾ ਸੀ
ਕੁੱਤੇ ਨੇ ਆਪਣਾ ਜੰਗਲ-ਪਾਣੀ ਕੀਤਾ
ਗੋਰੇ ਨੇ ਆਪਣੀ ਜੇਬ ਚੋਂ
ਪਲਾਸਟਿਕ ਦਾ ਹਰਾ ਬੈਗ ਕੱਢਿਆ
ਬੈਗ ਵਿੱਚ ਹੱਥ ਪਾਇਆ
ਫੇਰ ਕੁੱਤੇ ਦੀ ਗਰਮ ਗਰਮ ਪੌਟੀ ਚੁੱਕੀ
ਬੈਗ ਨੂੰ ਗੰਢ ਮਾਰੀ
ਬੈਗ ਹੱਥ ਵਿੱਚ ਲਟਕਾਉਂਦਾ
ਆਪਣੇ ਘਰ ਵੱਲ ਤੁਰ ਪਿਆ
ਮੈਂ ਸੋਚਿਆ
ਕਿੰਨਾ ਬੇਵਕੂਫ ਹੈ ਗੋਰਾ
ਅਸੀਂ ਤਾਂ ਕਦੇ ਵੀ
ਇਸ ਤਰਾਂ ਨਹੀਂ ਕਰਦੇ
ਇਹ ਤਾਂ ਬੜਾ ਬੇਵਕੂਫ ਹੈ
ਇਸ ਨੂੰ ਤਾਂ ਚਵਾਨੀ ਦੀ ਅਕਲ ਨਹੀਂ
ਅਸੀਂ ਤਾਂ ਆਪਣੇ ਬੱਚੇ ਦੀ ਪੌਟੀ ਨਹੀਂ ਚੱਕਦੇ
ਸ਼ੀਂ ਸ਼ੀ ਕਰਦੇ ਨੇ ਆਪਣੇ ਨੱਕ ਤੇ ਹੱਥ ਰੱਖਿਆ
ਸੁਤੇ- ਸਿੱਧ ਮੇਰੇ ਮੂੰਹੋਂ ਨਿਕਲਿਆ
ਬੇਵਕੂਫ ਗੋਰਾ
ਮਹਾਂ ਮੂਰਖ ਗੋਰਾ

**15 ਵੀਂ ਕਵਿਤਾ ਡੇਟਿੰਗ ਸ਼ੇਟਿੰਗ**

ਲੇਖਕ ਨੇ ਪੰਜਾਬੀ ਕੁੜੀ ਅਤੇ ਗੋਰੀ ਕੁੜੀ ਨਾਲ ਡੇਟ ਤੇ ਜਾਣ-ਪਛਾਣ ਲਈ ਹੋਈ ਗੱਲਬਾਤ ਦਾ ਫਰਕ ਦੱਸਿਆ ਹੈ ਕਿ ÷ ਪੰਜਾਬੀ ਕੁੜੀ ਕਿਰਦਾਰ, ਸ਼ੌਂਕ ਦੀ ਬਜਾਏ ਪੁੱਛਦੀ ਹੈ ਕਿ ਕੀ ਕੰਮ ਕਰਦਾ ਹੈ? ਕਿੰਨੀ ਤਨਖਾਹ, ਤੇਰਾ ਆਪਣਾ ਘਰ ਹੈਗਾ ?ਕਿਹੜਾ ਪਿੰਡ, ਕਿੰਨੀ ਜ਼ਮੀਨ, ਪਿੰਡ ਕੋਠੀ ਪਾਈ ਐ? ਕਿਸੇ ਭੈਣ-ਭਰਾ ਓ, ਵਿਆਹ ਤੋਂ ਬਾਅਦ ਤੇਰੇ ਮਾਂ-ਪਿਓ ਨਾਲ ਰਹਿਣਗੇ? ਪਰ ਗੋਰੀ ਕੁੜੀ ਨੂੰ ਇਹਨਾਂ ਗੱਲਾਂ ਨਾਲ ਕੋਈ ਵਾਸਤਾ ਨਹੀਂ !ਉਹ ਪੁੱਛਦੀ ਹੈ:

ਕਿਹੜੇ-ਕਿਹੜੇ ਸ਼ੌਂਕ ਰੱਖਦੈਂ
ਕਿਹੜੀ ਗੇਮ ਖੇਡਦੈ
ਕੈਂਪਿੰਗ ਲਾਈਕ ਕਰਦੈਂ
ਰੀਡਿੰਗ ਲਾਈਕ ਕਰਦੈਂ
ਮੈਂ ਕਿਹਾ ਬੜੀ ਟੈਨਿੰਗ ਕੀਤੀ ਐ
ਕੀ ਮੈਕਸੀਕੋ ਤੋਂ ਹੌਲੀਡੇਅ ਮਨਾ ਕੇ ਆਈ ਹੈਂ ?
ਓਹ ਨੋ ਨੋ ਨੋ
ਅਫਰੀਕਾ ਵਿਚ ਗਰੀਬਾਂ ਦੇ ਪਾਣੀ ਪੀਣ ਲਈ ਨਲਕੇ ਲਗਵਾਉਣ ਗਈ ਸੀ ( ਸੇਵਾ, charitable work)
ਜਦੋਂ ਮੈਂ ਦੱਸਿਆ ਕਿ ਮੈਂ ਆਪਣੇ ਮੰਮੀ ਡੈਡੀ ਨਾਲ ਰਹਿਨਾ ਹਾਂ÷
ਉਹ ਬਹੁਤ ਹੱਸੀ, ਬਹੁਤ ਹੱਸੀ
÷ ਫੇਰ ਤਾਂ ਤੂੰ ਅਜੇ ਬੱਚਾ ਹੀ ਹੈ!!
ਤੇਰੀਆਂ ਹੌਬੀਆਂ ਕਿਹੜੀਆਂ ਨੇ
ਤੂੰ ਕਿਸ ਚੈਰਿਟੀ ਨਾਲ ਕੰਮ ਕਰਦਾ ਹੈ ?
ਇਹ ਫਰਕ ਐ ਆਪਣਿਆਂ ਦੀ ਸੋਚ ਅਤੇ ਗੋਰਿਆਂ ਦੀ ਸੋਚ ਵਿੱਚ!!!

**16ਵੀਂ ਕਵਿਤਾ ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ**

ਲੇਖਕ ਨੇ ਸੰਨ 2020 ਵਿੱਚ ਲੱਗੇ ਮੋਰਚੇ ਦੀ ਗੱਲ ਕੀਤੀ ਹੈ ਕਿ ਕਿਵੇਂ ਮੀਂਹ,ਹਨੇਰੀਆਂ ਵਿੱਚ ਰੁਲ ਕੇ, ਪੱਗਾਂ ਲੁਹਾ ਕੇ ਲਹੂ ਲੁਹਾਣ ਹੋ ਕੇ ਬੁਲੰਦ ਹੌਸਲਿਆਂ ਨਾਲ ਮੋਰਚਾ ਜਿੱਤਿਆ ਪਰ ਕਈ ਚਮਚਿਆਂ ਦੇ ਕਿਰਦਾਰਾਂ ਦਾ ਪਤਾ ਲੱਗ ਗਿਆ। ਪਰ ਫੇਰ ਵੀ ਕਹਿੰਦਾ ਹੈ

ਪਰ ਫਿਰ ਵੀ ਪਤਾ ਨਹੀਂ ਕਿਉਂ
ਸਰਕਾਰ ਤੋਂ ਜਿੱਤ ਦਾ ਸਰਟੀਫਿਕੇਟ ਲੈਂਦਿਆਂ
ਵਿਸ਼ਵਾਸ ਨਾ ਹੋਣ ਕਰਕੇ
ਕੰਬਦੇ ਹੱਥਾਂ ਨਾਲ ਫੜਨਾ ਪਿਆ
ਅੰਤ ਨੂੰ ਫੌਜਾਂ ਜਿੱਤ ਕੇ
ਸੰਨੀ ਡੇਅ ਵਾਲੇ ਦਿਨ
ਦਿੱਲੀ ਤੋਂ ਭੰਗੜਾ ਪਾਉਂਦੀਆਂ ਆਈਆਂ।

ਇਹਦੇ ਵਿਚ ਲੇਖਕ ਨੇ ਵਿਸ਼ਵਾਸ ਨਾ ਹੋਣ ਕਰਕੇ ਸ਼ਬਦ ਪਤਾਂ ਨਹੀਂ ਕਿ ਕਿਸਾਨ ਮੋਰਚੇ ਵਾਲਿਆਂ ਲਈ ਵਰਤਿਆ ਹੈ ਜਾਂ ਸਰਕਾਰ ਲਈ ? ਜੇ ਲੇਖਕ ਆਖਿਰ ਤੇ ਇਹ ਵੀ ਕਹਿ ਦਿੰਦਾ ਕਿ ÷ ਜੋ ਏਸ ਮੋਰਚੇ ਤੋਂ ਸਬਕ ਸਿੱਖਿਆ ਸੀ (ਏਕਾ,ਏਕਤਾ,ਸਹਿਣਸ਼ੀਲਤਾ ) ਉਹ ਸਬਕ ਨੂੰ ਕਿਸਾਨ, ਮਜ਼ਦੂਰ ਕਾਇਮ ਨਹੀਂ ਰੱਖ ਸਕੇ÷ ਤਾਂ ਜਿੱਤ ਨੂੰ ਬਰਕਰਾਰ ਰੱਖਣ ਲਈ ਇੱਕ ਹੌਸਲਾ ਬਣ ਜਾਣਾ ਸੀ।

**17ਵੀਂ ਕਵਿਤਾ ਸੁਣ ਮੇਰੀ ਗੱਲ**

ਭਾਵੇਂ ਪਿਛਲੇ ਦਹਾਕੇ ਵਿੱਚ ਕਾਫੀ ਔਰਤਾਂ ਲਿਖਣ ਵੱਲ ਨੂੰ ਵਧੀਆਂ ਹਨ ਪਰ ਫੇਰ ਵੀ ਔਰਤ ਦੇ ਮੁਕਾਬਲੇ ਕਵੀਆਂ, ਲੇਖਕਾਂ ਵਿਚ ਆਦਮੀਆਂ ਦੀ ਗਿਣਤੀ ਜਿਆਦਾ ਹੈ। ਲੇਖਕ ਨੇ ਬਹੁਤ ਵਧੀਆ ਢੰਗ ਨਾਲ ਆਦਮੀ ਨੂੰ, ਮਨੁੱਖ ਨੂੰ ਲਾਹਣਤਾਂ ਪਾਈਆਂ ਹਨ ਕਿ ਕਿਤੇ ਮਰਦ ਨੇ ਇਹ ਸੋਚਿਆ ਹੈ ਕਿ ਉਹ ਖੁਦ ਆਪ ਜੋ ਕੁਝ ਕੁਝ ਕਰਦਾ ਫਿਰਦਾ ਹੈ (ਸਭਾਵਾਂ ਦੀਆਂ ਮੀਟਿੰਗਾਂ,ਕਾਨਫਰੰਸਾਂ, ਮਹਿਫਲਾਂ ਵਿੱਚ ਉਡਦੀ ਸ਼ਰਾਬ, ਚੁਟਕਲੇ) ਮੈਨੂੰ ਵੀ ਹੱਕ ਹੈ ਕਿ ਮੈਂ ਕਿਉਂ ਨਹੀਂ ਕਰ ਸਕਦੀ ਅਤੇ ਜੇ ਮੈਂ ਕਰਾਂ ਤਾਂ ਤੈਨੂੰ ਕਿਹੋ ਜਿਹਾ ਲੱਗੇਗਾ!!!! ਜਿਵੇਂ ਕਿ ਇੱਕ ਕਵੀ ਦੀ ਪਤਨੀ ਇਹ ਕਹਿ ਰਹੀ ਹੈ,

ਹੁਣ ਤੂੰ ਮੇਰੇ ਨਾਲ ਕਵੀ ਦਰਬਾਰ ਜੇਵੇਂਗਾ
ਹਣ ਲੋਕ ਮੇਰਾ ਲਿਖਿਆ ਪੜ੍ਹਨਗੇ, ਸੁਣਨਗੇ
ਤੂੰ ਖੁਸ਼ ਹੋ ਕੇ ਤਾੜੀਆਂ ਮਾਰੇਂਗਾ
ਕੈਮਰੇ ਨਾਲ ਫੋਟੋ ਖਿਚੇਂਗਾ ਕਵੀ ਦਰਬਾਰ ਤੋਂ ਬਾਅਦ
ਆਪਣੀ ਥਕਾਵਟ ਦੂਰ ਕਰਨ ਲਈ
ਮੈਂ ਵੀ ਪੈੱਗ-ਸ਼ੈੱਗ ਲਾਊਂਗੀ
ਤੂੰ ਡੈਜ਼ਗੀਨੇਟਿਡ ( Designated) ਡਰਾਈਵਰ ਬਣੇਂਗਾ।

ਵਾਕਿਆ ਈ ਲੇਖਕ ਨੇ ਮਰਦ ਦੀ ਮਰਦ ਪ੍ਰਧਾਨ ਸੋਚ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਜੋ ਤੂੰ ਕਰਦਾ ਹੈਂ ,ਉਹੀ ਮੈਂ ਕਰਾਂ ? ਕੀ ਤੂੰ ਮੇਰਾ ,ਜਾਣੀ ਕਿ ਔਰਤ ਦਾ ਰੋਲ ਨਿਭਾਅ ਸਕੇਂਗਾ ? ਆਪਣੀਆਂ ਭਾਵਨਾਵਾਂ ਨੂੰ ਕੰਟਰੋਲ ਕਰ ਸਕੇਂਗਾ ? ਬਹੁਤ ਵਧੀਆ ਕਿਹਾ ਹੈ ਸਨੀ ਧਾਲੀਵਾਲ।

***18 ਵੀਂ ਕਵਿਤਾ ਉਏ ਰੱਬਾ***

ਲੇਖਕ ਨੇ ਬਹੁਤ ਵਧੀਆ ਅਤੇ ਠੇਠ ਸ਼ਬਦਾਵਲੀ ਵਿੱਚ ਮਨੁੱਖ ਦੇ ਬਣਾਏ ਰੱਬ ਨੂੰ ਲਾਹਣਤਾਂ ਪਾਈਆਂ ਹਨ:

ਉਏ ਰੱਬਾ ਤੂੰ ਕੀ ਚੀਜ਼ ਹੈ
ਤੂੰ ਕਿੱਥੇ ਰਹਿਨੈਂ
ਕੋਈ ਆਪਣਾ ਥਾਂ ਟਿਕਾਣਾ ਤਾਂ ਦੱਸ
ਤੂੰ ਆਦਮੀ ਹੈ ਕਿ ਔਰਤ
ਤੂੰ ਗੋਰਾ,ਕਾਲਾ ਕਿ ਭੂਰਾ ਹੈਂ ?

ਲੇਖਕ ਨੇ ਸਾਰੀ ਲੋਕਾਈ ਦੀ ਹਾਲਤ ਵੀ ਦੱਸੀ ਹੈ ਕਿ ਕਿਵੇਂ ਸਭ ਤੇਰੇ ਪਾਠ,ਪੂਜਾ, ਭਜਨ ਦੇ ਬਾਵਰੇ ਹੋਏ ਫਿਰਦੇ ਹਨ! ਕੀ ਤੂੰ ਅਮੀਰਾਂ ਨੂੰ ਹੀ ਦੇਈ ਜਾਨੈਂ,ਤੈਨੂੰ ਗਰੀਬ, ਭੁੱਖੇ ਨਹੀਂ ਦਿਸਦੇ:

ਤੈਨੂੰ ਤਰਸ ਨਹੀਂ ਆਉਂਦਾ ?
ਕੀ ਤੂੰ ਪੱਥਰ ਦਾ ਬਣਿਆ ?
ਕੀ ਤੂੰ ਲੱਕੜ ਦਾ ਬਣਿਆ ?
ਕੀ ਤੈਨੂੰ ਮੇਰੇ ਭੁੱਖ ਨਾਲ ਚੀਕਦੇ
ਬੱਚਿਆਂ ਦੀਆਂ ਚੀਕਾਂ ਨਹੀਂ ਸੁਣਦੀਆਂ ?
ਕੀ ਤੂੰ ਬੋਲਾ ਹੈਂ ?
ਕੀ ਤੈਨੂੰ ਮੇਰੀ ਘਰਵਾਲੀ ਦੀਆਂ ਸੁੱਕੀਆਂ
ਛਾਤੀਆਂ ਨਹੀਂ ਦਿਸਦੀਆਂ ?
ਕੀ ਤੂੰ ਅੰਨ੍ਹਾ ਵੀ ਹੈਂ ?

**19ਵੀਂ ਕਵਿਤਾ ਪ੍ਰੋਫ਼ਾਈਲ**

ਲੇਖਕ ਨੇ ਸਮੇਂ ਦੇ ਮੁਤਾਬਕ ਜੋ ਅੱਜ ਕੱਲ ਸੋਸ਼ਲ ਮੀਡੀਏ ਤੇ ਚੱਲ ਰਿਹਾ ਹੈ, ਉਸ ਤੇ ਵੀ ਚਾਨਣਾ ਪਾਇਆ ਹੈ ਕਿ ਕੋਈ ਕੁੜੀ ਕਿਸੇ ਚੰਗੀ ਪੋਸਟ ਤੇ ਲਾਈਕ ਦਾ ਬਟਨ ਨੱਪ ਦੇਵੇ ਤਾਂ ਉਸ ਦਾ ਭਾਵ ਹੋਰ ਈ ਲਿਆ ਜਾਂਦਾ ਹੈ:

ਤੂੰ ਮੇਰੇ ਇਨਬਾਕਸ ਦੇ ਗੇੜੇ ਮਾਰਨ ਲੱਗਿਆ
ਤੂੰ ਮੈਨੂੰ ਕਈ ਕੁਝ ਭੇਜਣ ਲੱਗਿਆ
ਤੂੰ ਪੰਜਾਬੀ ਪੌਲੀਟੀਸ਼ਨਾਂ ਵਾਂਗ
ਵਿਚਰਨ ਲੱਗਿਆ
ਤੂੰ ਇਸ ਤਰਾਂ ਨਾ ਕਰਿਆ ਕਰ

ਲੇਖਕ ਨੇ ਨਸੀਹਤ ਵੀ ਦਿੱਤੀ ਹੈ ਕਿ ਸੋਸ਼ਲ ਮੀਡੀਏ ਤੇ ਆ ਕੇ ਭੁੱਲ ਜਾਨੈਂ ਕਿ ਤੂੰ ਕਿਸੇ ਦਾ ਪੁੱਤਰ, ਪਤੀ,ਪਿਤਾ ਵੀ ਹੈਂ:

ਮਾਂ ਦਾ ਸੋਹਣਾ ਪੁੱਤ ਬਣ ਕੇ
ਪਤਨੀ ਦਾ ਪਿਆਰਾ ਪਤੀ ਬਣ ਕੇ
ਬੱਚਿਆਂ ਦਾ ਸਤਿਕਾਰਤ ਪਿਤਾ ਬਣ ਕੇ
ਮੇਰੇ ਨਾਲ ਵੈਲੇਨਟਾਈਨ ਮਨਾਉਣ ਦੇ
ਸੁਪਨੇ ਲੈਣੇ ਛੱਡ ਦੇ
ਪਲੀਜ਼! ਟਪੂਸੀਆਂ ਨਾ ਮਾਰ
ਬੰਦ ਬਣਜਾ, ਬੰਦਾ।

***20 ਵੀਂ ਕਵਿਤਾ ਉਧਾਰ***

ਲੇਖਕ ਨੇ ਭਾਰਤੀ ਕਲਚਰ ਦੇ ਹਿਸਾਬ ਨਾਲ ਜਿੰਨਾਂ ਦੀ ਆਦਤ ਕਿਸੇ ਦੇ ਬਿਜਨੈਸ ਤੋਂ ਉਧਾਰ ਲੈਣ ਦੀ ਆਦਤ ਬਣੀ ਹੋਈ ਹੈ ਪਰ ਇਹ ਉਧਾਰ ਵਾਲੀ ਆਦਤ ਐਥੇ ਬਾਹਰਲੇ ਦੇਸ਼ਾਂ ਵਿੱਚ ਬਹੁਤ ਘੱਟ ਈ ਦੇਖੀ ਸੁਣੀ ਹੈ। ਲੇਖਕ ਨੇ ਇਸ ਕਵਿਤਾ ਵਿੱਚ ਉਧਾਰ ਲੈਣ ਵਾਲਿਆਂ ਲਈ ਸੁਨੇਹਾ ਦਿੱਤਾ ਹੈ ਕਿ ਇਹੋ ਜਿਹੇ ਛੋਟੇ ਬਿਜਨੈਸ ਵਾਲਿਆਂ ਨੇ ਵੀ ਪਰਿਵਾਰ ਪਾਲਣਾ ਹੁੰਦਾ ਹੈ, ਇਹ ਕੋਈ ਨਹੀਂ ਸੋਚਦਾ!! ਕਹਿੰਦਾ ਹੈ

ਮੇਰੇ ਕੋਲ ਤਾਂ ਹਰ ਤਰਾਂ ਦੇ ਲੋਕ ਆਉਂਦੇ ਹਨ
ਗ੍ਰੰਥੀ ਤੇ ਪੁਜਾਰੀ ਵੀ ਆਉਂਦੇ ਆ
ਪੜ੍ਹੇ-ਲਿਖੇ ਤੇ ਅਨਪੜ੍ਹ ਵੀ ਆਉਂਦੇ ਆ
ਆਸਤਿਕ ਅਤੇ ਨਾਸਤਿਕ ਵੀ ਆਉਂਦੇ ਆ
ਜਵਾਨ ਤੇ ਬੁੱਢੇ ਵੀ ਆਉਂਦੇ ਆ
ਲੀਡਰ ਤੇ ਪੁਲਿਸ ਵਾਲੇ ਵੀ ਆਉਂਦੇ ਆ
ਰੱਬ ਵੀ ਆਉਂਦਾ ਤੇ ਰੱਬ ਦਾ ਪਿਉ ਵੀ ਆਉਂਦਾ
ਪਰ ਮੇਰੇ ਰੋਂਦੇ ਬੱਚਿਆਂ ਦੇ ਮੂੰਹ ਟੁੱਕੜ ਨਹੀਂ ਪਾਉਂਦਾ
ਮੂੰਹ ਜਿਹਾ ਲੁਕੇ ਕੇ ਕਿਸੇ ਧਾਰਮਿਕ ਸਥਾਨ ਵਿੱਚ ਵੜ ਜਾਂਦਾ ਹੈ ÷

21ਵੀਂ ਕਵਿਤਾ ÷ ਕਵਿਤਾ ਲਿਖ÷

ਲੇਖਕ ਨੇ ਵਾਕਿਆ ਈ ਸੱਚ ਕਿਹਾ ਹੈ ਕਿ ਜੋ ਤੁਸੀਂ ਲਿਖਦੇ ਹੋ, ਖਾਸ ਕਰਕੇ ਪੰਜਾਬੀ ਵਿੱਚ, ਉਹ ਬਹੁਤਿਆਂ ਦੇ ਪਸੰਦ ਨਹੀਂ ਆਉਂਦਾ, ਕਈਆਂ ਦੇ ਸ਼ਬਦਾਵਲੀ ਪਸੰਦ ਨਹੀਂ ਆਉਂਦੀ, ਕਈਆਂ ਦੇ ਵਿਸ਼ਾ ਪਸੰਦ ਨਹੀਂ, ਜਾਣੀ ਕਿ ਪੰਜਾਬੀਆਂ ਦਾ ਸੁਭਾਅ ਬਣ ਗਿਆ ਐ ਕਿ ਦੂਜਿਆਂ ਦੀਆਂ ਲਿਖਤਾਂ ਵਿੱਚ ਨਿਗੋਚਾਂ ਕੱਢਣ ਦਾ! ਕਈ ਕਵੀ ਲੇਖਕ ਆਪਣੇ-ਆਪ ਨੂੰ ਬਹੁਤ ਮਾਹਿਰ, ਅਡਵਾਂਸ ਸਮਝਦੇ ਹਨ, ਉਹ ਵੀ ਕਈਆਂ ਲਿਖਤਾਂ ਦਾ ਮਜ਼ਾਕ ਉਡਾਉਂਦੇ ਹਨ। ਕਈ ਪਾਠਕਾਂ ਦੇ ਸ਼ੌਂਕ ਵੀਂ ਵੱਖਰੇ ਹਨ,ਜਿਵੇਂ ਕਿ :

ਕੋਈ ਕਹਿੰਦਾ ਇਸ ਦੇ ਬੁਰਕਾ ਪਾਉਣ
ਕੋਈ ਕਹਿੰਦਾ ਦੇ ਹੋਰ ਕੱਪੜੇ ਲਾਹ
ਕੋਈ ਕਹਿੰਦਾ ਇਸ ਦੇ ਸਕੱਰਟ ਪਾ
ਕੋਈ ਕਹਿੰਦਾ ਇਸ ਦੇ ਸਾੜੀ ਲਾ
ਕੋਈ ਕਹਿੰਦਾ ਇਸ ਦੀ ਸਾਹੜੀ ਨੂੰ ਹੌਲੀ ਹੌਲੀ ਲਾਹ!!!

ਕਈਆਂ ਦੇ ਆਮ ਕਵਿਤਾ ਦਾ ਲੈਵਲ ਹਜਮ ਈ ਨਹੀਂ ਆਉਂਦਾ, ਉਹ ਹਰੇਕ ਕਵਿਤਾ ਦਾ ਵਜ਼ਨ ਤੋਲਣ ਲੱਗ ਜਾਂਦੇ ਹਨ। ਤਾਹੀਂ ਲੇਖਕ ਕਹਿੰਦਾ:

ਕੋਈ ਕਹਿੰਦਾ ਸੌਖੀ ਜਿਹੀ, ਸਰਲ ਜਿਹੀ,
ਸਭ ਦੇ ਸਮਝ ਆਉਣ ਵਾਲੀ ਲਿਖ
ਕੋਈ ਕਹਿੰਦਾ ਔਖੀ ਜਿਹੀ, ਰੁਮਾਲਾਂ ਵਿੱਚ ਲਪੇਟੀ ਹੋਈ
ਕਿਸੇ ਦੇ ਸਮਝ ਨਾ ਆਉਣ ਵਾਲੀ ਲਿਖ!!!!!!

**22ਵੀਂ ਕਵਿਤਾ ਡਾ. ਸਾਹਿਬ ਜੀ ਕੀ ਗੱਲ ਹੈ ?**

ਸਹੀ ਲਿਖਿਆ ਲੇਖਕ ਨੇ ਕਿ ਅੱਜ ਕਲ ਵਰਲਡ ਪੰਜਾਬੀ ਕਾਨਫਰੰਸਾਂ ਕਰਾਉਣ ਦਾ ਬੜਾ ਫੈਸ਼ਨ ਬਣਿਆ ਹੋਇਆ ਹੈ। ਕਰਵਾਉਣ ਵਾਲੇ ਵੀ ਇਹੀ ਸੋਚਦੇ ਹਨ ਕਿ ਸ਼ਾਇਦ ਇਹ ਵਰਲਡ ਪੰਜਾਬੀ ਕਾਨਫਰੰਸ ਕਰਾ ਕੇ ਅਸੀ ਆਪਣੀ ਮਾਂ ਬੋਲੀ ਦੇ ਪੈਰੋਕਾਰ ਬਣ ਜਾਵਾਂਗੇ, ਲੋਕੀਂ ਸਾਨੂੰ ਸ਼ਾਬਾਸ਼ ਦੇਣਗੇ, ਸਲਾਮਾਂ ਕਰਨਗੇ। ਇਹੀ ਹਾਲ ਪੰਜਾਬੀ ਕਾਨਫਰੰਸਾਂ ਵਿਚ ਆਉਣ ਵਾਲਿਆਂ ਦਾ ਐ, ਉਹ ਵੀ ਇਹਨਾਂ ਕਾਨਫਰੰਸਾਂ ਚ ਆਉਣ ਲਈ ਰੱਸੇ ਤੜਾਉਂਦੇ ਫਿਰਦੇ ਹਨ ਕਿ ਅਸੀ ਕਾਨਫਰੰਸ ਚ ਜਾ ਕੇ ਮਸ਼ਹੂਰ ਕਵੀ ਬਣ ਜਾਵਾਂਗੇ! ਤਾਹੀਂ ਲੇਖਕ ਲਿਖਦਾ ਹੈ,

ਛੇ ਕਾਨਫਰੰਸਾਂ ਵਿੱਚ
ਹਾਜਰੀ ਲਵਾਓਣ ਨਾਲ
ਪ੍ਰੋਫੈਸਰ ਤੋਂ ਸਿੱਧੇ ਡੀਨ ਬਣ ਜਾਵਾਂਗੇ
ਨਾਲੇ ਕਿਸੇ ਐਵਾਰਡ ਨੂੰ ਹੱਥ ਪੈਰ ਮਾਰਾਂਗੇ
ਬਹੁਤਾ ਨਾ ਸਹੀ ਤਾਂ
ਘੱਟੋ-ਘੱਟ ਲੋਕ ਕਵੀ ਤੋਂ
ਰਾਜ ਕਵੀ ਤਾਂ ਬਣ ਜਾਵਾਂਗੇ÷।

23ਵੀਂ ਕਵਿਤਾ ÷ ਮੇਰਾ ਸਥਾਨ, ਤੇਰਾ ਰਾਸ਼ਟਰ

ਏਸ ਕਵਿਤਾ ਵਿੱਚ ਲੇਖਕ ਨੇ ਜੋ ਆਪਣੇ-ਆਪ ਨੂੰ ਇਨਕਲਾਬੀ ਸਮਝਦੇ ਹਨ ਪਰ ਉਹ ਥਾਂ ਤੇ ਦੰਗੇ ਕਰਾਉਣ ਵਾਲੇ, ਜੋ ਅੜਿਆ ਸੋ ਝੜਿਆ, ਵੱਢ ਦਿਆਂਗੇ, ਕੱਟ ਦਿਆਂਗੇ, ਸਾੜ ਦਿਆਂਗੇ, ਫੂਕ ਦਿਆਂਗੇ ਵਾਲਿਆਂ ਦੀਆਂ ਚੱਕਲੋ ਚੱਕਲੋ ਦੀ ਨਾਹਰੇਬਾਜੀ ਦਾ ਹਾਲ ਦਿਖਾਇਆ ਹੈ ਕਿ ਇਹਨਾਂ ਲੋਕਾਂ ਨੂੰ ਗਿਆਨ ਦੀ ਘਾਟ ਹੁੰਦੀ ਹੈ, ਕਈ ਵਿਕਣ ਵਾਲੇ ਹੁੰਦੇ ਹਨ। ਲੇਖਕ ਇਹਨਾਂ ਸਾਰੇ ਦੰਗੇ ਪਰਸਤੀਆਂ ਨੂੰ ਚੰਗੀ ਵਿਚਾਰ ਧਾਰਾ ਸਿੱਖਣ ਲਈ ਕਿਹਾ ਐ, ਭੇਡਾਂ ਤੋਂ ਬੰਦੇ ਬਣਨ ਲਈ ਕਿਹਾ ਹੈ। ਜੋ ਇਹਨਾਂ ਬਾਹਰਲੇ ਦੇਸ਼ਾਂ ਵਿੱਚ ਵੀ ਅਮਨ ਸ਼ਾਂਤੀ ਭੰਗ ਕਰਦੇ ਹਨ ਨੂੰ ਵੀ ਕਿਹਾ ਐ ਕਿ ਸਾਨੂੰ ਅਮਨ ਸ਼ਾਂਤੀ ਪਸੰਦ ਹੈ ਅਤੇ ਸਾਨੂੰ ਇੱਥੇ ਚੈਨ ਨਾਲ ਰਹਿਣ ਦੇ।

**24ਵੀਂ ਕਵਿਤਾ ਮੈਨੂੰ ਨਹੀਂ ਚਾਹੀਦਾ ਕਵੀ ਪਤੀ**

ਲੇਖਕ ਨੇ ਭਾਵੇਂ ਪੰਜਾਬੀ ਕਵਿਤਾ ਲਿਖਣੀ ਥੋੜੇ ਸਮੇਂ ਤੋਂ ਕੀਤੀ ਹੈ, ਮੈਨੂੰ ਨਹੀਂ ਪਤਾ ਕਿ ਉਸ ਨੇ ਕਿੰਨੀਆਂ ਕੁ ਸਾਹਿਤਕ ਸਭਾਵਾਂ ਚ ਹਾਜਰੀਲੁਆਈ ਐ ਪਰ ਉਹ ਲੇਖਕਾਂ ਦੇ ਕਈਰੰਗ ਜਾਣਦਾ ਹੈ, ਸ਼ਰਾਬੀ ਕਬਾਬੀ, ਮਹਿਫਲ ਪਸੰਦ, ਬਾਹਰੀ ਔਰਤ ਦਾ ਸੰਗ ( womanizer) ਮਾਨਣਵਰਗੇ। ਤਾਹੀਂ ਉਸ ਨੇ ਇਹੋ ਜਿਹੇ ਲੇਖਕ, ਕਵੀਆਂ ਦੇ ਪਰਿਵਾਰ ਦੀ ਪੁਕਾਰ ਵੀ ਦੱਸੀ ਹੈ। ਕਿਵੇਂ ਇਹੋ ਜਿਹੇ ਲੇਖਕ ਪਰਿਵਾਰ ਤੋਂ ਦੂਰ ਹੋ ਜਾਂਦੇ ਹਨ, ਪਤਨੀ ਅਤੇ ਆਪਣੇ ਬੱਚਿਆਂ ਤੋਂ ਵੀ ਦੂਰ ਹੋ ਜਾਂਦੇ ਹਨ। ਲੇਖਕ ਕਹਿੰਦਾ ਐ ਕਿ ਕਿਵੇਂ ਇੱਕ ਪਤਨੀ ਕਹਿੰਦੀ ਹੈ,

ਤੁਸੀਂ ਕਦੇ ਸੋਚਿਆ ਹੋਊ
ਮੇਰੇ ਅਤੇ ਮੇਰੇ ਬੱਚਿਆਂ ਬਾਰੇ
ਕਿ ਸਾਡੇ ਤੇ ਕੀ ਬੀਤਦੀ ਆ ਹਰਰੋਜ਼
ਮੇਰੇ ਬੱਚੇ ਡੈਡੀ ਨੂੰ ਉਡੀਕ ਕੇ ਸੌਂ ਜਾਂਦੇ ਹਨ
ਉਹ ਡੈਡੀ ਦੀ ਬੁੱਕਲ ਵਿੱਚ ਖੇਡਣਾ ਚਾਹੁੰਦੇ ਹਨ
ਉਹ ਕਵੀ ਨਹੀਂ, ਡੈਡੀ ਦੇਖਣਾ ਚਾਹੁੰਦੇ ਹਨ।

**25ਵੀ ਕਵਿਤਾ ਵੈਲੇਨਟਾਈਨ ਡੇਅ**

ਲੇਖਕ ਨੇ ਬਹੁਤ ਵਧੀਆ ਅਤੇ ਥੋੜੇ ਸ਼ਬਦਾਂ ਵਿੱਚ ਹੀ ਪਤੀ- ਪਤਨੀ ਦੇ ਆਪਸੀ ਸੱਚੇ ਪਿਆਰ ਦੀ ਵਿਆਖਿਆ ਕਰਦੇ ਹੋਏ ਕਿਹਾ ਹੈ ਕਿ ਐਥੇ ਬਾਹਰਲੇ ਦੇਸ਼ਾਂ ਵਿੱਚ ਕੁਝ ਫੋਕੀ ਫੂੰ ਫਾਂ ਕਰਦੇ ਹਨ, ਵੈਲੇਨਟਾਈਨ ਡੇਅ ਤੇ ਫਾਲਤੂ ਖਰਚੇ ਕਰ ਕੇ, ਦਿਖਾਵੇ ਕਰ ਕੇ ਪਿਆਰ ਦਾ ਇਜ਼ਹਾਰ ਕਰਦੇ ਹਨ। ਆਪਸੀ ਪਿਆਰ ਅਤੇ ਸੰਦੇਹ ਲਈ ਇਹਨਾਂ ਦਿਖਾਵਿਆਂ ਦੀ ਜਰੂਰਤ ਨਹੀਂ।

**26 ਵੀਂ ਕਵਿਤਾ ਤੂੰ ਮੈਨੂੰ ਪੁੱਛਦੀ ਹੈਂ**

ਲੇਖਕ ਦੀ ਕਿਤਾਬ ਹੱਥਾਂ ਵਿੱਚ ਹੈ, ਕੋਈ ਸ਼ੱਕ ਨਹੀਂ ਕਿ ਲੇਖਕ ਨੇ ਕਵਿਤਾ ਰਾਹੀਂ ਹਰੇਕ ਵਿਸ਼ੇ ਨੂੰ ਛੋਹਿਆ ਹੈ ਅਤੇ ਉਸ ਦੇ ਨਜ਼ਰੀਏ ਤੇ ਵੀ ਕੋਈ ਸ਼ੱਕ ਨਹੀਂ ਕਿ ਕੀ ਲਿਖਦਾ ਹੈ, ਕਿਉਂ ਲਿਖਦਾ ਹੈ ਅਤੇ ਕਾਹਦੇ ਤੇ ਲਿਖਦਾ ਹੈ ਪਰ ਅੱਜ ਕੱਲ ਦੇ ਕਈ ਪਾਠਕ, ਕਵੀ ਰੰਗੀਨ ਵਿਸ਼ਿਆਂ ਤੇ ਲਿਖੀਆਂ ਕਵਿਤਾ, ਨਜ਼ਮਾਂ ਪੜ੍ਹਨਾ ਪਸੰਦ ਕਰਦੇ ਹਨ। ਇਸ ਕਵਿਤਾ ਦੇ ਵਿੱਚ ਲੇਖਕ ਨੇ ਇਹੀ ਵਿਸ਼ੇ ਤੇ ਉਂਗਲ ਲਾਈ ਹੈ ਕਿ

ਤੇਰੀ ਪਸੰਦ ਦੀ ਲਿਖਣਲਈ,
ਤੈਨੂੰ ਖੜ੍ਹਨਾ ਪਊ
ਹਾਏ ਬਾਏ ਕਰਨੀ ਪਊ
ਹੱਥ ਮਿਲਾਉਣਾ ਪਊ
ਥੋੜਾ ਘੁੱਟਣਾ ਵੀ ਪਊ
ਟੈਲੀਫੋਨ ਨੰਬਰ ਵਟਾਉਣਾ ਪਊ ਖੜ੍ਹ ਕੇ ਗੱਲਬਾਤ ਕਰਨੀ ਪਊ ਟੇਢੀ ਜਿਹੀ ਸਮਾਈਲ ਮਾਰਨੀ ਪਊ ਫੇਰ ਤੈਨੂੰ ਡੇਟ-ਸ਼ੇਟ ਤੇ ਵੀ ਜਾਣਾ ਪਊ।

ਇਸ ਤਰਾਂ ਦੀਆਂ ਟਕੋਰਾਂ ਲਾਈਆਂ ਹਨ।

ਸਨੀ ਧਾਲੀਵਾਲ ਦੀ ਇਸ ਕਿਤਾਬ ਵਿੱਚ ਕੁੱਲ 41ਕਵਿਤਾਵਾਂ ਹਨ ਅਤੇ ਸਭ ਹੀ ਅੱਜ ਕਲ ਦੇ ਚਲਦੇ ਮਸਲਿਆਂ ਤੇ ਹਨ। ਉਸ ਦੀ ਖੁੱਲ੍ਹੀ ਕਵਿਤਾ ਸਭ ਨਾਲੋਂ ਹੱਟ ਕੇ ਹੈ। ਉਸ ਨੇ ਬੇਝਿਜਕ ਹੋ ਕੇ ਸਭ ਵਿਸ਼ਿਆਂ ਤੇ ਟੀਕਾ-ਟਿਪਣੀ,ਟਕੋਰਾਂ ਲਾਈਆਂ ਹਨ। ਤਾਹੀਂ ਸੋਸ਼ਲ ਮੀਡੀਏ ਤੇ ਉਸ ਦੇ ਪਾਠਕਾਂ ਨੇ ਬਹੁਤ ਭਰਵਾਂ ਹੁੰਗਾਰਾ ਭਰਿਆ ਹੈ। ਸ਼ਾਇਦ ਮੈਂ ਇਸ ਅਨੁਵਾਦ ਵਿੱਚ ਲੇਖਕ ਨਾਲ ਇਨਸਾਫ ਨਾ ਕਰ ਸਕਿਆ ਹੋਵਾਂ, ਮਾਫੀ ਚਾਹੁੰਦਾ ਹਾਂ।ਮੈਂ ਸਨੀ ਧਾਲੀਵਾਲ ਨੂੰ ਇਸ ਕਾਵਿ ਸੰਗ੍ਰਿਹ ÷ਖਾਲੀ ਆਲਣਾ÷ ਪੁਸਤਕ ਦੀ ਬਹੁਤ ਬਹੁਤ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਦੀਆਂ ਕਵਿਤਾਵਾਂ ਪੰਜਾਬੀ ਸਾਹਿਤ ਦੇ ਵਿੱਚ ਥੰਮ ਬਣਕੇ ਖੜ੍ਹਨਗੀਆਂ।






# ਵੇ ਸ਼ੁਦਾਈਆ ਮੇਰੇ ਪਿੱਛੋਂ ਹਾਲ ਕੀ ਬਣਾ ਲਿਆ

2002 ਵਿੱਚ ਮੈਂ ਇੱਕ ਆਡੀਓ ਐਲਬਮ ਤਿਆਰ ਕੀਤੀ ਜਿਸਦਾ ਸਿਰਨਾਵਾਂ ਸੀ ਇਸ਼ਕ ਆਖਦਾ ਏ ਤੇਰਾ ਕੱਖ ਰਹਿਣ ਵੀ ਨਹੀਂ ਦੇਣਾ ਇਸ ਐਲਬਮ ਦੇ ਗਾਇਕ ਤੇ ਸੰਗੀਤਕਾਰ ਹਨ ਗੁਰਦੀਪ ਸਿੰਘ ਜੀ ਹੁਸ਼ਿਆਰਪੁਰ ਵਾਲੇ , ਇਸ ਰਿਕਾਰਡਿੰਗ ਨੂੰ ਸੰਪੂਰਨ ਹੋਣ ਤੇ ਕਾਫੀ ਲੰਬਾ ਸਮਾਂ ਲੱਗ ਗਿਆ ਸੀ, ਆਡੀਓ ਸੰਪੂਰਨ ਹੋਣ ਤੋਂ ਬਾਅਦ ਇਸਦਾ ਵੀਡੀਓ ਜਲੰਧਰ ਦੇ ਇੱਕ ਰਿਸੋਰਸ ਵਿੱਚ ਤਿਆਰ ਕੀਤਾ ਗਿਆ, ਦਿਸੰਬਰ ਦਾ ਮਹੀਨਾ ਸੀ ਤੇ ਰਾਤ ਦੀ ਸ਼ੂਟਿੰਗ ਕੜਾਕੇ ਦੀ ਠੰਡ ਧੁੰਦ ਵੀ ਪੂਰੇ ਜੋਬਨ ਤੇ

ਰਾਤ ਦੇ ਗਿਆਰਾਂ ਕੁ ਵਜੇ ਮੈਂ ਸੋਚਿਆ ਕਿ ਯੂਨਿਟ ਦੇ ਮੈਂਬਰਾਂ ਨੂੰ ਜੋ ਕੋਈ ਗਰਮ ਰਿਫਰੈਸ਼ਮੈਂਟ ਦਿੱਤੀ ਜਾਵੇ ਤਾਂ ਇਹ ਐਨੀ ਸਰਦੀ ਵਿੱਚ ਠੀਕ ਹੋਵੇਗਾ। ਮੈਂ ਡਰਾਈਵਰ ਨੂੰ ਨਾਲ ਲੈਕੇ ਸਟੇਸ਼ਨ ਵੱਲ ਕਾਰ ਲੈ ਕੇ ਚੱਲ ਪਿਆ ਕਿਉਂਕਿ ਉਸ ਵੇਲੇ ਸਿਰਫ਼ ਸਟੇਸ਼ਨ ਦੇ ਆਲੇ ਦੁਆਲੇ ਹੀ ਖਾਣ ਪੀਣ ਦੀਆਂ ਕੁੱਝ ਕੁ ਦੁਕਾਨਾਂ ਖੁੱਲ੍ਹੀਆਂ ਮਿਲ ਸਕਦੀਆਂ ਸਨ

ਰਾਸਤੇ ਵਿੱਚ ਇੱਕ ਥਾਂ ਤੇ ਜਗਰਾਤਾ ਹੋ ਰਿਹਾ ਸੀ। ਤੇ ਕੋਈ ਕੁੜੀ ਭੇਟ ਗਾ ਰਹੀ ਸੀ ਜਿਸਦੀ ਤਰਜ਼ ਤੇ ਬੋਲ ਅੱਜ ਵੀ ਮੈਨੂੰ ਚੇਤੇ ਹਨ। ਭੇਟ ਦੇ ਬੋਲ ਸਨ ਜੋਤਾਂ ਜਾਗਦੀਆਂ ੨ਮੈਂ ਗੱਡੀ ਰੋਕ ਕੇ ਤਿੰਨ ਚਾਰ ਮਿੰਟ ਉਸ ਮਾਖਿਓਂ ਮਿੱਠੀ ਤੇ ਸੁਰੀਲੀ ਆਵਾਜ਼ ਦਾ ਆਨੰਦ ਲਿਆ ਤੇ ਦਿਲ ਕਰੇ ਕਿ ਸੁਣੀ ਜਾਵਾਂ ਪਰ ਮਜਬੂਰੀ ਸੀ ਸ਼ੂਟਿੰਗ ਸੰਪੂਰਨ ਹੁੰਦਿਆਂ ਸਵੇਰ ਦੇ ਚਾਰ ਵੱਜ ਗਏ ਅਸੀਂ ਉਸੇ ਰਿਜ਼ੋਰਟ ਦੇ ਕਮਰਿਆਂ ਵਿੱਚ ਕੰਬਲ ਰਜਾਈਆਂ ਵਿੱਚ ਵੜ ਕੇ ਸੌਂ ਗਏ। ਸਵੇਰੇ ਦਸ ਕੁ ਵਜੇ ਵਾਪਸੀ ਕਰਨੀ ਸੀ। ਪਰ ਮੇਰੇ ਦਿਮਾਗ ਵਿੱਚ ਰਾਤ ਵਾਲੀ ਆਵਾਜ਼ ਵੱਸ ਚੁੱਕੀ ਸੀ। ਘਰ ਵਾਪਸੀ ਦੀ ਥਾਂ ਤੇ ਉਸ ਚੌਂਕ ਵੱਲ ਹੋ ਗਏ ਜਿੱਥੇ ਰਾਤ ਜਗਰਾਤਾ ਸੀ। ਉਥੇ ਪਤਾ ਕੀਤਾ ਕਿ ਰਾਤ ਇਥੇ ਇੱਕ ਕੁੜੀ ਭੇਟਾਂ ਗਾ ਰਹੀ ਸੀ ਉਹ ਕੌਣ ਹੈ ਤੇ ਕਿੱਥੇ ਰਹਿੰਦੀ ਹੈ

ਕਾਫੀ ਭੱਜਨੱਠ ਕਰਨ ਤੇ ਇਹ ਤਾਂ ਪਤਾ ਲੱਗ ਗਿਆ ਕਿ ਉਸ ਕੁੜੀ ਦਾ ਨਾਂ ਸੁਦੇਸ਼ ਹੈ ਪਰ ਕਿੱਥੇ ਰਹਿੰਦੀ ਹੈ ਸ਼ਹਿਰ ਗਰਾਂ ਕਿਹੜਾ ਹੈ ਟੈਲੀਫੋਨ ਨੰਬਰ ਕੀ ਹੈ ਕੁੱਝ ਵੀ ਪਤਾ ਨਾਂ ਲੱਗਾ। ਮੇਰੇ ਨਾਲ ਗੋਇਲ ਮਿਊਜ਼ਿਕ ਕੰਪਨੀ ਬਠਿੰਡਾ ਵਾਲੇ ਹੈਪੀ ਗੋਇਲ ਵੀ ਸੀ

ਮੈਂ ਵੀ ਜਿੱਦ ਫੜ ਲਈ ਕਿ ਉਸ ਨੂੰ ਲੱਭਣਾ ਹੀ ਹੈ। ਮੇਰੀ ਜਾਣ ਪਹਿਚਾਣ ਵਾਲੇ ਜਲੰਧਰ ਦੇ ਜਿੰਨੇ ਵੀ ਗਾਇਕ ਸੰਗੀਤਕਾਰ ਸਾਜ਼ਿੰਦੇ ਗੀਤਕਾਰ ਮੈਂ ਸਭ ਨੂੰ ਸੰਪਰਕ ਕੀਤਾ ਪਰ ਨਿਰਾਸ਼ਾ ਹੀ ਹੱਥ ਲੱਗੀ ਮੈਂ ਵਾਪਸ ਆਉਣ ਦਾ ਇਰਾਦਾ ਤਿਆਗ ਜਲੰਧਰ ਰਹਿਣ ਦਾ ਮਨ ਬਣਾ ਲਿਆ ਤੇ ਤਲਾਸ਼ ਜਾਰੀ ਰੱਖੀ



ਤੀਸਰੇ ਦਿਨ ਮੇਰਾ ਮੇਲ ਜਲੰਧਰ ਸ਼ਹਿਰ ਦੀ ਗਾਇਕਾ ਸੁਖਵਿੰਦਰ ਗਰੇਵਾਲ ਨਾਲ ਹੋਇਆ। ਗਰੇਵਾਲ ਨੇ ਮੈਨੂੰ ਦੱਸਿਆ ਕਿ ਤੁਸੀਂ ਦੂਰਦਰਸ਼ਨ ਵਾਲੇ ਹਰਜੀਤ ਭਾਅ ਜੀ ਨੂੰ ਮਿਲੋ ਸ਼ਾਇਦ ਤੁਹਾਨੂੰ ਉਹਨਾਂ ਤੋਂ ਕੋਈ ਪਤਾ ਠਿਕਾਣਾ ਮਿਲ ਸਕੇ। ਮੈਂ ਸੁਖਵਿੰਦਰ ਗਰੇਵਾਲ ਨੂੰ ਨਾਲ ਲੈਕੇ ਹਰਜੀਤ ਸਿੰਘ ਹੋਰਾਂ ਦੇ ਘਰ ਵੱਲ ਹੋ ਗਿਆ। ਉੱਥੇ ਪੁੱਜ ਕੇ ਪਤਾ ਲੱਗਾ ਕਿ ਹਰਜੀਤ ਭਾਅ ਜੀ ਤਾਂ ਮੁੰਬਈ ਗਏ ਹੋਏ ਹਨ ਪਰ ਫੋਨ ਤੇ ਗੱਲਬਾਤ ਹੋ ਗਈ ਤੇ ਜਦੋਂ ਉਹਨਾਂ ਨੇ ਦੱਸਿਆ ਕਿ ਮੈਂ ਸੁਦੇਸ਼ ਨੂੰ ਜਾਣਦਾ ਹਾਂ ਤੇ ਮੈਂ ਉਸਦੀ ਅਵਾਜ਼ ਵਿੱਚ ਦੋ ਗੀਤ ਵੀ ਰਿਕਾਰਡ ਕਰ ਚੁੱਕਾ ਹਾਂ। ਪਤਾ ਠਿਕਾਣਾ ਵੀ ਹਰਜੀਤ ਭਾਅ ਜੀ ਨੇ ਦੱਸ ਦਿੱਤਾ ਕਿ ਉਹ ਜਲੰਧਰ ਦੀ ਰੇਲਵੇ ਕਲੋਨੀ ਵਿੱਚ ਹੀ ਰਹਿੰਦੇ ਹਨ

ਅਸੀਂ ਹਰਜੀਤ ਭਾਅ ਜੀ ਦੇ ਘਰੋਂ ਇੱਕ ਮੁੰਡਾ ਨਾਲ ਲੈ ਕੇ ਰੇਲਵੇ ਕਲੋਨੀ ਵੱਲ ਹੋ ਤੁਰੇ ਆਖਰ ਤਿੰਨ ਦਿਨਾਂ ਦੀ ਮਿਹਨਤ ਸਫਲ ਹੋ ਗਈ । ਸੁਦੇਸ਼ ਤੇ ਉਸਦਾ ਪਤੀ ਰੇਸ਼ਮ ਨੌਰਥ ਜੋ ਕਪੂਰਥਲੇ ਦੀ ਰੇਲ ਕੋਚ ਫੈਕਟਰੀ ਦਾ ਮੁਲਾਜ਼ਮ ਸੀ ਮਿਲ ਗਏ । ਮੈਂ ਉਹਨਾਂ ਆਖਿਆ ਕਿ ਤੁਸੀਂ ਅੱਜ ਤੋਂ ਚਾਰ ਦਿਨਾਂ ਬਾਅਦ ਠੀਕ ਗਿਆਰਾਂ ਵਜੇ ਲੁਧਿਆਣੇ ਬੱਸ ਅੱਡੇ ਦੇ ਕੋਲ ਸੁਪਰ ਟਰੈਕ ਸਟੂਡੀਓ ਪੁੱਜ ਜਾਣਾ ਮੈਂ ਆਪਣਾ ਨਵੇਂ ਸਾਲ ਦਾ ਪਰੋਗਰਾਮ ਤਿਆਰ ਕਰਨਾ ਸੀ ਜਿਸਦੇ ਕਲਾਕਾਰ ਸਨ ਜਨਾਬ ਮੁਹੰਮਦ ਸਦੀਕ ਸਾਹਿਬ ਤੇ ਸੁਖਜੀਤ ਕੌਰ, ਸੁਰਿੰਦਰ ਛਿੰਦਾ ਜੀ, ਕਰਨੈਲ ਗਿੱਲ, ਗੁਲਸ਼ਨ ਕੋਮਲ, ਕੇ ਦੀਪ ਸਾਹਿਬ, ਰਛਪਾਲ ਰਸੀਲਾ ਤੇ ਮੋਹਨੀ ਰਸੀਲਾ। ਸਦੀਕ ਸਾਹਿਬ ਕਹਿੰਦੇ ਅਸ਼ੋਕ ਮੈਂ ਦੀਦਾਰ ਸੰਧੂ ਦੀ ਗੀਤ ਕੱਲ ਦਾ ਕਾਲਜਾ ਦੁਖਦਾ ਰਿਕਾਰਡ ਕਰਾਂਗਾ। ਮੈਨੂੰ ਵੀ ਇਹ ਗੱਲ ਵਧੀਆ ਲੱਗੀ। ਛਿੰਦਾ ਜੀ ਆਵਾਜ਼ ਵਿੱਚ ਮੈਂ ਲੋਕ ਗਾਥਾ ਰਿਕਾਰਡ ਕਰਨੀ ਚਾਹੁੰਦਾ ਸੀ। ਪਰ ਛਿੰਦਾ ਜੀ ਮੂਡ ਦੋ-ਗਾਣੇ ਦੀ ਸੀ।

ਮਿੱਥੇ ਸਮੇਂ ਤੇ ਸੁਦੇਸ਼ ਤੇ ਰੇਸ਼ਮ ਵੀ ਆ ਗਏ। ਮੈਂ ਛਿੰਦਾ ਜੀ ਨੂੰ ਆਖਿਆ ਕਿ ਕੁੜੀ ਭਾਵੇਂ ਨਵੀਂ ਐ ਪਰ ਬਾਈ ਜੀ ਸੁਣ ਕੇ ਦੇਖੋ ! ਅੱਧਾ ਘੰਟਾ ਛਿੰਦਾ ਜੀ ਨੇ ਰਿਹਰਸਲ ਕਰਵਾਈ ਤੇ ਪੰਜ ਮਿੰਟਾ ਚ ਸੁਰਿੰਦਰ ਛਿੰਦਾ ਤੇ ਸੁਦੇਸ਼ ਕੁਮਾਰ ਦੀ ਆਵਾਜ਼ ਵਿੱਚ ਗੀਤ ਰਿਕਾਰਡ ਹੋ ਗਿਆ **ਨਾਂ ਕਰ ਮੈਨੂੰ ਪਿਆਰ** ਗੀਤ ਦੂਰਦਰਸ਼ਨ ਦੇ ਨਵੇਂ ਸਾਲ ਦੇ ਪਰੋਗਰਾਮ **ਦੇਸੀ ਮਸਤੀ** ਵਿੱਚ ਚਲਿਆ ਤੇ ਪੰਜਾਬ ਦੀ ਫਿਜ਼ਾ ਵਿੱਚ ਇੱਕ ਬਹੁਤ ਮਿੱਠੀ ਆਵਾਜ਼ ਦੀ ਚਰਚਾ ਛਿੜ ਗਈ ਉਹਨਾਂ ਦਿਨਾਂ ਵਿੱਚ ਹੀ ਮੇਰਾ ਬਹੁਤ ਹੀ ਨਜਦੀਕੀ ਦੋਸਤ ਰਾਜਿੰਦਰ ਸਿੰਘ ਫਾਈਨਟੋਨ ਗੀਤਕਾਰ ਬਲਬੀਰ ਬੋਪਾਰਾਏ ਦੀ ਆਵਾਜ਼ ਵਿੱਚ ਸੰਗੀਤਕਾਰ ਸੁੱਖਪਾਲ ਸੁੱਖ ਨੂੰ ਲੈ ਕੇ ਕੈਸਿਟ ਰਿਕਾਰਡ ਕਰਨ ਦਾ ਮਨ ਬਣਾ ਚੁੱਕਾ ਸੀ। ਜਿਸ ਵਿੱਚ ਸੋਲੋ ਗੀਤਾਂ ਤੋਂ ਇਲਾਵਾ ਇੱਕ ਡਿਊਟ ਵੀ ਸੀ। ਰਾਜਿੰਦਰ ਸਿੰਘ ਨੇ ਮੈਨੂੰ ਕਿਹਾ ਕਿ ਬਾਂਸਲ ਉਸੇ ਕੁੜੀ ਨੂੰ ਬੁਲਾ। ਗੀਤ ਦਾ ਟਰੈਕ ਤਿਆਰ ਹੋ ਗਿਆ ਬਲਵੀਰ ਦੀ ਆਵਾਜ਼ ਵੀ ਡੱਬ ਹੋ ਗਈ । ਸੁਦੇਸ਼ ਨੂੰ ਬੁਲਾਇਆ ਤੇ ਉਹ ਵੀ ਆਪਣੀ ਡਬਿੰਗ ਕਰ ਗਈ। ਐਲਬਮ ਰਿਲੀਜ਼ ਹੋ ਗਈ ਹੋਸਟਲ ਦੇ ਲੈ ਗੇੜਾ ਤੇ ਉਸੇ ਐਲਬਮ ਵਿੱਚਲਾ ਗੀਤ **ਵੇ ਸ਼ੁਦਾਈਆ ਮੇਰੇ ਪਿੱਛੋਂ ਹਾਲ ਕੀ ਬਣਾ ਲਿਆ** ਨਾਲ ਸੁਦੇਸ਼ ਕੁਮਾਰੀ ਦਾ ਨਾਮ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪੁੱਜ ਗਿਆ

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਸਿੱਕਾ ਲਕਸ਼ਮੀ ਮਾਤਾ ਅਤੇ ਸ਼੍ਰੀ ਗਨੇਸ਼ ਵਾਲਾ

ਅੱਜ ਮੈਂ ਕੈਨੇਡਾ ਦੇ CIBC ਬੈਂਕ ਵੱਲੋਂ ਦੀਵਾਲੀ ਤੇ ਜਾਰੀ ਕੀਤੇ ਚਾਂਦੀ ਦੇ ਸਿੱਕੇ ਨੂੰ ਵੇਖ ਰਿਹਾ ਸੀ।ਇਕ ਸਿੱਕਾ ਲਕਸ਼ਮੀ ਮਾਤਾ ਅਤੇ ਸ਼੍ਰੀ ਗਨੇਸ਼ ਵਾਲਾ ਹੈ ਅਤੇ ਦੂਜੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ। ਸਿੱਕਿਆਂ ਨੂੰ ਵੇਖ ਕੇ ਕੁੱਝ ਲਿਖਣ ਨੂੰ ਮਨ ਕੀਤਾ।

ਸਾਡੇ ਧਾਰਮਿਕ ਰੀਤੀ ਰਿਵਾਜ਼ ਸਦੀਆਂ ਤੋਂ ਚੱਲਦੇ ਆ ਰਹੇ ਹਨ। ਸਿੱਖ ਧਰਮ ਦੀ ਬੁਨਿਆਦ ਤੋਂ ਪਹਿਲਾਂ ਹੀ ਭਾਰਤ ਦੇ ਲੋਕ ਦੀਵਾਲੀ ਦੇ ਦਿਨ ਨੂੰ ਅਹਿਮੀਅਤ ਦਿੰਦੇ ਆ ਰਹੇ ਹਨ। ਮੁਗ਼ਲ ਕਾਲ ਦੌਰਾਨ ਭਾਵੇਂ ਹਿੰਦੂ ਧਰਮ ਨਾਲ ਵੀ ਵਧੀਕੀ ਹੋਈ ਪਰ ਸੱਚ ਦਾ ਦੀਵਾ ਮਘਦਾ ਰਿਹਾ। ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਕੈਦ ਵਿੱਚੋਂ ਰਿਹਾਅ ਕੀਤਾ ਗਿਆ ਅਤੇ ਆਪ ਜੀ ਨੇ ਆਪਣੇ ਨਾਲ ਹੋਰ ਰਾਜਿਆਂ ਨੂੰ ਵੀ ਰਿਹਾਈ ਦਿਵਾਈ।

ਹਿੰਦੂ ਧਰਮ ਵਿਚ ਧੰਨ , ਖੁਸ਼ਹਾਲੀ , ਕਿਸਮਤ ਅਤੇ ਸੁੰਦਰਤਾ ਦੀ ਦੇਵੀ , ਲਕਸ਼ਮੀ ਨੂੰ ਮੰਨਿਆ ਗਿਆ ਹੈ , ਲਕਸ਼ਮੀ ਜੀ ਸ਼੍ਰੀ ਵਿਸ਼ਨੂੰ ਜੀ ਦੀ ਪਤਨੀ ਹਨ। ਲਕਸ਼ਮੀ ਜੀ ਨੂੰ ਤ੍ਰਿਮਗਲ ਵੀ ਕਿਹਾ ਜਾਂਦਾ ਹੈ। ਦੀਵਾਲੀ ਤੇ ਲਕਸ਼ਮੀ ਮਾਤਾ ਦੀ ਵਿਸ਼ੇਸ਼ ਪੂਜਾ - ਸਤਿਕਾਰ ਕੀਤਾ ਜਾਂਦਾ ਹੈ।

ਮੈਂ ਅਕਸਰ ਸੋਚਦਾ ਹਾਂ ਕਿ ਭਾਵੇਂ ਹਿੰਦੂ ਧਰਮ ਵਿੱਚ ਧੰਨ , ਖੁਸ਼ਹਾਲੀ ਲਿਆਉਣ ਲਈ ਮਾਤਾ



ਲਕਸ਼ਮੀ ਦੀ ਪੂਜਾ ਕੀਤੀ ਜਾਂਦੀ ਹੈ ਪਰ ਧਨ ਨੂੰ ਤਾਂ ਹਰ ਧਰਮ ਵਿੱਚ ਬਲਕਿ ਨਾਸਤਿਕ ਵੀ ਪਿਆਰ ਕਰਦੇ ਹਨ। ਮਾਇਆ - ਧਨ - ਲਕਸ਼ਮੀ ਦਾ ਹਰ ਘਰ ਵਿੱਚ ਸਤਿਕਾਰ ਹੈ ਅਤੇ ਹਰ ਕੋਈ ਚਾਹੁੰਦਾ ਹੈ ਕਿ ਉਸਦਾ ਘਰ ਧਨ ਨਾਲ ਭਰਿਆ ਰਹੇ। ਸਾਨੂੰ ਧਨ ਕਿੰਨਾ ਕੁ ਚਾਹੀਦਾ ਹੈ ਇਸ ਬਾਰੇ ਹਰੇਕ ਵਿਅਕਤੀ ਦਾ ਆਪੋ ਆਪਣਾ ਦ੍ਰਿਸ਼ਟੀਕੋਣ ਹੈ। ਇਹ ਵੀ ਸੱਚ ਹੈ ਕਿ ਜਿਸ ਦੇਵੀ ਦੀ ਪੂਜਾ ਕਰਦੇ ਹਾਂ ਉਸਦੀ ਕ੍ਰਿਪਾ ਭਾਵ ਮਾਇਆ ਨੂੰ ਪ੍ਰਾਪਤ ਕਰਨ ਲਈ ਅਸੀਂ ਬੇਈਮਾਨੀ, ਝੂਠ , ਕਪਟ , ਹਿੰਸਾ ਦਾ ਸਹਾਰਾ ਵੀ ਲੈਂਦੇ ਹਾਂ। ਵੱਡੀਆਂ ਬੈਂਕਾਂ ਨਾਲ ਫ਼ਰਾਡ ਤੋਂ ਲੈ ਕੇ ਅਸੀਂ ਆਪਣੇ ਰਿਸ਼ਤੇਦਾਰਾਂ , ਦੋਸਤਾਂ , ਬੈਂਕਾਂ ਅਤੇ ਭੈਣਾਂ-ਭਰਾਵਾਂ ਨੂੰ ਵੀ ਨਹੀਂ ਬਖ਼ਸ਼ਦੇ। ਅਸੀਂ ਖਾਣ - ਪੀਣ ਵਾਲੇ ਪਦਾਰਥਾਂ ਵਿੱਚ ਮਿਲਾਵਟ ਕਰਦੇ ਹਾਂ। ਅਸੀਂ ਮਾਇਆ ਲਈ ਧਰਤੀ ਦੇ ਪਾਣੀ ਨੂੰ , ਹਵਾ ਨੂੰ ਲਗਾਤਰ ਦੂਸ਼ਿਤ ਕਰਦੇ ਆ ਰਹੇ ਹਾਂ। ਜਦੋਂ ਲਕਸ਼ਮੀ ਮਾਤਾ ਕ੍ਰਿਪਾ ਕਰਦੀ ਹੈ ਤਾਂ ਕਈ ਇਸਦੀ ਕ੍ਰਿਪਾ ਨੂੰ ਆਪਣੀ ਅਯਾਸ਼ੀ ਤੇ , ਵਿਰੋਧੀਆਂ ਦਾ ਨੁਕਸਾਨ ਕਰਨ ਤੇ ਜਾਂ ਹਿੰਸਕ ਕਾਰਵਾਈਆਂ ਤੇ ਵੀ ਖਰਚ ਕਰਦੇ ਹਨ। ਇਸਦੇ ਬਾਵਜੂਦ ਬਹੁਤ ਲੋਕ ਹਨ ਜਿਹੜੇ ਸਮਾਜ ਦੀ ਦੁਖਦੀ ਰਗ਼ ਤੇ ਹੱਥ ਧਰਦੇ ਹਨ।

ਸਾਡਾ ਸਮਾਜ ਵੱਖ - ਵੱਖ ਵਿਸ਼ਵਾਸਾਂ , ਧਾਰਨਾਵਾਂ , ਮੰਨਤਾਂ - ਮਨੌਤਾਂ ਅਤੇ ਬੰਦਗੀਆਂ ਦਾ ਸੰਗ੍ਰਹਿ ਹੈ। ਅਸੀਂ ਖ਼ੁਦ ਨੂੰ ਖ਼ਾਲਸ ਅਤੇ ਹੋਰਾਂ ਨੂੰ ਮਿਲਾਵਟੀ ਅਤੇ ਜਾਅਲੀ ਸਾਬਿਤ ਕਰਨ ਲਈ ਦਿਨ - ਰਾਤ ਇੱਕ ਕਰ ਰਹੇ ਹਾਂ। ਪਰ ਇਕ ਗੱਲ ਸਦੀਵੀਂ ਸੱਚ ਹੈ ਕਿ ਹਰ ਕੋਈ ਚਾਹੁੰਦਾ ਹੈ ਕਿ ਉਸਦਾ ਘਰ ਧਨ ਨਾਲ , ਲਕਸ਼ਮੀ ਨਾਲ ਭਰਿਆ ਰਹੇ। ਤੁਸੀਂ ਧਨ ਨੂੰ ਕਿਸ ਸ਼ਕਲ ਵਿੱਚ ਵੇਖਦੇ ਹੋ ਇਹ ਤੁਹਾਡਾ ਨਜ਼ਰੀਆਂ ਹੋ ਸਕਦਾ ਹੈ। ਸਾਡੀ ਅਰਦਾਸ ਹੈ ਕਿ ਤੁਹਾਡੇ ਘਰ ਵਿੱਚ ਬਰਕਤ ਰਹੇ।

ਸਾਡੇ ਸਾਰੇ ਤਿਓਹਾਰ ਸਾਡੀ ਸਾਂਝੀਵਾਲਤਾ ਦਾ ਪ੍ਰਤੀਕ ਹਨ। ਮੇਰੇ ਮਾਂ ਪਿਓ ਨੇ ਮੇਰੇ ਅੰਦਰ ਕਦੀ ਵੀ ਕਿਸੇ ਵੀ ਧਰਮ ਪ੍ਰਤੀ ਨਫ਼ਰਤ ਨਹੀਂ ਭਰੀ। ਜਗਰਾਵਾਂ ਸ਼ਹਿਰ ਵਿੱਚ ਸਾਰੇ ਲੋਕ ਰਲ ਕੇ ਗੁਰਪੁਰਬ , ਦੀਵਾਲੀ ਦੁਸਹਿਰਾ , ਜਨਮ ਅਸ਼ਟਮੀ , ਹਜ਼ਰਤ ਮੋਹਕਮ ਦੀਨ ਦੀ ਰੌਸ਼ਨੀ , ਰਾਮਨੌਮੀਂ ਆਦਿ ਮਨਾਉਂਦੇ ਹਨ। ਅੱਜ ਵੀ ਕਨੇਡਾ ਵਿੱਚ ਓਹੀ ਲੋਕ ਮੇਰੇ ਅੰਗ - ਸੰਗ ਰਹਿੰਦੇ ਹਨ।

ਜਸਵਿੰਦਰ ਸਿੱਧੂ




## ਉਹ ਵੇਲਾ ਯਾਦ ਕਰ

# ਹੁਣ ਤਾਂ ਸਾਰਾ ਕੈਲਗਰੀ ਮਿੱਤਰਾਂ ਦਾ ਪਿੰਡ ਨਜ਼ਰ ਆਉਂਦਾ

ਦਰਦ ਹਲਕਾ ਹੈ, ਸਾਂਸ ਭਾਰੀ ਹੈ,
ਜੀਏ ਜਾਨੇ ਕੀ ਰਸਮ ਜਾਰੀ ਹੈ।
ਆਪ ਕੇ ਬਾਅਦ ਹਰ ਘੜੀ,
ਹਮਨੇ ਆਪ ਕੇ ਸਾਥ ਗੁਜ਼ਾਰੀ ਹੈ।

ਜੰਮਣ-ਭੋਂ ਦੁਨੀਆਂ ਦੇ ਨਕਸ਼ੇ ਤੇ ਅਜਿਹੀ ਥਾਂ ਹੁੰਦੀ ਹੈ ਜਿੱਥੇ ਵਾਰ ਵਾਰ ਜਾਣ ਨੂੰ ਜੀਅ ਕਰਦਾ ਹੈ। ਕੁੱਝ ਅਰਸਾ ਨਾ ਜਾਈਏ ਤਾਂ ਇੱਕ ਕਸਕ ਸੋਚਦੀ ਰਹੀ ਸ਼ਾਇਦ ਵਕਤ ਦੀ ਤਖ਼ਤੀ ਤੋਂ ਮੇਰੀ ਹੋਂਦ ਮਨਫ਼ੀ ਹੋ ਗਈ ਹੋਵੇ। ਆਪਣਿਆਂ ਦੀ ਸੂਚੀ ਵਿੱਚੋਂ ਖਾਰਜ ਹੁੰਦਿਆਂ ਕਿਹੜਾ ਵਕਤ ਲਗਦੈ, ਜਦ ਉਪਰੋਥਲੀ ਹੁੰਦੀਆਂ ਹੋਣੀਆਂ ਪਲੋ ਪਲੀ ਬਦਲਾਅ ਲਿਆ ਰਹੀਆਂ ਹੋਣ। ਪਰ ਚਿਰਾਂ ਤੋਂ ਵਿੱਛੜੀਆਂ ਕਈ ਸਾਂਝਾਂ ਬਾਹਾਂ ਖਿਲਾਰ ਕੇ ਜਦ ਮੈਨੂੰ ਕਲਾਵੇ ਭਰ ਮਿਲੀਆਂ ਤੇ ਮੇਰੇ ਮੋਢਿਆਂ ਤੇ ਵੈਰਾਗ ਦੇ ਹੰਝੂ ਵਰਸਾ ਰਹੀਆਂ ਅੱਖਾਂ ਨਾਲ ਕੋਈ ਆ ਮਿਲਿਆ ਤਾਂ ਕਾਲ਼ਜਾ ਠਾਰਨ



ਤੁਹਾਡੀਆਂ ਆਂਦਰਾਂ ਨੂੰ ਖਿੱਚ ਪਾਉਂਦੀ ਹੈ। ਜਿਨ੍ਹਾਂ ਰਾਹਾਂ ਤੇ ਕਦੇ ਪੈੜਾਂ ਕੀਤੀਆਂ ਸਨ, ਉਨ੍ਹਾਂ ਵਿਚ ਦੁਬਾਰਾ ਪੈਰ ਧਰ ਕੇ ਤੁਰਨ ਨੂੰ ਮਨ ਲੋਚਦਾ ਹੈ। ਓਥੇ ਬਿਤਾਏ ਕਿਲਕਾਰੀਆਂ ਵਰਗੇ ਦਿਨ ਯਾਦਾਂ ਵਿਚ ਪੈਲਾਂ ਪਾਉਂਦੇ ਨਜ਼ਰ ਆਉਂਦੇ ਹਨ। ਏਥੇ ਪਰਦੇਸ ਬੈਠਿਆਂ ਨੂੰ ਕਈ ਵਾਰ ਲਗਦਾ ਹੈ ਜਿਵੇਂ ਸਾਰੇ ਪੰਜਾਬ ਦਾ ਮਾਹੌਲ ਆਸਾ ਦੀ ਵਾਰ ਤੋਂ ਚੰਡੀ ਦੀ ਵਾਰ ਵਾਲ਼ੀ ਤਰਜ਼ ਤੇ ਢਲ ਰਿਹਾ ਹੋਵੇ। ਵਸਤਾਂ, ਜਾਇਦਾਤਾਂ ਜਾਂ ਥਾਵਾਂ ਦੀ ਕਬਜ਼ਾ-ਬਿਰਤੀ ਨੇ ਰਿਸ਼ਤਿਆਂ ਵਿਚ ਟੇਢਾਂ ਬੀਜ ਧਰੀਆਂ ਹੋਣ। ਪਰ ਸਾਡੀ ਪੀੜ੍ਹੀ ਨੂੰ ਇਹ ਸਭ ਨਜ਼ਰਅੰਦਾਜ਼ ਕਰ ਕੇ ਸੁਹਿਰਦ ਮਨ ਨਾਲ ਮੋਹ-ਮੁਹੱਬਤ ਵਾਲੀ ਸੁਰ ਸਾਂਭਦਿਆਂ ਸਭ ਨੂੰ ਮਿਲਣਾ ਬਣਦਾ ਹੈ। ਪਤਾ ਨਹੀਂ ਕਿਸ ਮੋੜ ਤੇ ਸਾਹਾਂ ਦੀ ਪੂੰਜੀ ਮੁੱਕ ਜਾਵੇ, ਇਹ ਸੋਚ ਕੇ ਹਰ ਯਾਤਰਾ ਨੂੰ ਆਖਰੀ ਹੀ ਮੰਨਣਾ ਚਾਹੀਦਾ ਹੈ। ਸਾਡੀ ਉਠਦੀ ਪਨੀਰੀ ਨੂੰ ਉਥੇ ਵਸਦੇ ਲੋਕਾਂ ਨਾਲ ਜਾਂ ਮਘਦੇ ਜੀਵਨ ਤੇ ਹਾਲਾਤ ਨਾਲ ਰਾਬਤਾ ਹੋਰ ਵੀ ਜ਼ਰੂਰੀ ਹੈ। ਇਸ ਨਾਲ ਉਨ੍ਹਾਂ ਦਾ ਵਜੂਦ ਵਧੀਆ ਉਸਰਦਾ ਹੈ। ਕੰਮ ਕਰਦੇ ਲੋਕਾਂ ਲਈ ਜਾਣਾ ਇਸ ਲਈ ਜ਼ਰੂਰੀ ਹੈ ਕਿ ਕੋਹਲੂ ਬੈਲ ਵਾਲੀ ਦੌੜ ਦਾ ਅਕੇਵਾਂ ਤੇ ਥਕੇਵਾਂ ਲਾਹ ਕੇ ਭਰਵਾਂ ਸਾਹ ਲੈ ਸਕਣ ਤੇ ਜ਼ਿੰਦਗੀ ਦਾ ਪਾਸਾ ਥੱਲਿਆ ਜਾਵੇ। ਸੋ ਜ਼ਰੂਰ ਜਾਓ ਚਾਹੇ ਥੋੜੇ ਸਮੇਂ ਲਈ ਹੀ ਜਾ ਸਕੋ। ਓਥੇ ਪੁੱਜ ਕੇ ਬੀਤੇ ਪਲ ਸੱਜਰੇ ਹੋ ਜਾਂਦੇ ਹਨ। ਬਨੇਰੇ ਧਰੇ ਦੀਵਿਆਂ ਦੀ ਲੋਅ ਵਰਗੇ ਪਲ ਮੁਸਕਰਾ ਕੇ ਗਲਵੱਕੜੀ ਪਾਉਂਦੇ ਸਾਨੂੰ ਤਰੋ ਤਾਜ਼ਾ ਕਰਦੇ ਹਨ। ਅਸੀਂ ਪੋਹਲ਼ੀ ਤੋਂ ਗੁਲਾਬ ਹੋ ਜਾਂਦੇ ਹਾਂ। ਉਨ੍ਹਾਂ ਸਭ ਕੰਧਾਂ, ਰੁੱਖਾਂ ਤੇ ਥਾਵਾਂ ਦੇ ਗਲ਼ ਲੱਗਣ ਨੂੰ ਜੀਅ ਕਰਦੈ ਜਿੱਥੇ ਕਦੇ ਸਾਡੇ ਸੁਪਨੇ ਸੈਹ ਲੈਂਦੇ ਸੀ, ਜਿੱਥੇ ਸਾਡੇ ਅੱਖਰਾਂ ਨੇ ਅੱਖਾਂ ਖੋਹਲੀਆਂ ਹੋਣ, ਜਿੱਥੇ ਸੀਨੇ ਅੰਦਰ ਪੁੰਗਰਦੇ ਅੱਖਰਾਂ ਨੂੰ ਸੁਲਘਾ ਲੈਣ ਜਿਹੀ ਊਰਜਾ ਮਿਲੀ, ਜਾਚ ਮਿਲੀ। ਜਿੱਥੇ ਜ਼ਿੰਦਗੀ ਦਾ ਤੱਤਾ ਠੰਢਾ ਸਮੋਣ ਦਾ ਵੱਲ ਸਿੱਖਿਆ। ਅੱਗੇ ਕੁੱਝ ਕਰਨ ਦੀ ਰੀਝ ਜਾਗੀ।

ਇਸ ਵਾਰ ਪੰਜਾਬ ਵੱਲ ਜਾਂਦਿਆਂ ਸੋਚਾਂ ਦੀ ਲੱਦ-ਪਲੱਦ ਕਰਦੀ ਮੈਂ ਵਰਗਾ ਅਹਿਸਾਸ ਕਰਵਟਾਂ ਲੈਂਦਾ ਰਿਹਾ। ਖਰਚੀ ਟਿਕਟ ਦੇ ਪੈਸੇ ਵਿਆਜ ਸਮੇਤ ਵਸੂਲ ਹੁੰਦੇ ਲੱਗੇ। ਰਿਸ਼ਤੇ ਵਿਚਲੇ ਅਜੇਹੇ ਨਿੱਘ ਨਾਲ ਮੇਰਾ ਅੰਦਰ ਸਰਸ਼ਾਰ ਹੋ ਗਿਆ। ਸਿਆਣੇ ਆਖਦੇ ਹਨ ਬਹੁਤ ਦੂਰ ਤੱਕ ਜਾਣਾ ਪੈਂਦਾ ਹੈ ਇਹ ਦੇਖਣ ਲਈ ਕਿ ਕੌਣ ਨੇੜੇ ਹੈ। ਮੈਨੂੰ ਪਟਿਆਲੇ ਵਾਲ਼ੇ ਪੁੱਛਦੇ ਰਹੇ ਸਾਂਝਾਂ ਦੀ ਅਜਿਹੀ ਸਲਤਨਤ ਵਿੱਚੋਂ ਜਾ ਕੇ ਤੇਰਾ ਬਿਗਾਨੀ ਥਾਂ ਚਿੱਤ ਕਿਵੇਂ ਧਿਜ ਗਿਆ। ਮੈਂ ਕਿਹਾ ਹੁਣ ਤਾਂ ਕੈਲਗਰੀ ਹੀ ਸਾਰਾ ਮਿੱਤਰਾਂ ਦਾ ਪਿੰਡ ਨਜ਼ਰ ਆਉਂਦਾ ਹੈ। ਓਥੇ ਕਈ ਲੋਕ ਕੈਨੇਡਾ ਆਏ ਬੱਚਿਆਂ ਦੀਆਂ ਦੁਸ਼ਵਾਰੀਆਂ ਅਤੇ ਅਣਿਆਈਆਂ ਮੌਤਾਂ ਬਾਰੇ ਸਵਾਲਾਂ ਸਮੇਤ ਕਈ ਤੌਖਲੇ ਤੇ ਖ਼ਦਸ਼ੇ ਪਰੋਸਦੇ ਰਹੇ। ਮੈਨੂੰ ਲੱਗਿਆ ਜਿਵੇਂ ਪੰਜਾਬ ਦੀ ਧਰਤੀ ਤੇ ਵਾਪਰਦੀ ਕੋਈ ਹੋਣੀ ਸਾਡੀਆਂ ਸੋਚਾਂ ਵਿਚ ਤਰਥੱਲੀ ਪਾਉਂਦੀ ਹੈ, ਉਵੇਂ ਹੀ ਓਥੇ ਬੈਠੇ ਪੰਜਾਬੀ ਕੈਨੇਡੀਅਨ ਧਰਤ ਦੀ ਉਥਲ-ਪੁਥਲ ਬਾਰੇ ਚਿੰਤਾ ਪਾਲ਼ਦੇ ਹਨ। ਏਥੋਂ ਜਾ ਕੇ ਅਸੀਂ ਪਹਿਲਾਂ ਹੰਢਾਏ ਉਸ ਜਗਤ ਨੂੰ ਹੁਣ ਦੀਆਂ ਗਰਜ਼ਾਂ ਦੇ ਮੇਚ ਦਾ ਕਰ ਕਰ ਦੇਖਦੇ ਹਾਂ। ਲੰਘੇ ਦਿਨਾਂ ਵਿੱਚੋਂ ਰਿਸ਼ਤਿਆਂ ਦੇ ਨਿੱਘ ਅਤੇ ਮੋਹ ਦੀ ਸ਼ਿੱਦਤ ਸਾਨੂੰ ਥਾਪੜਾ ਦੇ ਕੇ ਮੁੜ ਜਿਉਣ ਜੋਗਾ ਕਰਦੀ ਹੈ। ਆ ਰਹੇ ਸਮੇਂ ਦੀਆਂ ਵਿਉਂਤਾਂ ਵਿਚ ਉਲਝੇ ਅਸੀਂ ਫੇਰ ਮਿਲਣ ਦਾ ਪੱਲਾ ਫੜ ਤੁਰਦੇ ਹਾਂ। ਅਧਿਆਪਕ ਹੋਣ ਕਰ ਕੇ ਮੈਨੂੰ ਫ਼ਖ਼ਰ ਹੋਇਆ ਕਿ ਅਸੀਂ ਅਜੇਹੇ ਸੂਰਜ ਹਾਂ ਜੋ ਆਪਣੇ ਹਿੱਸੇ ਦਾ ਚਾਨਣ ਅਗਲੀ ਪੀੜ੍ਹੀ ਨੂੰ ਵੰਡ ਕੇ ਵਿਰਾਸਤ ਦੇ ਚੱਲੇ ਹਾਂ। ਸਾਡੇ ਕੱਪੜੇ-ਲੱਤੇ ਜਿੱਥੇ ਸਾਡੀ ਔਲਾਦ ਲਵੇਗੀ ਓਥੇ ਹੀ ਸਾਡੇ ਬੋਲ, ਸ਼ਬਦ, ਲਿਖਤਾਂ, ਵਿਚਾਰ ਜਾਂ ਖਿਆਲ ਅੱਗੇ ਤੋਰਨ ਦਾ ਵਸੀਲਾ ਸਾਡੇ ਵਿਦਿਆਰਥੀ ਹੋਣਗੇ। ਜੱਗੋਂ ਤੁਰ ਗਿਆਂ ਦਾ ਵਿਗੋਚਾ ਵੀ ਅੰਦਰ ਪੰਘਰਦਾ ਰਿਹਾ। ਫੇਰ ਮਿਲਣ ਦੀ ਆਸ ਤੇ ਹਾਜ਼ਰ ਹੋ ਗਏ ਹਾਂ। ਅੰਮ੍ਰਿਤਾ ਪ੍ਰੀਤਮ ਨੇ ਅਜਿਹੀ ਤਸੱਲੀ ਬਾਰੇ ਖ਼ੂਬ ਲਿਖਿਆ ਹੈ - ਏਸ ਆਸ ਤੇ ਕਿ ਮੇਲ ਤੇਰਾ ਹੋ ਹੀ ਜਾਣਾ ਹੈ,

ਮੈਂ ਘੁੱਟੀਂ ਬਾਟੀਂ ਪੀ ਲਈ ਜੁਦਾਈ ਸੱਜਣਾ।

# ਪੰਜਾਬੀ ਸਾਹਿਤ ਦਾ ਮਣਕਾ : ਰਵਿੰਦਰ ਸਿੰਘ ਸੈਂਪਲਾ



ਕਾਲਾ ਸਿੰਘ ਸੈਣੀ,
99882-80386

ਮਾਤਾ ਜਸਵਿੰਦਰ ਕੌਰ ਅਤੇ ਪਿਤਾ ਅਵਤਾਰ ਸਿੰਘ ਸੈਂਪਲਾ ਦੀਆਂ ਅੱਖਾਂ ਤਾ ਤਾਰਾਂ ਐਡਵੋਕੇਟ ਰਵਿੰਦਰ ਸਿੰਘ ਸੈਂਪਲਾ ਰੰਗਮੰਚ,ਗੀਤਕਾਰੀ ਤੇ ਸਾਹਿਤ ਦੇ ਖੇਤਰ ਵਿੱਚ ਕਿਸੇ ਖਾਸ-ਜਾਣ ਪਛਾਣ ਖੁਣੋਂ ਸੱਖਣਾ ਨਹੀਂ ਹੈ।ਭਾਵੇਂ ਉਸ ਦੀ ਜਨਮ ਭੌਇੰ ਇਤਿਹਾਸਕ ਸ਼ਹਿਰ ਸ੍ਰੀ ਫਤਿਹਗੜ੍ਹ ਸਾਹਿਬ ਦਾ ਪਿੰਡ ਸੈਂਪਲਾ ਹੈ।ਪਰ ਪਿੱਛਲੇ ਲੰਮੇਂ ਸਮੇਂ ਤੋਂ ਉਸ ਨੇ ਸ਼ਹਿਰ ਖਰੜ 'ਚ ਰਹਿ ਰਿਹਾ ਹੈ।ਉੱਚੇ ਵਿਚਾਰਾਂ ਵਾਲੇ ਘਰ ਵਿੱਚਲੇ ਧਾਰਮਿਕ ਮਾਹੌਲ ਨੇ ਉਸ ਨੂੰ ਇਸ ਖੇਤਰ ਵਲ ਪ੍ਰੇਰਿਤ ਕੀਤਾ ਹੈ। ਛੋਟੀ ਉਮਰ 'ਚ ਪੁਸਤਕਾਂ ਪੜ੍ਹਨ ਦੀ ਚੇਟਕ ਨਾਲ ਉਹ ਕਲਮ ਦੇ ਹੁਸਨ ਨਾਲ ਕਾਗਜਾਂ ਦੇ ਚਿਹਰਿਆਂ ਦੇ ਨਕਸ ਨਿਖਾਰਨ ਲੱਗ ਪਿਆ। ਹੌਲੀ-ਹੌਲੀ ਇਹ ਮੁਖੜੇ ਗੀਤਾਂ ਦਾ ਰੂਪ ਧਾਰਨ ਕਰਦੇ ਗਏ।ਉਸ ਦੇ ਲਿਖੇ ਗੀਤਾਂ ਨੂੰ ਗਾਇਕ ਹੈਰੀ ਰਾਹੀ ਅਤੇ ਅਰਸ਼ ਅਵਤਾਰ ਨੇ ਰਿਕਾਰਡ ਕਰਵਾਇਆ।'ਨਿੱਤ ਕਾਲਜਾਂ 'ਚ ਮਿੱਤਰਾਂ ਦੇ ਮੇਲੇ ਲੱਗਦੇ','ਜਦੋਂ ਗਿੱਧੇ ਵਿੱਚ ਆਈ ਇੱਕ ਮੋਰਨੀ..', ਵਰਗੇ ਗੀਤਾਂ ਨਾਲ ਸੰਗੀਤਕ ਖੇਤਰ 'ਚ ਕਦਮ ਰੱਖਿਆ ਹੈ।



ਰਵਿੰਦਰ ਸਿੰਘ ਸੈਂਪਲਾ

ਥੀਏਟਰ ਦੇ ਮਸ਼ਹੂਰ ਨਿਰਦੇਸ਼ਕ ਡਾ.ਚਰਨ ਸਿੰਘ ਸਿੰਧਰਾ ਦੇ ਨਿਰਦੇਸ਼ਨਾਂ ਹੇਠ ਕਲਾ ਦੀਆਂ ਬਰੀਕਿਆਂ ਸਿੱਖਦੇ ਹੋਏ ਰਵਿੰਦਰ ਸਿੰਘ ਸੈਂਪਲਾ ਨੇ ਧਾਰਮਿਕ ਨਾਟਕ 'ਮਰਦ ਅਗੰਮੜਾ','ਕੌੜਾ ਸੱਚ' ਵਰਗੇ ਨਾਟਕਾਂ ਦੇ ਸਟੇਜ਼ ਸੋਅ ਕੀਤੇ ਹਨ। ਬਤੌਰ ਐਡਵੋਕੇਟ ਸਮਾਜਿਕ ਬੁਰਾਇਆਂ ਪ੍ਰਤੀ ਚਿੰਤਤ ਪਹਿਰਾ ਦਿੰਦੇ ਹੋਏ ਉਸ ਨੂੰ ਸਾਹਿਤ ਨਾਲ ਵੀ ਗੂੜ੍ਹਾ ਪਿਆਰ ਹੈ। ਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਸਾਹਿਤ,ਕੌਮ ਅਤੇ ਵਿਰਾਸਤ ਦੀ ਪਛਾਣ ਕਰਵਾਉਂਦਾ ਹੈ। ਰਵਿੰਦਰ ਬਤੌਰ ਲੇਖਕ ਕਲਮ ਵਾਹੁੰਦਾ ਹੋਇਆ ਸ਼ਾਬਦਿਕ ਚੇਤਨਾ ਦਾ ਵੀ ਪਸਾਰਾ ਕਰ ਰਿਹਾ ਹੈ।ਅਖਬਾਰਾਂ,ਰਸਾਲਿਆਂ 'ਚ ਪ੍ਰਕਾਸ਼ਿਤ ਹੁੰਦੇ ਲੇਖ,ਰਚਨਾਵਾਂ ਤੋਂ ਇਲਾਵਾ ਉਸ ਨੇ ਦੋ ਕਾਵਿ ਸੰਗ੍ਰਹਿ 'ਪਿਆਸਾ ਸਮੁੰਦਰ',ਅਤੇ 'ਗੁਸ਼ਤਾਖੀਆਂ' ਦੇ ਸਿਰਲੇਖ ਹੇਠ ਪੁਸਤਕਾਂ ਲੋਕ ਅਰਪਿਤ ਕੀਤੇ ਹਨ।ਉਸ ਦੀ ਕਲਮ ਵਿੱਚੋਂ ਉਪਜੇ ਸ਼ਬਦਾਂ ਵਿੱਚ ਮਾਂ-ਬੋਲੀ ਪੰਜਾਬੀ ਦੀ ਖੁਸ਼ਬੋ ਠਾਠਾਂ ਮਾਰਦੀ ਹੈ। ਉਸ ਦਾ ਕਹਿਣਾ ਹੈ ਕਿ ਪੰਜਾਬੀ ਸਾਹਿਤ ਪੰਜਾਬੀ ਵਿਰਸੇ ਦਾ ਇੱਕ ਵੱਡਮੁੱਲਾ ਖ਼ਜਾਨਾ ਹੈ।

# ਸੋਚ

ਕੋਈ ਡੇਢ ਸਾਲ ਪਹਿਲਾਂ ਦੀ ਗੱਲ ਹੈ, ਮੈਂ ਆਪਣੇ ਬੇਟੇ ਦੇ ਵਿਆਹ ਦੀ ਖ਼ਰੀਦਾਰੀ ਕਰਦੇ ਸਮੇਂ ,ਕੁਝ ਸਮਾਨ ਲੈਣ ਲਈ ਫੀਲਡ ਗੰਜ(ਲੁਧਿਆਣਾ) ਦੀ ਸ਼ਾਹਪੁਰ ਰੋਡ ਦੀਆਂ ਦੁਕਾਨਾਂ ਦੇਖ ਰਹੀ ਸੀ ਕਿ ਅਚਾਨਕ ਪਿੱਛੋਂ ਇੱਕ ਅਵਾਜ਼ ਆਈ ਮੈਡਮ ਇੱਕ ਪੈੱਨ ਲੈ ਲਉ।ਮੈਂ ਮੁੜਕੇ ਦੇਖਿਆ ਤਾਂ ਇੱਕ ਬਹੁਤ ਹੀ ਪਿਆਰਾ ਬੱਚਾ ਮੇਰੇ ਕੋਲ ਖੜਾ ਸੀ ਤੇ ਉਸਦੇ ਹੱਥ ਚ ਪੈੱਨਾਂ ਦੇ ਕਾਫ਼ੀ ਪੈਕਟ ਫੜੇ ਹੋਏ ਸੀ।ਅਧਿਆਪਿਕਾ ਹੋਣ ਕਰਕੇ ,ਸੁਭਾਵਿਕ ਤੌਰ ਤੇ ਹੀ ਮੈਂ ਉਸਨੂੰ ਬਾਲ ਮਜ਼ਦੂਰੀ ਚੋਂ ਕੱਢਣਾ ਚਾਹੁੰਦੀ ਸੀ,ਪਰ ਇਸ ਤੋਂ ਪਹਿਲਾਂ ਕੇ ਮੈਂ ਕੁਝ ਕਹਿੰਦੀ ,ਉਸਨੇ ਪੈੱਨ ਮੇਰੇ ਹੱਥ ਚ ਫੜਾ ਕੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਤੇ ਥੈਂਕਯੂ ਉਸਦੇ ਇਸ ਤਰੀਕੇ ਨੇ ਮੇਰਾ ਮਨ ਮੋਹ ਲਿਆ।ਮੈਂ ਉਸਦੇ ਵਾਲਾਂ ਤੇ ਹੱਥ ਫੇਰਿਆ ਅਤੇ ਉਸਨੂੰ ਸੜਕ ਤੋਂ ਪਾਸੇ ਕੀਤਾ ,ਤੇ ਬਾਲ ਮਜ਼ਦੂਰੀ ਕਾਰਣ ਉਸਦੀ ਪੜ੍ਹਾਈ ਦੇ ਹੋਣ ਵਾਲੇ ਨੁਕਸਾਨ ਬਾਰੇ ਸਮਝਾਉਣਾ ਸ਼ੁਰੂ ਕੀਤਾ।ਉਸਨੇ ਸ਼ੁਰੂ ਚ ਹੀ ਮੇਰੀ ਗੱਲ ਕੱਟ ਕੇ ਕਿਹਾ ਪਰ ਮੈਂ ਤਾਂ ਸਕੂਲ ਜਾਂਦਾ ਹੀ ਨਹੀਂ।ਮੈਂ ਤਾਂ ਪੜ੍ਹਾਈ ਪਿਛਲੇ ਸਾਲ ਛੱਡ ਦਿੱਤੀ।ਮੈਂ ਉਸਨੂੰ ਬੜੇ ਪਿਆਰ ਨਾਲ ਕਿਹਾ ਕਿ ਬੇਟਾ ਇਹ ਤਾਂ ਬਹੁਤ ਗਲਤ ਗੱਲ ਹੈ।ਉਸਨੇ ਬੜੀ ਹਾਜ਼ਰ ਜਵਾਬੀ ਦਖਾਉਂਦੇ ਹੋਏ ਕਿਹਾ ਕਿਉਂ ਗਲਤ ਗੱਲ ਆ ਮੈਡਮ ਜੀ,ਪੜ੍ਹਾਈ ਕਮਾਈ ਕਰਨ ਨੂੰ ਹੀ ਕਰਨੀ ਆ,ਉਹ ਮੈਂ ਕਰ ਰਿਹਾ ਹਾਂ ।ਮੈਨੂੰ ਉਸਦੇ ਭੋਲੇਪਨ ਤੇ ਹਾਸਾ ਵੀ ਆਇਆ ਪਰ ਮੈਂ ਹਾਸਾ ਰੋਕ ਕੇ ਉਸਨੂੰ ਕਿਹਾ ਚਲੋ ਜੇ ਇਹ ਗੱਲ ਹੈ ਬੇਟਾ,ਤਾਂ ਫੇਰ ਪੜ੍ਹਾਈ ਨਾਲ ਤਾਂ ਆਪਾਂ ਕਮਾਈ ਹੋਰ ਵੀ ਵਧੀਆਂ ਕਰ ਸਕਦੇ ਹਾਂ ਤੇ.... ਉਸਨੇ ਇੱਕ ਵਾਰ ਫੇਰ ਮੇਰੀ ਗੱਲ ਕੱਟ ਕੇ ਤਪਾਕ ਦੇਣੇ ਜਵਾਬ ਦਿੱਤਾ ਮੈਡਮ ਜੀ,ਮੇਰੇ ਚਾਚੇ ਦਾ ਮੁੰਡਾ ਪੰਜ ,ਪੜ੍ਹਿਆ ਜੀ,ਉਸਨੇ ਪਹਿਲਾਂ ਵਰਕਸ਼ਾਪ ਦਾ ਕੰਮ ਸਿੱਖਿਆ ਤੇ ਫੇਰ ਆਪਣੀ ਵਰਕਸ਼ਾਪ ਖੋਲ ਲਈ,ਤੇ ਹੁਣ ਉਹਨੇ ਦੋ ਮੰਜਲੀ ਵੀ ਪਾ ਲਈ।ਮੈਂ ਇੱਕ ਵਾਰ ਫੇਰ ਕੋਸ਼ਿਸ਼ ਕੀਤੀ ਤੇ ਕਹਿਣਾ ਸ਼ੁਰੂ ਕੀਤਾ ਬੇਟਾ ,ਆਪਾਂ ਪੜ੍ਹਾਈ ਨੂੰ ਸਿਰਫ ਕਮਾਈ ਨਾਲ ਨਾਂ ਜੋੜੀਏ।ਇਨਸਾਨ ਜੇ ਪੜ੍ਹਿਆ ਲਿਖਿਆ ਹੋਵੇ ਤਾਂ ............... ਉਸਨੇ ਮੇਰੇ ਤੋਂ ਆਪਣੀ ਬਾਂਹ ਛੁੜਾਈ ਤੇ ਇਹ ਬੋਲਦਾ ਬੋਲਦਾ ਭੱਜ ਗਿਆ ਕੇ ਮੈਡਮ ਜੀ ਕਮਾਈ ਪਿੱਛੇ ਹੀ ਤਾਂ ਪੜ੍ਹਾਈ ਕਰਨੀ ਹੁੰਦੀ ਆ ,ਹੋਰ ਪੜ੍ਹ ਕੇ ਕੀ ਲੈਣਾ।ਉਸ ਗੱਲ ਨੇ ਮੈਨੂੰ ਬਹੁਤ ਪਰੇਸ਼ਾਨ ਕਰਤਾ ,ਕੇ ਜੇ ਆਉਣ ਵਾਲ਼ੀਆਂ ਨਸਲਾਂ ਲਈ ਪੜ੍ਹਾਈ ਦਾ ਮਤਲਬ ਸਿਰਫ ਕਮਾਈ ਰਹਿ ਜਾਉਗਾ ਤਾਂ ਸਮਾਜ ਚ ਨਿਘਾਰ ਆਉਣ ਤੋਂ ਕੋਈ ਨਹੀਂ ਰੋਕ ਸਕਦਾ,ਕਿਉਂਕਿ ਕਮਾਈ ਦੇ ਸਾਧਨ ਤਾਂ ਲੋਕਾਂ ਨੇ ਅਨਪੜ੍ਹ ਰਹਿ ਕੇ ਵੀ ਲੱਭ ਲਏ ਪਰ ਪੜ੍ਹੀ ਲਿਖੀ ਸੋਚ ਤਾਂ ਸ਼ਾਇਦ ਖਤਮ ਹੀ ਹੋ ਰਹੀ ਹ। ਇਸ ਘਟਨਾ ਨੇ ਇੱਕ ਹੋਰ ਸਵਾਲ ਵੀ ਮੇਰੇ ਸਾਹਮਣੇ ਲਿਆ ਕੇ ਖੜਾ ਕਰ ਦਿੱਤਾ ਕਿ ਕੀ ਅੱਜ ਦੀ ਪੀੜ੍ਹੀ ਕੇਵਲ ਡਿਗਰੀਆਂ ਲੈ ਰਹੀ ਹੈ ਕਿ ਆਪਣੀ ਸੋਚ ਨੂੰ ਵੀ ਪੜ੍ਹਾ ਰਹੇ ਨੇ?

ਮਨਪ੍ਰੀਤ ਵਿਰਕ

ਘਰ ਖਰੀਦਣਾ ਜਾਂ ਵੇਚਣਾ ਹੋਵੇ ਤਾਂ ਤਜ਼ਰਬੇਕਾਰ ਰੀਐਲਟਰ ਰਾਜ ਮੱਲ੍ਹੀ ਦੀ ਸਲਾਹ ਜਰੂਰ ਲੈ ਲਵੋ



# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕਨੇਡਾ ਵਿੱਚ ਬਚਪਨ ਤੋਂ ਰਹਿੰਦੇ , ਜੱਟ ਸਿੱਖ ਪਰਿਵਾਰ ਦੇ ਲੜਕੇ,ਜਨਮ 1991,ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ : ਅਲਬਰਟਾ ਸੂਬੇ ਤੋਂ ਹੀ ਸਪਲਾਈ ਚੇਨ ਬਿਜਨਿਸ ਮੈਨੇਜਮੈਂਟ ਪ੍ਰੋਫੈਸ਼ਨਲ ਡੇਜੀਗਨੇਸ਼ਨ,ਹੁਣ ਅਲਬਰਟਾ ਸਰਕਾਰ ਨਾਲ ਪ੍ਰਕਿਊਰਮੈਂਟ ਮੈਨੇਜਰ ਦੇ ਤੌਰ ਤੇ ਜੌਬ ਕਰ ਰਹੇ ਲਈ, ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਜੰਮੀ ਪਲ਼ੀ ਜਾਂ ਲੰਮੇ ਸਮੇਂ ਤੋਂ ਕਨੇਡਾ ਰਹਿ ਰਹੀ ,ਬਰਾਬਰ ਦੀ ਵਿੱਦਿਅਕ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸੰਪਰਕ ਵਟਸਐਪ ਜਾਂ ਕਾਲ : 587 568 9364 ***237***

### ਲੜਕੀ ਦੀ ਲੋੜ

ਕਨੇਡਾ ਵਿਜ਼ਟਰ ਵੀਜ਼ੇ ਉਪਰ ਆਏ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: +2 ,ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ:1 204 869 2672, **e mail:** jsbaldev99@gmail.com ***237***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈੱਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 0091 9464034653 ਜਾਂ 1 236 458 2228 ***237***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 39 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ, ਵੈਲ ਸੈਟਲਡ ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ,ਪਰਿਵਾਰਕ ਕਦਰਾਂ ਕੀਮਤਾਂ ਵਾਲੀ 35 ਸਾਲ ਤੋਂ ਘੱਟ ਉਮਰ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 368 887 9849 or email: garysb2020@gmail.com***236****

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ, 27 ਸਾਲ, ਕੱਦ 5 ਫੁੱਟ ,ਵਿਦਿਅਕ ਯੋਗਤਾ ਬੈਚੂਲਰ ਇਨ ਅਕਾਊਂਟਿੰਗ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਐਡਮਿੰਟਨ ਨੂੰ ਪਹਿਲ। ਸੰਪਰਕ ਸਿਰਫ ਵਟਸਐਪ : 0091-9876156620 ਜਾਂ ਕਾਲ: 780 200 8629 ***232***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1778 325 4792 ******

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 7 ਇੰਚ,ਵਿਦਿਅਕ ਯੋਗਤਾ ਕੰਪਿਊਟਿਰ ਨੈਟਵਰਕ ,ਕਨੇਡਾ ਰੈਵਨਿਊ ਨਾਲ ਜੌਬ ਕਰ ਰਹੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 4991 ਜਾਂ 437 267 4746 ***232***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜ੍ਹੀਆ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ,ਜਨਮ 1993,ਵਿਦਿਅਕ ਯੋਗਤਾ :B.EnvD.M.Arch ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ ਕਰਨ ਲਈ ਆਪਣੀ ਜਾਣਕਾਰੀ ਫੋਨ ਉੱਪਰ ਵਟਸ ਐਪ ਮੈਸੇਜ ਕਰਨ ਉਪਰੰਤ ਹੀ ਕਾਲ ਕੀਤੀ ਜਾਵੇ। ਸੰਪਰਕ:1 204 899 6570***236***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ, ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਹੌਸਪਿਟਲਟੀ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 735 0059 ***231***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਖੰਗੂੜਾ ਪਰਿਵਾਰ ਦੇ ਲੜਕੇ ,ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਬੀ ਟੈੱਕ ਇਨ ਕੰਪਿਊਟਿਰ ਸਾਇੰਸ ਇਨ ਇੰਡੀਆ ,ਪੋਸਟ ਗਰੈਜੂਏਟ ਡਿਪਲੋਮਾਂ ਇਨ ਸਾਫਟਵੇਅਰ ਡਿਵੈਲਪਮੈਂਟਐਂਡ ਡਿਜੀਟਲ ਮਾਰਕੀਟਿੰਗ ਇਨ ਕਨੇਡਾ ,ਲਈ ਹਾਣ ਪ੍ਰਵਾਣ ਜੱਟ ਸਿੱਖ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:0091 98 55451268 ***231***

### ਲੜਕੀ ਦੀ ਲੋੜ

ਪੰਜਾਬ ਜਿਲ੍ਹਾ ਮੋਗਾ ਰਹਿੰਦੇ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਲੜਕੇ,ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਬੀ ਏ ਪਾਸ ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ ਸੰਪਰਕ: 001 403 992 9190 ***235***

### ਲੜਕੀ ਦੀ ਲੋੜ

Hindu punjabi khatri boy 38 years old, height 5.7 living in Vancouver upper middle class family, B.tech/MBA, now self-employed in logistics, Canadian citizen looking for a beautiful educated girl within Canada. Tourist, work permit, PR or citizen. +1 306 502 6789 ***235***

### ਲੜਕੇ ਦੀ ਲੋੜ

D.O.B.1992,Height-5'6",Caste-Ramghria, Gotra-Rupal-Deogan. Currently living in Surrey as permanent resident. Qualification Mass communication as well as Master degree in English. Moved to Canada in July 2022 with express entry. Call: 0091 93548 56600 ***235***

### ਜੀਵਨ ਸਾਥਣ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਵੈਜੀਟੇਰੀਅਨ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ ਲਈ ਜੀਵਨ ਸਾਥਣ ਦੀ ਲੋੜ ਹੈ । ਪਹਿਲਾਂ ਵਾਲੇ ਵਿਆਹ ਦਾ 1 ਮੁੰਡਾ ਅਤੇ 1 ਕੁੜੀ ਹੈ । ਲੜਕੇ ਦਾ ਆਪਣਾ ਬਿਜ਼ਨਸ ਹੈ। ਬਿਨਾਂ ਬੱਚਿਆਂ ਤੋਂ ਜਾਂ 1 ਬੱਚੇ ਵਾਲੀ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ: 1 250 552 3353 ਜਾਂ 1250 564 217 ***235***

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਆਏ ਜੁਲਾਹਾ ਸਿੱਖ ਪਰਿਵਾਰ ਦੇ ਲੜਕੇ ਤਲਾਕਸੁਦਾ,(ਕੋਈ ਬੱਚਾ ਨਹੀ) ਉਮਰ 43 ਸਾਲ, ਕੱਦ 5ਫੁੱਟ 11 ਇੰਚ, ਐਡਮਿੰਟਨ ਵਿੱਚ ਵਰਕ ਪਰਮਿਟ ਉੱਪਰ ਜੌਬ ਕਰ ਰਹੇ, ਗਰੈਜੂਏਟ ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 780 297 2254 ***235***

### ਲੜਕੀ ਦੀ ਲੋੜ

ਬਰਾੜ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਪੜ੍ਹਾਈ ਲਿਖਾਈ ਪਲੱਸ 2 ,ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੇ ਵਿਆਹ ਦਾ ਇਕ ਲੜਕਾ 12 ਸਾਲ ਦੀ ਉਮਰ ਦਾ ਹੈ ।ਸੰਪਰਕ: 587 973 6070 ***235***

### ਲੜਕੀ ਦੀ ਲੋੜ

ਇੰਡੀਆਂ ਪੰਜਾਬ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 22 ਸਾਲ, ਕੱਦ 5 ਫੁੱਟ 11 ਇੰਚ, ਨਸ਼ਾ ਰਹਿਤ, Chitkara University ਤੋ 231 ਦੀ ਡਿਗਰੀ ਤੇ ਦਿੱਲੀ ਤੋ Certified Fitness Trainer ਦੀ ਕੋਰਸ ਕੀਤੇ ਲੜਕੇ ਲਈ ਕਨੇਡੀਅਨ ਪੀ ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ !ਲੜਕੇ ਦੀ ਪੰਜਾਬ ਹਰਿਆਣੇ ਵਿੱਚ ਚੰਗੀ ਜਾਇਦਾਦ ਹੈ !ਲੜਕੇ ਦੇ ਪਰਿਵਾਰਕ ਰਿਸ਼ਤੇਦਾਰ ਕੈਨੇਡਾ ਸੈਟਲ ਹਨ ਜੋ ਪੂਰੀ ਮਦਦ ਕਰਨਗੇ !ਵਧੇਰੇ ਜਾਣਕਾਰੀ ਲਈ 780-700-5022 ਜਾ sukhvirbhanguGE@ gmail.com ਤੇ ਸੰਪਰਕ ਕਰ ਸਕਦੇ ਹੋ !! ***235***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਮੋਗਾ ਜਿਲੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ : 1 306 450 0239 ***234***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰੰਤ ਐਲ ਐਮ ਆਈ ਏ ਉੱਪਰ ਮੁਕਤਸਰ (ਪੰਜਾਬ) ਵਿੱਚ 11.5 ਏਕੜ ਜ਼ਮੀਨ ਦੀ ਮਾਲਕੀ ਵਾਲੇ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ +2+ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 431 996 1000 ***234***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਐਡਮਿੰਟਨ ਵਿੱਚ ਰਹਿੰਦੇ ਗਰਚਾ ਪਰਿਵਾਰ ਦੇ ਲੜਕੇ ,ਜਨਮ 1995, ਕੱਦ 5 ਫੁੱਟ 7 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਅਕਾਊਂਟਿੰਗ ਅਤੇ ਪਲੰਬਰ ਦਾ ਡਿਪਲੋਮਾ ਕੀਤਾ ਹੈ। ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ । ਦੋਵੇਂ ਭੈਣਾਂ ਵਿਆਹੀਆਂ ਹੋਈਆਂ ਹਨ। ਐਡਮਿੰਟਨ ਅਤੇ ਕੈਲਗਰੀ ਨੂੰ ਪਹਿਲ , ਸੰਪਰਕ : 587 568 8795 ਜਾਂ 587 568 8796 ***234***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ, ਗਰੇਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 4 ਇੰਚ, ਹਿਊਮਨ ਰਿਸੋਰਸ ਐਡਮਿਨ ਡਿਪਲੋਮਾਂ ਹੋਲਡਰ / ਫੂਡ ਟੈਕਨੋਲਜੀ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ ਸਿਰਫ ਈ ਮੇਲ ਰਾਹੀਂ ਹੀ ਕਰ ਸਕਦੇ ਹੋ। ਈ ਮੇਲ: jiwangrewal52@gmail.com ***234***

### ਲੜਕੀ ਦੀ ਲੋੜ

20 ਏਕੜ ਜ਼ਮੀਨ ਦੇ ਮਾਲਕ ਸਾਬਕਾ ਸਰਪੰਚ ਅਤੇ ਹੁਣ ਗੁਰੂਘਰ ਦੀ ਕਮੇਟੀ ਦੇ ਪ੍ਰਧਾਨ ਪੰਜਾਬ ਰਹਿੰਦੇ ਜੱਟ ਸਿੱਖ ਗੋਸਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ, ਐਮ ਏ ਪਹਿਲੇ ਸਾਲ ਪੜ੍ਹਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਕਨੇਡਾ ਆਕੇ ਆਪਣੇ ਅੰਕਲ ਦੇ ਹੋਟਲ ਬਿਜਨਿਸ ਦੀ ਟੀਮ ਦਾ ਹਿਸਾ ਬਣ ਸਕਦਾ ਹੈ। ਸੰਪਰਕ: 1 780 901 3797 ***234***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਨਾਈ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਕੈਲਗਰੀ ਤੋਂ ਬੀ ਐਸ ਸੀ ਨਰਸਿੰਗ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਸਿਟੀਜਨ ਹੈ। ਲੜਕੀ ਇਸ ਵੇਲੇ 45 ਡਾਲਰ /ਘੰਟਾ ਦੀ ਆਰ ਐਨ(ਰਜਿਸਟਰਡ ਨਰਸ) ਦੀ ਜੌਬ ਕਰ ਰਹੀ ਹੈ। ਫੋਨ ਦਿਨ ਦੇ 2:00 ਵਜੇ ਤੋਂ ਲੈਕੇ ਰਾਤ ਦੇ 12:00 ਵਜੇ ਦੇ ਦਰਮਿਆਨ ਹੀ ਕੀਤਾ ਜਾਵੇ। ਸੰਪਰਕ: 587 581 3088 ***234***

### ਲੜਕੀ ਦੀ ਲੋੜ

ਪੰਜਾਬ ਰਹਿੰਦੇ 4 ਕਿੱਲੇ ਸਹਿਰੀ ਜਾਇਦਾਦ ਦੇ ਮਾਲਕ ,ਜੱਟ ਸਿੱਖ,ਅੰਮ੍ਰਿਤਧਾਰੀ,ਉਮਰ 29 ਸਾਲ,ਕੱਦ 6 ਫੁੱਟ, 5 ਸਾਲ ਦਾ ਤਜ਼ਰਬਾ ਰੱਖਣ ਵਾਲੇ ਮਕੈਨੀਕਲ ਇੰਜੀਨੀਅਰ ਲੜਕੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:ਵਟਸਐਪ 94658-46544 ***234***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਜਿਲਾ ਮੋਗਾ ਨਾਲ ਸਬੰਧਿਤ ਐਮ ਏ ਇੰਗਲਿਸ਼,ਬੀ ਐੱਡ ਲਈ ਪੜੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 825 205 3609 ਜਾਂ 403 951 1954 ***234***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਕਾਹਲੋਂ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮਰਜੈਂਸੀ ਵੈਟਨਰੀ ਡਾਕਟਰ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਸੰਪਰਕ:13069145600 **233**

### ਲੜਕੀ ਦੀ ਲੋੜ

ਕਨੇਡੀਅਨ ਬੌਰਨ, ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 3 ਇੰਚ, ਸਿਟੀ ਆਫ ਕੈਲਗਰੀ ਨਾਲ ਜੌਬ ਕਰਦੇ,ਅਕਾਊਂਟਿਗ ਡਿਪਲੋਮਾਂ ਹੋਲਡਰ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 918 5718 ***233***

### ਲੜਕੀ ਦੀ ਲੋੜ

ਕਨੇਡਾ ਸਟੱਡੀ ਪਰਮਿਟ ਉੱਪਰ ਆਈ ਨਾਈ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 25 ਸਾਲ, ਇੰਡੀਆ ਤੋਂ (BDS) ਡੈਂਟਲ ਡਾਕਟਰ ਦੀ ਡਿਗਰੀ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 614 0001 ***233***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 688 6767 ***233***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਾਈ ਸਿੱਖ ਦੇ ਲੜਕੇ,ਜਨਮ 1991,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਕਾਮ (foreign),ਜੋ ਇਸ ਵੇਲੇ ਕਨੇਡਾ ਵਿਚ ਹੀ ਅਕਾਊਟੈਂਟ ਦੀ ਚੰਗੀ ਜੌਬ ਕਰ ਰਿਹਾ ਹੈ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਚੰਗੀ ਪੜ੍ਹੀਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 889 6509,1-431 334 7456 ਜਾਂ 0091-855 807 0708 ***233***

### ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸ਼ੂਲੈਸ ਤਲਾਕਸ਼ੁਦਾ ਲੜਕੇ ਉਮਰ 37 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਇਸ ਵੇਲੇ ਏਅਰਪੋਰਟ ਉੱਪਰ ਬੱਸ ਡਰਾਈਵਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 1 778 953 0024 ***233***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 8 ਇੰਚ, ਆਟੋਮੋਬਾਈਲ ਡਿਪੋਲਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤਟ ਟਰੱਕਿੰਗ ਦਾ ਬਿਜਨਿਸ ਹੈ। ਮਾਂ ਬਾਪ ਸੁਪਰਵੀਜ਼ਾ ਉੱਪਰ ਆਏ ਹੋਏ ਹਨ। ਇੰਡੀਆ, ਕਨੇਡਾ ਜਾਂ ਯੂ ਐਸ ਏ ਕਿਤੇ ਵੀ ਰਹਿੰਦੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ। ਸੰਪਰਕ: 403 415 4033 **233**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ, ਸੈਣੀ ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1990,ਕੱਦ 5 ਫੁੱਟ 4 ਇੰਚ, ਕੁਆਲੀਫਿਕੇਸ਼ਨ: ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਇਸ ਵੇਲੇ ਡੇ-ਕੇਅਰ ਦੀ ਜੌਬ ਕਰ ਰਹੀ ਹੈ। ਕੈਲਗਰੀ ਰਹਿਣ ਵਾਲੇ,ਵਰਕ ਪਰਮਿਟ ਜਾਂ ਵਿਜਟਰ ਵੀਜਾ ਵਾਲੇ ਨੂੰ ਪਹਿਲ। ਸੰਪਰਕ: 780 782 8740, 587 733 5911 ***232***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ,ਜਨਮ 1993,ਕੱਦ 5 ਫੁੱਟ 7 ਇੰਚ, ਬੀ ਐਸ ਸੀ ਨਰਸਿੰਗ,ਹੈਲਥ ਕੇਅਰ ਵਿੱਚ ਜੌਬ ਕਰਦੀ ਲਈ,ਵੈੱਲ ਸੈਟਲਡ, ਵਧੀਆ ਪਰਿਵਾਰ ਦੇ ਗਰੈਜੂਏਟ,ਵੈਸ਼ਨੂੰ,ਨਸ਼ਾ ਰਹਿਤ ਪੀ ਆਰ/ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਕੈਲਗਰੀ ਨੂੰ ਪਹਿਲ।ਸੰਪਰਕ: 1 825 777 4040 ਜਾਂ 91 9914480500 ***232***

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਐਡਮਿੰਟਨ ਰਹਿੰਦੇ ਜੱਟ ਸਿੱਖ ਸ਼ੋਕਰ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ,ਬੀ ਬੀ ਏ ਅਕਾਊਟਿੰਗ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 779 5743 ***232***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈਗ- 431 733 3000

**ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ**

Bhinder Exterior have the following job positions available as listed below.


- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.




**ਜ਼ਮੀਨ ਵਿਕਾਊ ਹੈ**

ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।

1-306 581 2187

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**ਬਿਜਨਿਸ ਵਿਕਾਊ ਹੈ**




ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ । ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ । 1058 ਸਕੇਅਰ ਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ।

ਸੰਪਰਕ: 306 850 9734


### Name change

I, **HARPREETSINGH** son/of **BHARPUR SINGH**, holder of Indian passport No.**L 8561184**, issued at CHANDIGARH, on 22/04/2014, permanent resident of **VILL: LADAL ,TEHSIL : LEHRA,SANGRUR, PIN: 148031, PUNJAB,INDIA** and presently residing at **40 SAVANNA ROW NE, CALGARY(AB) T3J0Y6 CANADA.** Do hereby change My name from **HARPREET SINGH** to **HARPREET SINGH MAAN** with immediate effect.


Date: 13/11/2023 Phone:403 909 7999

### Name change

I, **PARAMPREET KAUR** daughter of **SUKHCHAIN SINGH**, holder of Indian Passport **No.# S1826195**, issued at CHANDIGARH, on **12/04/2018,** permanent resident of **H No : 709,V: GEHRI DEVI NAGAR, PO: JASSI PAU WALI,BATHINDA PIN: 151001,PUNJAB, INDIA** and presently residing at , **149 CORAL SPRINGS MEWS NE CALGARY (AB) T3J3R9 CANADA,** do hereby change my name from **PARAMPREET KAUR** to **PARAMPREET KAUR SIDHU**, with immediate effect.

Date: 02/NOV/2023 Cont.: 604 655 1305

## ਗ਼ਾਜ਼ਾ 'ਚ ਮੌਤਾਂ ਦਾ ਅੰਕੜਾ 11 ਹਜ਼ਾਰ ਦੇ ਪਾਰ





ਗ਼ਾਜ਼ਾ (ਪੰਜਾਬੀ ਅਖਬਾਰ ਬਿਊਰੋ)- ਗ਼ਾਜ਼ਾ ਪੱਟੀ 'ਤੇ 7 ਅਕਤੂਬਰ ਤੋਂ ਸ਼ੁਰੂ ਹੋਏ ਸੰਘਰਸ਼ ਦੇ ਬਾਅਦ ਤੋਂ ਇਜ਼ਰਾਇਲੀ ਹਮਲਿਆਂ 'ਚ ਮਾਰੇ ਗਏ ਫ਼ਿਲਿਸਤੀਨੀਆਂ ਦੀ ਗਿਣਤੀ 11 ਹਜ਼ਾਰ 180 ਤਕ ਪਹੁੰਚ ਗਈ ਹੈ। ਗ਼ਾਜ਼ਾ ਸਰਕਾਰ ਦੇ ਮੀਡੀਆ ਦਫ਼ਤਰ ਦੇ ਨਿਰਦੇਸ਼ਕ ਇਸਮਾਈਲ ਅਲ-ਥਵਾਬਤੇਹ ਨੇ ਸ਼ਿਫ਼ਾ ਮੈਡੀਕਲ ਕੌਂਪਲੈਕਸ ਵਿਖੇ ਇੱਕ ਨਿਊਜ਼ ਕਾਨਫ਼ਰੰਸ ਨੂੰ ਦੱਸਿਆ ਕਿ ਕੁੱਲ ਮੌਤਾਂ ਵਿੱਚੋਂ 4,609 ਬੱਚੇ ਅਤੇ 3, 100 ਔਰਤਾਂ ਸਨ ਜਦੋਂ ਕਿ 28 ਹਜ਼ਾਰ ਤੋਂ ਵੱਧ ਹੋਰ ਜ਼ਖ਼ਮੀ ਹੋਏ ਸਨ।

ਅਲ-ਥਵਾਬਤੇਹ ਨੇ ਕਿਹਾ ਕਿ ਗ਼ਾਜ਼ਾ 'ਚ 22 ਹਸਪਤਾਲ ਅਤੇ 49 ਸਿਹਤ ਕੇਂਦਰ ਇਜ਼ਰਾਇਲੀ ਹਮਲਿਆਂ ਅਤੇ ਬਿਜਲੀ ਜੈਨਰੇਟਰਾਂ ਨੂੰ ਚਲਾਉਣ ਲਈ ਲੋੜੀਂਦੇ ਬਾਲਣ ਦੀ ਘਾਟ ਕਾਰਨ ਕੰਮ ਬੰਦ ਕਰ ਗਏ ਹਨ। ਉਸ ਨੇ ਇਜ਼ਰਾਇਲ 'ਤੇ ਸ਼ਿਫ਼ਾ ਮੈਡੀਕਲ ਕੌਮਪਲੈਕਸ ਦੇ ਇੰਟੈਂਸਿਵ ਕੇਅਰ ਯੂਨਿਟ, ਸਰਜਰੀ ਬਿਲਡਿੰਗ ਅਤੇ ਮੈਟਰਨਿਟੀ ਵਾਰਡ 'ਤੇ ਹਮਲੇ ਸ਼ੁਰੂ ਕਰਨ ਦਾ ਦੋਸ਼ ਲਗਾਇਆ ਅਤੇ ਗ਼ਾਜ਼ਾ 'ਚ ਲੜਾਈ ਨੂੰ ਰੋਕਣ ਅਤੇ ਉੱਥੇ ਦੇ ਲੋਕਾਂ ਤਕ ਬਾਲਣ ਸਮੇਤ ਸਾਰੀਆਂ ਮਾਨਵਤਾਵਾਦੀ ਸਪਲਾਈ ਲਿਆਉਣ ਲਈ ਤੁਰੰਤ ਵਿਸ਼ਵਵਿਆਪੀ ਯਤਨ ਕਰਨ ਦੀ ਮੰਗ ਕੀਤੀ। ਇਜ਼ਰਾਇਲ-ਹਮਾਸ ਸੰਘਰਸ਼ ਦਾ ਤਾਜ਼ਾ ਦੌਰ 7 ਅਕਤੂਬਰ ਨੂੰ ਸ਼ੁਰੂ ਹੋਇਆ ਜਦੋਂ ਹਮਾਸ ਨੇ ਇਜ਼ਰਾਇਲ 'ਤੇ ਅਚਾਨਕ ਹਮਲਾ ਕੀਤਾ, ਹਜ਼ਾਰਾਂ ਰਾਕੇਟ ਦਾਗ਼ੇ ਅਤੇ ਇਜ਼ਰਾਇਲੀ ਖੇਤਰ 'ਚ ਘੁਸਪੈਠ ਕੀਤੀ ਜਦੋਂ ਕਿ ਇਜ਼ਰਾਇਲ ਨੇ ਜਵਾਬੀ ਕਾਰਵਾਈ ਕਰਦਿਆਂ ਗ਼ਾਜ਼ਾ ਪੱਟੀ 'ਤੇ ਹਵਾਈ ਹਮਲੇ, ਜ਼ਮੀਨੀ ਕਾਰਵਾਈਆਂ ਅਤੇ ਦੰਡਕਾਰੀ ਉਪਾਵਾਂ ਸਮੇਤ ਜਵਾਬ ਦਿੱਤਾ ਜਿਸ 'ਚ ਘੇਰਾਬੰਦੀ ਸ਼ਾਮਿਲ ਸੀ।

## (15 ਨਵੰਬਰ 2023 'ਤੇ ਸ਼ਹੀਦੀ ਦਿਹਾੜੇ ਲਈ ਵਿਸ਼ੇਸ਼)

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ

ਅਠਾਰ੍ਹਵੀਂ ਸਦੀ ਦੇ ਮੱਧ (1757 ਈ.) ਦੌਰਾਨ ਜੰਗ ਦੇ ਮੈਦਾਨ ਦਾ ਉਹ ਅਦਭੁਤ ਦ੍ਰਿਸ਼ ਜੋ ਪਹਿਲੀ ਵਾਰ ਦੁਨੀਆ ਨੂੰ ਦੇਖਣ ਨੂੰ ਮਿਲਿਆ। ਗੁਰੂ ਨਗਰੀ ਅੰਮ੍ਰਿਤਸਰ ਤੋਂ ਤਰਨ ਤਾਰਨ ਵਾਲੇ ਪਾਸੇ ਪਿੰਡ ਚੱਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਰਣ ਤੱਤੇ 'ਚ ਗੁਰੂ ਕੀਆਂ ਖ਼ਾਲਸਾਈ ਫ਼ੌਜਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੀ ਅਫਗਾਨੀ ਫੌਜ ਦੇ ਸੂਰਬੀਰ ਰਣ ਸਿੰਗਾਂ ਅਤੇ ਨਗਾਰਿਆਂ ਦੀ ਗੂੰਜ ਵਿਚ ਇਕ ਦੂਜੇ ਨੂੰ ਲਲਕਾਰ ਕੇ ਟੁੱਟ ਕੇ ਪੈ ਰਹੇ ਹਨ। ਬੇਖ਼ੌਫ ਵੀਰਤਾ ਨਾਲ ਭਰਪੂਰ ਕੋਈ ਵੀ ਇਕ ਵੀ ਪੈਰ ਪਿਛਾਂਹ ਖਿੱਚ ਨਹੀਂ ਰਹੇ ਹਨ। ਮੈਦਾਨ-ਏ-ਜੰਗ ਵਿਚ ਸਰੀਰ ਲਹੂ ਲੁਹਾਨ ਹੈ, ਕੱਪੜੇ ਖ਼ੂਨ ਨਾਲ ਰੰਗੇ ਹੋਏ, ਜਿਵੇਂ ਹੋਲੀ ਖੇਡ ਰਹੇ ਹੋਣ, ਪਰ ਮੈਦਾਨ ਛੱਡਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਗੋਲੀਆਂ, ਤਲਵਾਰਾਂ ਦੀ ਖਣਕ ਅਤੇ ਜੈਕਾਰਿਆਂ ਦੀ ਗੂੰਜ 'ਚ ਵੇਖੋ ਕਈ ਬਿਨਾ ਸੀਸ ਅਤੇ ਉਨ੍ਹਾਂ ਵਿਚੋਂ ਇਕ ਨੇ ਤਾਂ ਖੱਬੇ ਹੱਥ ਦੀ ਹਥੇਲੀ 'ਤੇ ਸੀਸ ਟਿਕਾਈ ਦੁਸ਼ਮਣਾਂ ਦੀ ਆਹੂ ਲਾਹ ਕੇ ਜਮਪੁਰੀ ਪਹੁੰਚਾ ਰਿਹਾ ਸੀ। ਇੰਨਾ ਦੇ ਪਿੱਛੇ ਸਿੰਘ ਰਣ ਸਿੰਗਾ ਵਜਾਉਂਦੇ ਹੋਏ ਪੂਰੇ ਜੌਹਰ ਨਾਲ ਲੜ ਰਹੇ ਹਨ। ਇਸ ਅਸਚਰਜਤਾ ਨੂੰ ਦੇਖ, ਸਾਰੀ ਅਫਗਾਨੀ ਫ਼ੌਜ ਹੈਰਾਨ - ਪ੍ਰੇਸ਼ਾਨ ਅਤੇ ਭੈ-ਭੀਤ ਹੋ ਰਹੇ ਹਨ, ਕਈਆਂ ਨੇ ਨੱਠਣਾ ਸ਼ੁਰੂ ਕਰ ਦਿੱਤਾ। ਇਹ ਜੋ ਪਾਵਨ ਸੀਸ ਖੱਬੀ ਤਲੀ 'ਤੇ ਟਿੱਕਾ ਕੇ ਅਠਾਰਾਂ ਸੇਰ ਦਾ ਖੰਡਾ ਖੜਕਾ ਰਿਹਾ ਹੈ, ਇਹ ਹੋਰ ਕੋਈ ਨਹੀਂ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਸ਼ਸਤਰ ਤੇ ਸ਼ਾਸਤਰ ਦਾ ਸੁਮੇਲ, 75 ਸਾਲਾਂ ਦੇ ਬੁੱਢਾ ਜਰਨੈਲ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਸਨ।



ਇਸ ਮਹਾਨ ਯੋਧੇ ਬਾਬਾ ਦੀਪ ਸਿੰਘ ਜੀ ਦਾ ਜਨਮ ਪਿੰਡ ਪਹੁਵਿੰਡ, ਜ਼ਿਲ੍ਹਾ ਤਰਨ ਤਾਰਨ ਵਿਖੇ ਪਿਤਾ ਬਾਬਾ ਭਗਤਾ ਜੀ ਦੇ ਗ੍ਰਹਿ ਵਿਖੇ ਮਾਤਾ ਜਿਉਣੀ ਜੀ ਦੀ ਕੁੱਖੋਂ 26 ਜਨਵਰੀ, 1682 ਈ: (14 ਮਾਘ ਸੰਮਤ 1739 ਬਿਕਰਮੀ) ਨੂੰ ਹੋਇਆ। ਛੋਟੀ ਉਮਰ ਵਿਚ ਹੀ ਆਪ ਜੀ ਨੂੰ ਗੁਰਬਾਣੀ ਪੜ੍ਹਨ, ਕੀਰਤਨ ਕਰਨ ਅਤੇ ਸਵੇਰੇ ਸ਼ਾਮ ਸਤਿਸੰਗ ਕਰਨ ਦਾ ਬੜਾ ਸ਼ੌਕ ਸੀ। ਜਦੋਂ ਵੀ ਸਮਾਂ ਮਿਲਦਾ ਆਪ ਜੀ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਕਰਿਆ ਕਰਦੇ ਸਨ। ਆਪ ਜੀ ਦਾ ਸੁਭਾਅ ਬੜਾ ਮਿੱਠਾ ਤੇ ਉੱਚਾ ਸੁੱਚਾ ਆਚਰਨ ਸੀ। ਬਚਪਨ 'ਚ ਹੀ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਚਲੇ ਗਏ। ਜਿੱਥੇ ਉਨ੍ਹਾਂ ਧੰਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤਪਾਨ ਕੀਤਾ। ਗੁਰੂ ਸਾਹਿਬ ਦੇ ਨਜ਼ਦੀਕੀਆਂ 'ਚ ਗਿਣੇ ਗਏ ਅਤੇ ਗੁਰੂ ਸਾਹਿਬ ਵੱਲੋਂ ਲੜੀਆਂ ਗਈਆਂ ਜੰਗਾਂ ਯੁੱਧਾਂ 'ਚ ਵੀ ਆਪ ਜੀ ਦਾ ਭਾਰੀ ਯੋਗਦਾਨ ਰਿਹਾ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਮੁਕਤਸਰ ਦੀ ਜੰਗ ਤੋਂ ਬਾਅਦ, 1704 ਈ: 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ। ਜਿੱਥੇ ਦਸਮੇਸ਼ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੰਘਾਂ ਨਾਲ ਕੀਤੇ ਵਾਅਦੇ ਮੁਤਾਬਿਕ ਗੁਰਬਾਣੀ ਦੇ ਅਰਥ ਪੜ੍ਹਾਉਣ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਨ ਲਈ ਧੀਰਮੱਲੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਾ ਦੇਣ 'ਤੇ ਗੁਰੂ ਸਾਹਿਬ ਜੀ ਨੇ ਆਪ ਗੁਰਬਾਣੀ ਉਚਾਰਨ ਕਰਦਿਆਂ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਕਲਮਾਂ, ਸਿਆਹੀ ਤੇ ਕਾਗ਼ਜ਼ ਦਾ ਪ੍ਰਬੰਧ ਕਰਨ ਦੀ ਸੇਵਾ ਲਾਈ। ਗੁਰੂ ਸਾਹਿਬ ਉਚਾਰੀ ਹੋਈ ਬਾਣੀ ਦੇ ਅਰਥ ਸ਼ਾਮ ਨੂੰ ਸਾਰੇ ਸਿੰਘਾਂ ਨੂੰ ਸੁਣਾਉਂਦੇ। ਇਸ ਪ੍ਰਕਾਰ 9 ਮਹੀਨੇ 9 ਦਿਨ 9ਘੜੀਆਂ 9 ਪਲਾਂ ਵਿਚ ਸੰਨ 1706 ਈ. 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰੂਪ ਸੰਪੂਰਨ ਹੋਇਆ। ਇਸੇ ਵਕਤ ਹੀ ਅਰਥਾਂ ਦੀ ਟਕਸਾਲ ਆਰੰਭ ਹੋਈ। ਇੱਥੇ ਹੀ ਸਤਿਗੁਰਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਥਾਪਦਿਆਂ ਸੰਗਤ ਨੂੰ ਗੁਰਬਾਣੀ ਦਾ ਸ਼ੁੱਧ ਉਚਾਰਨ ਸਰਵਣ ਕਰਾਉਣ ਅਤੇ ਅਰਥ ਪੜ੍ਹਾਉਣ ਦੀ ਸੇਵਾ ਸੌਂਪੀ। ਗੁਰੂ ਸਾਹਿਬ ਨੇ ਫ਼ਰਮਾਇਆ ਕਿ ਭਾਈ ਦੀਪ ਸਿੰਘ ਜੀ ਜੇ ਧਰਮ ਦੀ ਰੱਖਿਆ ਕਰਦਿਆਂ ਤੁਹਾਡਾ ਸੀਸ ਧਰ ਨਾਲੋਂ ਅਲਹਿਦਾ ਵੀ ਹੋ ਗਿਆ, ਤੁਹਾਡੇ ਅਨੰਦ 'ਚ ਫ਼ਰਕ ਨਹੀਂ ਪਵੇਗਾ। ਇੰਞ ਹੀ ਸਤਿਗੁਰੂ ਨੇ ਭਾਈ ਮਨੀ ਸਿੰਘ ਜੀ ਨੂੰ ਵੀ ਰਹਿਮਤਾਂ ਨਾਲ ਨਿਵਾਜਿਆ। ਬਾਬਾ ਦੀਪ ਸਿੰਘ ਜੀ ਸ਼ਹੀਦ, 1748 ਈਸਵੀ ਦੌਰਾਨ ਕਾਇਮ ਕੀਤੇ ਗਏ 12 ਮਿਸਲਾਂ 'ਚੋਂ ਮਿਸਲ ਸ਼ਹੀਦਾਂ ਦੇ ਵੀ ਮੁਖੀ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਪਾਵਨ ਸਰੂਪਾਂ ਨੂੰ ਆਪਣੇ ਕਰ ਕਮਲਾਂ ਨਾਲ ਲਿਖਣ ਦੀ ਮਹਾਨ ਸੇਵਾ ਉੱਚੀ ਤੇ ਸੁੱਚੀ ਭਾਵਨਾ ਨਾਲ ਲਗਨ ਸਹਿਤ ਨਿਭਾਈ ਅਤੇ ਜੰਗਾਂ ਵਿਚ ਵੀ ਅਹਿਮ ਭੂਮਿਕਾ ਨਿਭਾਈ।

ਖ਼ਾਲਸੇ ਨੇ ਮਜ਼ਲੂਮ ਤੇ ਗ਼ਰੀਬ ਦੀ ਰੱਖਿਆ ਅਤੇ ਅਨਿਆਂਈਂ ਵਿਰੁੱਧ ਜ਼ਬਰਦਸਤ ਟੱਕਰ ਦਿੱਤੀ। 18ਵੀਂ ਸਦੀ ਦੌਰਾਨ ਅਫਗਾਨੀ ਅਹਿਮਦ ਸ਼ਾਹ ਦੁਰਾਨੀ (ਅਬਦਾਲੀ) ਨੇ ਭਾਰਤ ਦੀ ਖ਼ੂਬ ਲੁੱਟ ਕੀਤੀ। ਉਸ ਸਮੇਂ ਸਿੱਖ ਹੀ ਸਨ, ਜਿਨ੍ਹਾਂ ਨੇ ਲੁੱਟ ਦੇ ਇਸ ਵਰਤਾਰੇ ਨੂੰ ਰੋਕਣ ਦੀ ਹੀਆ ਕੀਤਾ। ਸਿੱਖ ਮਿਸਲਾਂ ਦੇ ਜਥੇਦਾਰਾਂ ਨੇ ਮਿਲ-ਜੁਲ ਕੇ ਇਨ੍ਹਾਂ ਅਫ਼ਗ਼ਾਨ ਧਾੜਵੀਆਂ ਦਾ ਮੁਕਾਬਲਾ ਕੀਤਾ। ਉਨ੍ਹਾਂ ਤੋਂ ਲੁੱਟਿਆ ਬਹੁ-ਕੀਮਤੀ ਮਾਲ-ਅਸਬਾਬ ਹੀ ਵਾਪਸ ਨਹੀਂ ਖੋਹ ਲਿਆ ਜਾਂਦਾ ਰਿਹਾ, ਸਗੋਂ ਭਾਰਤ ਦੀਆਂ ਬਹੂ ਬੇਟੀਆਂ ਨੂੰ ਵੀ ਉਨ੍ਹਾਂ ਤੋਂ ਛੁਡਵਾ ਕੇ ਘਰੋ-ਘਰੀਂ ਭੇਜਿਆ ਗਿਆ। ਜਿਸ ਕਰਕੇ ਅਬਦਾਲੀ ਸਿੱਖਾਂ ਦਾ ਸਖ਼ਤ ਵਿਰੋਧੀ ਬਣ ਗਿਆ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁੱਲ ਗਿਆ ਸੀ। ਉਸ ਦਾ ਬੇਟਾ ਤੈਮੂਰ ਸ਼ਾਹ ਲਾਹੌਰ ਦਾ ਗਵਰਨਰ ਬਣਾ ਦਿੱਤਾ ਗਿਆ ਸੀ। ਅਬਦਾਲੀ ਤੇ ਤੈਮੂਰ ਨੇ 1757 ਈ: ਵਿਚ ਦਿੱਲੀ ਜਾਂਦਾ ਹੋਇਆ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ ਹੀ ਨਹੀਂ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਬੇਅਦਬੀ ਵੀ ਕੀਤੀ। ਇਹ ਖ਼ਬਰ ਬਾਬਾ ਭਾਗ ਸਿੰਘ ਨਿਹੰਗ ਰਾਹੀਂ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨਿਵਾਸ ਕਰ ਰਹੇ ਬਾਬਾ ਦੀਪ ਸਿੰਘ ਜੀ ਨੂੰ ਮਿਲੀ ਤਾਂ ਉਹ ਕਰੋਧ ਵਿਚ ਆ ਗਏ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ ਅਤੇ ਆਸ-ਪਾਸ ਦੇ ਨਗਰਾਂ ਅਤੇ ਸਿੰਘਾਂ ਦੇ ਟਿਕਾਣਿਆਂ @ਤੇ ਇਤਲਾਹ ਦੇ ਦਿੱਤੀ। ਜਿੱਥੋਂ ਅਨੇਕਾਂ ਸਿੰਘ ਬਾਬਾ ਜੀ ਦੀ ਅਗਵਾਈ ਵਿਚ ਧਰਮ ਹੇਤ ਸੀਸ ਦੇਣ ਲਈ ਹਾਜ਼ਰ ਹੋਏ। ਬਾਬਾ ਜੀ ਨੇ ਅਖੰਡ ਪਾਠ ਕਰਾਇਆ ਅਤੇ ਨਗਾਰਿਆਂ 'ਤੇ ਚੋਟਾਂ ਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦੇਣ ਦਾ ਹੁਕਮ ਦਿੱਤਾ।

ਇਸ ਤਰ੍ਹਾਂ ਦਲ ਖ਼ਾਲਸਾ ਦੀ ਗਿਣਤੀ ਕਾਫ਼ੀ ਹੋ ਗਈ ਸੀ। ਹਰੀਕੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਵਿਚ ਦਾਖਲ ਹੋਇਆ। ਸ੍ਰੀ ਤਰਨਤਾਰਨ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਦਰਬਾਰ 'ਚ ਹਾਜ਼ਰੀ ਭਰਦਿਆਂ ਸਿੰਘਾਂ ਸਮੇਤ ਬਾਬਾ ਜੀ ਦੀਪ ਸਿੰਘ ਨੇ ਸਣੇ ਕੇਸੀਂ ਇਸ਼ਨਾਨ ਕੀਤਾ। ਘੋੜਿਆਂ ਨੂੰ ਵੀ ਖੁਰਕ ਦਿੱਤੀ ਗਈ। ਕੜਾਹ ਪ੍ਰਸਾਦਿ ਲੈ ਕੇ ਸੇਵਕਾਂ ਦੀ ਭੇਟਾ ਗੁਰੂ ਚਰਨਾਂ 'ਚ ਪਰਵਾਨ ਹੋਣ ਦੀ ਅਰਦਾਸ ਕੀਤੀ ਗਈ। ਕਿ, ਜਿੰਨਾ ਚਿਰ ਹਰਿਮੰਦਰ ਸਾਹਿਬ ਨੂੰ ਅਜ਼ਾਦ ਨਹੀਂ ਕਰਵਾ ਲੈ ਦੇ ਸ਼ਹੀਦੀ ਨਹੀਂ ਪਾਵਾਂਗਾ। ''ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ।'' ਬਾਬਾ ਦੀਪ ਸਿੰਘ ਜੀ ਕੇਸਰੀ ਰੰਗ ਦਾ ਪੁਸ਼ਾਕ ਪਹਿਨਿਆ। ਸਾਰੇ ਸ਼ਸਤਰ ਸਰੀਰ 'ਤੇ ਸਜਾ ਲਏ। ਦੋ ਧਾਰਾ ਖੰਡਾ ਹੱਥ 'ਚ ਪਕੜਿਆ। ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਯੋਧਿਆਂ ਦੀ ਪਰਖ ਕਰਨ ਲਈ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਗੁਰੂ ਮਹਾਰਾਜ ਦੇ ਸਤਿਕਾਰ ਖ਼ਾਤਰ ਲੜ ਕੇ ਸ਼ਹੀਦੀ ਪਾਉਣ ਲਈ ਜਿਹੜਾ ਵੀ ਸਿੰਘ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜੋ ਕੋਈ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚੱਲਿਆ ਜਾਵੇ। ਇਸ ਵਕਤ ਬਾਬਾ ਜੀ ਨਾਲ ਅਨੇਕਾਂ ਮਝੈਲ ਵੀ ਆਣ ਮਿਲੇ ਸਨ, ਸਾਰੇ ਪੰਜ ਹਜ਼ਾਰ ਸਿੰਘ ਜੈਕਾਰੇ ਗਜਾਉਂਦੇ ਨਗਾਰਿਆਂ 'ਤੇ ਚੋਟਾਂ ਲਾਉਂਦੇ ਹੋਏ ਲਕੀਰ ਟੱਪ ਕੇ ਅੰਮ੍ਰਿਤਸਰ ਵੱਲ ਕੂਚ ਕਰਨ ਲੱਗੇ। ਸਿੰਘਾਂ ਦੀ ਚੜ੍ਹਾਈ ਬਾਰੇ ਅਫ਼ਗ਼ਾਨੀਆਂ ਨੂੰ ਖ਼ਬਰ ਮਿਲ ਚੁੱਕੀ ਸੀ। ਉਸ ਵਕਤ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਹਾਨ ਖ਼ਾਨ ਸਿੰਘਾਂ ਦਾ ਟਾਕਰਾ ਕਰਨ ਲਈ 35 ਹਜ਼ਾਰ ਦੀ ਫ਼ੌਜ ਲੈ ਕੇ ਗੋਹਲਵੜ ਪਿੰਡ ਕੋਲ ਮੋਰਚਾ ਮਲੀ ਬੈਠਾ ਸੀ। ਬਾਬਾ ਦੀਪ ਸਿੰਘ ਜੀ ਨੇ ਜਥੇ ਦੇ ਸਿੰਘਾਂ ਨਾਲ ਦੁਸ਼ਮਣ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ 'ਤੇ ਹੁਣ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਸਿੰਘਾਂ ਅਤੇ ਅਫ਼ਗ਼ਾਨਾਂ ਦੀ ਟੱਕਰ 'ਚ ਸਿੰਘ ਅਫ਼ਗ਼ਾਨਾਂ ਨੂੰ ਪਛਾੜ ਦੇ ਹੋਏ ਅੰਮ੍ਰਿਤਸਰ ਵਲ ਨੂੰ ਵਧ ਰਹੇ ਸਨ। ਇਤਨੇ ਨੂੰ ਜਹਾਨ ਖ਼ਾਨ ਦਾ ਸਹਾਇਕ ਅਤਾਈ ਖ਼ਾਨ ਆਪਣੀ ਭਾਰੀ ਫ਼ੌਜ ਲੈ ਕੇ ਆ ਗਿਆ, ਜਿਸ ਨਾਲ ਮੈਦਾਨ-ਏ-ਜੰਗ ਦਾ ਰੂਪ ਬਦਲ ਗਿਆ। ਇਸ ਘਮਸਾਣ ਦੀ ਜੰਗ ਅੰਦਰ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਸਿੰਘ ਇਕ-ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਦਾ ਮੈਦਾਨ ਤਿੰਨ ਕੋਹਾਂ ਵਿਚ ਫੈਲ ਚੁੱਕਿਆ ਸੀ। ਸਾਰਾ ਮੈਦਾਨ ਖ਼ੂਨ ਨਾਲ ਲੱਥ ਪਥ ਹੋ ਚੁਕਾ ਸੀ। ਬਾਬਾ ਜੀ ਅਤੇ ਸਿੰਘ ਵੀ ਤਬਾਹੀ ਮਚਾ ਰਹੇ ਸਨ। ਪੰਜ ਹਜ਼ਾਰੀ ਫ਼ੌਜ ਦਾ ਮਾਲਕ ਅਮੀਰ ਜਾਨ ਖਾਨ ਹਾਥੀ ਉੱਤੋਂ ਲੜਦਾ ਅਤੇ ਆਪਣੀ ਫ਼ੌਜ ਨੂੰ ਕਮਾਂਡ ਦੇ ਰਿਹਾ ਸੀ। ਉਸ ਵਕਤ ਪੰਜ ਸੌ ਸਿੰਘਾਂ ਦੇ ਜਥੇ ਨਾਲ ਆਪਣਾ ਜੰਗੀ ਜੌਹਰ ਦਿਖਾ ਰਹੇ ਭਾਈ ਦਿਆਲ ਸਿੰਘ ਨੇ ਘੋੜੇ ਦਾ ਪੌੜ ਜਾਨ ਖਾਨ ਦੇ ਹਾਥੀ ਦੇ ਮੱਥੇ 'ਤੇ ਰਖਾ ਕੇ ਤਲਵਾਰ ਦੇ ਵਾਰ ਨਾਲ ਅਮੀਰ ਜਾਨ ਖਾਨ ਦਾ ਸਿਰ ਲਾਹ ਦਿੱਤਾ। ਅਯੂਬ ਖਾਂ ਦਿਆਲ ਸਿੰਘ ਦੀ ਫੁਰਤੀ ਅਤੇ ਬਹਾਦਰੀ ਦੇਖ ਰਿਹਾ ਸੀ। ਇੰਨੇ ਨੂੰ ਅਮਾਨ ਖਾਂ, ਯਕੂਬ ਖਾਂ ਤੇ ਹੋਰ ਅਫਗਾਨੀ ਜਰਨੈਲ ਵੀ ਲਾਹੌਰ ਤੋਂ ਮੈਦਾਨ ਏ ਜੰਗ ਵਿਚ ਅੱਪੜ ਗਏ। ਸਿੰਘ ਪਠਾਣਾਂ ਦੇ ਹੰਕਾਰ ਦੂਰ ਕਰ ਰਹੇ ਸਨ। ਸਿੰਘਾਂ ਨੂੰ ਅੱਗੇ ਵਧਦਾ ਦੇਖ ਅਬਦਾਲੀਆਂ ਨੇ ਗਊਆਂ ਲਿਆ ਖੜੀਆਂ ਕੀਤੀਆਂ। ਬਾਬਾ ਦੀਪ ਸਿੰਘ ਜੀ ਦੇ ਆਦੇਸ਼ 'ਤੇ ਸਿੰਘਾਂ ਨੇ ਤੀਰ ਅਤੇ ਬੰਦੂਕਾਂ ਛੱਡ ਕੇ ਤਲਵਾਰਾਂ ਸੂਤ ਲਈਆਂ। ਉਸ ਵਕਤ ਯਕੂਬ ਖਾਂ ਨੇ ਬਾਬਾ ਦੀਪ ਸਿੰਘ ਨੂੰ ਯੁੱਧ ਲਈ ਵੰਗਾਰਿਆ। ਦੋਹਾਂ 'ਚ ਜ਼ਬਰਦਸਤ ਜੰਗ ਹੋਈ। ਦੋਹਾਂ ਦੇ ਘੋੜੇ ਮਾਰੇ ਗਏ। ਫਿਰ ਹੱਥੋਂ ਪਾਈ ਹੋ ਕੇ ਲੜੇ, ਬਾਬਾ ਦੀਪ ਸਿੰਘ ਜੀ ਨੇ ਗੁਰਜ ਦਾ ਵਾਰ ਕਰਦਿਆਂ ਯਕੂਬ ਖਾਂ ਦਾ ਸਿਰ ਸਣੇ ਫ਼ੌਲਾਦੀ ਟੋਪ ਚੂਰ- ਚੂਰ ਕਰ ਦਿੱਤਾ। ਅਫਗਾਨੀ ਸੈਨਿਕ ਸਿੰਘਾਂ ਦੇ ਕਰਤਬ ਦੇਖ ਅਸ਼ ਅਸ਼ ਕਰ ਉੱਠੇ। ਇਥੇ ਹੀ ਅਫ਼ਗ਼ਾਨ ਕਮਾਂਡਰ ਜਹਾਨ ਖ਼ਾਨ (ਗਿਆਨੀ ਗਿਆਨ ਸਿੰਘ ਅਨੁਸਾਰ ਅਮਾਨ ਖਾਨ) ਨੇ ਵੀ ਬਾਬਾ ਦੀਪ ਸਿੰਘ ਨਾਲ ਦਵੰਦ ਯੁੱਧ ਦੀ ਇੱਛਾ ਜਤਾਈ। ਬਾਬਾ ਦੀਪ ਸਿੰਘ ਨੇ ਉਸ ਨਾਲ ਦਵੰਦ ਯੁੱਧ ਕੀਤਾ। ਜਿੱਥੇ ਦੋਹਾਂ ਦੇ ਘੋੜੇ ਮਾਰੇ ਗਏ ਅਤੇ ਸੰਜੋਅ ਵੀ ਟੁੱਟ ਗਈਆਂ। ਅਖੀਰ ਦੋਹਾਂ ਦੇ ਆਪਸ ਵਿਚੀਂ ਸਾਂਝੇ ਵਾਰ ਨਾਲ ਦੋਹਾਂ ਦੇ ਸੀਸ ਲੱਥ ਗਏ।


**''ਚਲੀ ਤੇਗ ਅਤਿ ਬੇਗ ਸੈਂ, ਦੁਹੂੰ ਕੇਰ ਬਲ-ਵਾਰ॥**
**ਉਤਰ ਗਏ ਸਿਰ ਦੁਹੂੰ ਕੇ, ਪਰਸ-ਪਰੈਂ ਇਕ ਸਾਰ॥''** (ਸ੍ਰੀ ਗੁਰੁ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)

ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਜਾਣ ਸਦਕਾ ਸਰੀਰ ਜ਼ਮੀਨ 'ਤੇ ਡਿੱਗ ਪਿਆ। ਇਹ ਕੌਤਕ ਦੇਖ ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਬਾਬਾ ਜੀ ਤੁਸਾਂ ਅਰਦਾਸ ਕੀਤੀ ਸੀ ਸੀਸ ਸੁਧਾਸਰ ਜਾ ਕੇ ਗੁਰੂ ਦੇ ਚਰਨਾਂ ਚ ਭੇਟ ਕਰਨਾ ਹੈ। ਇਹ ਹੁਣ ਕੀ ਭਾਣਾ ਵਰਤਾਇਆ ਜੇ ਸੁਧਾਸਰ (ਅੰਮ੍ਰਿਤਸਰ) ਇੱਥੋਂ ਦੋ ਕੋਹ ਦੂਰ ਹੈ।

**ਢਿਗ ਤੈ ਏਕ ਸਿੰਘ ਪਿਖਿ ਕਹਯੋ।**
**ਪਰਣ ਤੁਮਾਰਾ ਦੀਪ ਸਿੰਘ ਰਹੋ॥**
**ਗੁਰਪੁਰਿ ਜਾਇ ਸੀਸ ਮੈਂ ਦੇਹੋਂ। ਸੋ ਤੇ ਦੋਇ ਕੋਸ ਇਸ ਠੈਹੋਂ॥** (ਸ੍ਰੀ ਗੁਰੁ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਦੀਪ ਸਿੰਘ ਜੀ ਦਾ ਧੜ ਹਰਕਤ ਵਿਚ ਆਇਆ ਅਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਸਜੇ ਹੱਥ ਨਾਲ ਆਪਣਾ ਅਠਾਰਾਂ ਸੇਰ ਦਾ ਤਿੱਖਾ ਖੰਡਾ ਵਾਹੁੰਦੇ ਹੋਏ ਲੜਦੇ ਲੜਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ, ਬਾਬਾ ਜੀ ਨੇ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਭੇਟ ਕਰਦਿਆਂ ਸੱਚਖੰਡ ਨੂੰ ਪਿਆਨਾ ਕੀਤਾ।


ਪਿੰਡ ਚਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਮੈਦਾਨ ਏ ਜੰਗ ਵਿਚ ਜਿੱਥੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਜੁਦਾ ਹੋਇਆ, ਉੱਥੇ ਹੁਣ ਸ਼ਾਨਦਾਰ ਅਤੇ ਅਤਿ ਸੁੰਦਰ ਗੁਰਦੁਆਰਾ ਟਾਹਲਾ ਸਾਹਿਬ ਸੁਭਾਇਮਾਨ ਹੈ। ਜਿਸ ਦੀ ਕਾਰਸੇਵਾ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਵਾਲੇ ਕਰਵਾ ਰਹੇ ਹਨ। ਇੱਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੱਥਾ ਟੇਕਣ, ਸੇਵਾ ਅਤੇ ਮੁਰਾਦਾਂ ਪਾਉਣ ਆਉਂਦੀਆਂ ਹਨ। ਜਦ ਕਿ ਐਤਵਾਰ ਨੂੰ ਗੁਰਮਤਿ ਸਮਾਗਮ 'ਚ ਅਣਗਿਣਤ ਸੰਗਤਾਂ ਦੀ ਆਮਦ ਨਾਲ ਗੁਰਦੁਆਰਾ ਟਾਹਲਾ ਸਾਹਿਬ ਅੱਜ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਦਾ ਕੇਂਦਰ ਬਣ ਚੁੱਕਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉੱਥੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਆਪ ਜੀ ਦਾ ਇਕ ਅਸਥਾਨ ਤਰਨ ਤਾਰਨ ਵਾਲੀ ਸੜਕ 'ਤੇ **ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ** ਸੁਸ਼ੋਭਿਤ ਹੈ।



ਇਸ ਜੰਗ ਵਿਚ ਸਰਾਇ ਗੋਤ ਦਾ ਜੱਟ ਮਹਿਤ ਸਿੰਘ ਵੀ ਬਿਨ ਸੀਸ ਚਾਟੀਵਿੰਡ ਤਕ ਲੜਿਆ। **"ਜੱਟ ਸਰਾਇ ਮਹਿਤ ਸਿੰਘ ਤਯੋਂ ਹੀ ... ਲਰਯੋ ਕਬੰਧ ਤਾਂਹਿ ਕਾ ਭਾਰਾ''।** ਜਥੇਦਾਰ ਰਾਮ ਸਿੰਘ ਵੀ ਬਿਨਾ ਸੀਸ ਲੜਿਆ। ''ਲਰਯੋ ਕਬੰਧ ਰਾਮ ਸਿੰਘ ਕੇਰਾ'' ਸਾਰੀ ਤੁਰਕ ਫ਼ੌਜ ਹੈਰਾਨ ਹੋ ਰਹੀ ਸੀ, ਸਿੰਘਾਂ ਦੇ ਧੜ ਸਿਰਾਂ ਤੋਂ ਬਿਨਾ ਲੜਦੇ ਦੇਖ ਤੁਰਕਾਂ ਦੀ ਫ਼ੌਜ ਨੇ ਭੈ-ਭੀਤ ਹੋ ਕੇ ਨੱਠਣਾ ਸ਼ੁਰੂ ਕਰ ਦਿੱਤਾ। ਬੀਸ ਹਜ਼ਾਰੀ ਜ਼ਬਰਦਸਤ ਖਾਂ ਨਾਲ ਭਾਈ ਬਲਵੰਤ ਸਿੰਘ ਨੇ ਅਤੇ ਇਸੇ ਤਰਾਂ ਕਈ ਹੋਰਨਾਂ ਨੇ ਵੀ ਦਵੰਦ ਯੁੱਧ ਕੀਤੇ। ਇਸ ਘਮਸਾਨ ਦੀ ਜੰਗ ਅੰਦਰ ਅਫ਼ਗ਼ਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫ਼ੌਜ ਦੇ ਹੌਸਲੇ ਟੁੱਟ ਗਏ। ਇੰਨੇ ਨੂੰ ਪਿੰਡ ਚੱਬੇ ਕੋਲ (ਗਿਆਨੀ ਗਿਆਨ ਸਿੰਘ ਅਨੁਸਾਰ) ਮੀਰ ਜਾਨ ਖਾਂ ਨੇ ਬਾਬੇ ਨੌਧ ਸਿੰਘ ਗਿੱਲ ਨੂੰ ਵੰਗਾਰਿਆ ਤਾਂ ਨੌਧ ਸਿੰਘ ਗਿੱਲ ਘੋੜਾ ਲੈ ਕੇ ਮੀਰ ਜਾਨ ਖਾਂ ਦੇ ਮੂਹਰੇ ਹੋ ਗਿਆ। ਲੜਾਈ 'ਚ ਦੋਹਾਂ ਦੇ ਘੋੜੇ ਢਿਗ ਪਏ, ਫਿਰ ਤਲਵਾਰਾਂ ਵੀ ਟੁੱਟ ਗਈਆਂ, ਸੰਜੋਆਂ ਅਤੇ ਢਾਲਾਂ ਵੀ ਟੁੱਟ ਗਈਆਂ, ਅਖੀਰ ਦੋਹਾਂ ਨੇ ਕਟਾਰਾਂ ਪਕੜ ਲਈਆਂ ਅਤੇ ਦੋਹਾਂ ਨੇ ਇੱਕੋ ਵਾਰ ਹੀ ਕਟਾਰਾਂ ਨੂੰ ਇਕ ਦੂਜੇ ਦੇ ਪੇਟ 'ਚ ਧਸਾ ਦਿੱਤੀਆਂ। ਬਾਬਾ ਨੌਧ ਸਿੰਘ ਜੀ ਜਿੱਥੇ ਸ਼ਹੀਦੀ ਪਾ ਗਏ ਉਸ ਥਾਂ ਤਰਨ ਤਾਰਨ ਰੋਡ 'ਤੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਇਸੇ ਤਰਾਂ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ 'ਚ ਬਾਬਾ ਦੀਪ ਸਿੰਘ ਜੀ ਦੇ ਨਾਮਵਰ ਸਾਥੀ ਸਿੰਘਾਂ ਜਥੇਦਾਰ ਰਾਮ ਸਿੰਘ, ਜਥੇਦਾਰ ਸਜਣ ਸਿੰਘ, ਜਥੇਦਾਰ ਬਹਾਦਰ ਸਿੰਘ, ਜਥੇਦਾਰ ਹੀਰਾ ਸਿੰਘ, ਭਾਈ ਨਿਹਾਲ ਸਿੰਘ, ਭਾਈ ਸੰਤ ਸਿੰਘ, ਭਾਈ ਕੌਰ ਸਿੰਘ, ਭਾਈ ਸੁੱਧਾ ਸਿੰਘ, ਭਾਈ ਬਸੰਤ ਸਿੰਘ, ਭਾਈ ਬੀਰ ਸਿੰਘ, ਭਾਈ ਮੰਨਾ ਸਿੰਘ, ਭਾਈ ਹੀਰਾ ਸਿੰਘ, ਭਾਈ ਗੰਡਾ ਸਿੰਘ, ਭਾਈ ਲਹਿਣਾ ਸਿੰਘ, ਭਾਈ ਗੁਪਾਲ ਸਿੰਘ, ਭਾਈ ਰਣ ਸਿੰਘ, ਭਾਈ ਭਾਗ ਸਿੰਘ, ਭਾਈ ਨੱਥਾ ਸਿੰਘ, ਭਾਈ ਬਾਲ ਸਿੰਘ, ਭਾਈ ਤਾਰਾ ਸਿੰਘ ਕੰਗ ਦੇ ਨਾਮ ਗਿਆਨੀ ਗਿਆਨ ਸਿੰਘ ਨੇ ਗਿਣਵਾਏ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਧਰਮ ਤੋਂ ਪ੍ਰੇਰਿਤ ਸਾਡੇ ਬਜ਼ੁਰਗਾਂ ਵੱਲੋਂ ਕੀਤੇ ਗਏ ਕਾਰਨਾਮੇ ਕੌਮਾਂ ਦੀ ਸਮੁੱਚੀ ਚੇਤਨਤਾ - ਸਿਮਤੀਆਂ ਦਾ ਹਿੱਸਾ ਹੋ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੋ ਨਿੱਬੜਦੀਆਂ ਹਨ। ਬਾਬਾ ਦੀਪ ਸਿੰਘ ਸ਼ਹੀਦ ਦਾ ਸ਼ਹੀਦੀ ਦਿਹਾੜਾ 15 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।


ਪ੍ਰੋ: ਸਰਚਾਂਦ ਸਿੰਘ ਖਿਆਲਾ,
ਫ਼ੋਨ : 9781355522)

# ਮਾਧਾਪਾਰ ਦੀ ਅਮੀਰੀ ਦਾ ਮੁਕਾਬਲਾ ਭਾਰਤ ਦਾ ਕੋਈ ਪਿੰਡ ਨਹੀਂ ਕਰ ਸਕਦਾ


ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ
9501100062

ਭਾਰਤ ਵਿੱਚ ਇੱਕ ਤੋਂ ਵੱਧ ਕੇ ਇੱਕ ਅਜੂਬੇ ਭਰੇ ਪਏ ਹਨ, ਪਰਮਾਧਾਪਾਰ ਪਿੰਡ ਆਪਣੀ ਦੌਲਤ ਅਤੇ ਠਾਠ ਬਾਠ ਕਾਰਨ ਇੱਕ ਅਲੱਗ ਹੀ ਹੈਸੀਅਤ ਰੱਖਦਾ ਹੈ। ਗੁਜਰਾਤ ਦੇ ਕੱਛ ਜਿਲ੍ਹੇ ਵਿਖੇ ਸਥਿੱਤ ਇਹ ਪਿੰਡ ਭਾਰਤ ਦਾ ਹੀ ਨਹੀਂ, ਸ਼ਾਇਦ ਵਿਸ਼ਵ ਦਾ ਸਭ ਤੋਂ ਵੱਧ ਅਮੀਰ ਪਿੰਡ ਹੈ। ਕਰੀਬ 7600 ਪਰਿਵਾਰਾਂ ਵਾਲੇ ਇਸ ਪਿੰਡ ਦੇ ਵਸਨੀਕਾਂ ਦਾ 31 ਦਸੰਬਰ 2022 ਤੱਕ ਲਗਭਗ 2100 ਕਰੋੜ ਰੁਪਿਆ ਪਿੰਡ ਵਿੱਚ ਸਥਿੱਤ 17 ਬੈਂਕਾਂ ਵਿੱਚ ਜਮ੍ਹਾਂ ਹੈ। ਵਿਦੇਸ਼ਾਂ ਅਤੇ ਦੇਸ਼ ਦੀਆਂ ਹੋਰ ਬੈਂਕਾਂ ਵਿੱਚ ਜਮ੍ਹਾਂ ਰੁਪਿਆ ਇਸ ਨਾਲੋਂ ਵੱਖਰਾ ਹੈ ਜੋ ਕਈ ਗੁਣਾ ਹੋ ਸਕਦਾ ਹੈ। ਇਸ ਪਿੰਡ ਦੀ ਸਥਾਪਨਾ 1473 ਈਸਵੀ ਵਿੱਚ ਸੋਲੰਕੀ ਵੰਸ਼ ਦੇ ਰਾਜੇ ਮਾਧਾ ਕਾਂਜੀ ਸੋਲੰਕੀ ਨੇ ਰੱਖੀ ਸੀ। ਸਮੁੰਦਰ ਦੇ ਨਜ਼ਦੀਕ ਹੋਣ ਕਾਰਨ ਜਲਦੀ ਹੀ ਇਹ ਪਿੰਡ ਅਰਬ ਦੇਸ਼ਾਂ ਨਾਲ ਵਪਾਰ ਦਾ ਉੱਘਾ ਕੇਂਦਰ ਬਣ ਗਿਆ। ਨਵੀਆਂ ਕਲੋਨੀਆਂ ਵੱਸਣ ਕਾਰਨ ਹੁਣ ਇਹ ਪਿੰਡ ਪੁਰਾਣੇ ਮਾਧਾਪਾਰ ਅਤੇ ਨਵੇਂ ਮਾਧਾਪਾਰ ਨਾਮਕ ਦੋ ਮੁਹੱਲਿਆਂ ਵਿੱਚ ਵੰਡਿਆ ਹੋਇਆ ਹੈ। ਪੁਰਾਣੇ ਮਾਧਾਪਾਰ ਵਿੱਚ ਵਿਰਾਸਤੀ ਮਹਿਲ, ਹਵੇਲੀਆਂ ਅਤੇ ਮੰਦਰ ਹਨ ਤੇ ਨਵੇਂ ਮਾਧਾਪਾਰ ਵਿੱਚ ਆਧੁਨਿਕ ਮਕਾਨ। 26 ਜਨਵਰੀ 2001 ਨੂੰ ਗੁਜਰਾਤ ਵਿੱਚ ਆਏ ਭਿਆਨਕ ਭੁਚਾਲ ਨਾਲ ਇਸ ਪਿੰਡ ਦਾ ਵੀ ਕਾਫੀ ਨੁਕਸਾਨ ਹੋਇਆ ਸੀ ਪਰ ਪੁਰਾਣਾ ਮਾਧਾਪਾਰ ਬਿਲਕੁਲ ਸਹੀ ਸਲਾਮਤ ਖੜ੍ਹਾ ਰਿਹਾ ਸੀ।

ਇਹ ਪਿੰਡ ਸ਼ੁਰੂ ਤੋਂ ਹੀ ਖੁਸ਼ਹਾਲ ਰਿਹਾ ਹੈ ਤੇ ਦੇਸ਼ ਵਿਦੇਸ਼ ਨਾਲ ਵਪਾਰ ਹੋਣ ਕਾਰਨ ਇਥੋਂ ਦੇ ਵਸਨੀਕ ਬਹੁਤ ਸੂਝਵਾਨ ਅਤੇ ਅਗਾਂਹਵਧੂ ਹਨ। ਵਿਦਿਆ ਦਾ ਇਨ੍ਹਾਂ ਲਈ ਮੁੱਢ ਤੋਂ ਹੀ ਬਹੁਤ ਮਹੱਤਵ ਰਿਹਾ ਹੈ ਜਿਸ ਕਾਰਨ ਇਥੇ ਕੱਛ ਜਿਲ੍ਹੇ ਦੇ ਸਭ ਤੋਂ ਪਹਿਲੇ ਲੜਕਿਆਂ (1884 ਈਸਵੀ) ਅਤੇ ਲੜਕੀਆਂ ਦੇ (1899 ਈਸਵੀ) ਹਾਈ ਸਕੂਲ ਖੋਲ੍ਹੇ ਗਏ ਸਨ। ਇਥੋਂ ਦੇ ਜਿਆਦਾਤਰ ਬਾਸ਼ਿੰਦੇ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰ ਯੂਰਪੀਨ ਤੇ ਅਰਬ ਦੇਸ਼ਾਂ ਵਿੱਚ ਵੱਸੇ ਹੋਏ ਹਨ। ਉਨ੍ਹਾਂ ਲੋਕਾਂ ਨੇ ਇਥੇ ਆਲੀਸ਼ਾਨ ਹਵੇਲੀਆਂ ਬਣਾਈਆਂ ਹੋਈਆਂ ਹਨ ਜੋ ਅਜੋਕੇ ਪੰਜਾਬੀ ਪਿੰਡਾਂ ਵਾਂਗ ਖਾਲੀ ਪਈਆਂ ਹਨ। ਇਸ ਪਿੰਡ ਦੇ ਲੋਕ ਆਪਣੀ ਮਾਤ ਭੂਮੀ ਨੂੰ ਜਨੂੰਨ ਦੀ ਹੱਦ ਤੱਕ ਪਿਆਰ ਕਰਦੇ ਹਨ। ਖੁਦ ਭਾਵੇਂ ਵਿਦੇਸ਼ਾਂ ਵਿੱਚ ਵੱਸਦੇ ਹਨ, ਪਰ ਆਪਣੀ ਆਮਦਨ ਦਾ ਵੱਡਾ ਹਿੱਸਾ ਆਪਣੇ ਪਿੰਡ ਦੇ ਬੈਂਕਾਂ ਵਿੱਚ ਜਮ੍ਹਾਂ ਕਰਾਉਣਾ ਮਾਣ ਵਾਲੀ ਗੱਲ ਸਮਝਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਥੋਂ ਦੇ ਲੋਕਾਂ ਦਾ ਕੁਲਦੇਵੀ ਮੋਮਾਈ ਮਾਤਾ ਮੰਦਰ ਵਿੱਚ ਅਥਾਹ ਸ਼ਰਧਾ ਹੋਣਾ ਹੈ। ਮੰਨਿਆਂ ਜਾਂਦਾ ਹੈ ਕਿ ਕੁਲਦੇਵੀ ਨੇ ਇਸ ਪਿੰਡ ਦੇ ਸੰਸਥਾਪਕ ਮਾਧਾ ਕਾਂਜੀ ਸੋਲੰਕੀ ਨੂੰ ਸੁਪਨੇ ਵਿੱਚ ਆ ਕੇ ਆਦੇਸ਼ ਦਿੱਤਾ ਸੀ ਕਿ ਇਸ ਪਿੰਡ ਦਾ ਪੈਸਾ ਪਿੰਡ ਵਿੱਚ ਹੀ ਰਹਿਣਾ ਚਾਹੀਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਇਸ ਪਿੰਡ ਵਿੱਚ ਭਾਰਤ ਦੇ ਹੋਰ ਕਿਸੇ ਵੀ ਪਿੰਡ ਨਾਲੋਂ ਜਿਆਦਾ ਵਿਦੇਸ਼ੀ ਧੰਨ ਆਉਂਦਾ ਹੈ।

ਗੁਜਰਾਤ ਸਰਕਾਰ ਨੂੰ ਇਸ ਪਿੰਡ ਦੇ ਵਿਕਾਸ ਲਈ ਕੋਈ ਜਿਆਦਾ ਪੈਸਾ ਨਹੀਂ ਖਰਚਣਾ ਪੈਂਦਾ। ਐਨ.ਆਰ.ਆਈਜ਼ ਆਪਣੇ ਪਿੰਡ ਦੀ ਤਰੱਕੀ ਲਈ ਦਿਲ ਖੋਲ੍ਹ ਕੇ ਦਾਨ ਕਰਦੇ ਹਨ। ਗੁਜਰਾਤ ਦਾ ਕੱਛ ਜਿਲ੍ਹਾ ਬੇਹੱਦ ਖੁਸ਼ਕ ਹੈ ਪਰ ਇਸ ਪਿੰਡ ਦੇ ਅੰਦਰ ਅਤੇ ਆਲੇ ਦੁਆਲੇ ਮੀਲਾਂ ਤੱਕ ਸੰਘਣੀ ਹਰਿਆਲੀ ਦਿਖਾਈ ਦਿੰਦੀ ਹੈ। ਵਿਦੇਸ਼ਾਂ ਵਿੱਚ ਵੱਸਣ ਵਾਲੇ ਪਿੰਡ ਵਾਸੀਆਂ ਨੇ ਮਾਧਾਪਾਰ ਨੂੰ ਪਾਣੀ ਨਾਲ ਮਾਲਾ ਮਾਲ ਕਰਨ ਲਈ ਬਹੁਤ ਮਿਹਨਤ ਕੀਤੀ ਹੈ। ਉਨ੍ਹਾਂ ਨੇ ਬਰਸਾਤ ਦਾ ਪਾਣੀ ਸੰਭਾਲਣ ਲਈ ਦੋ ਮਸਨੂਈ ਝੀਲਾਂ, ਨਜ਼ਦੀਕੀ ਪਹਾੜੀਆਂ 'ਤੇ 7 ਛੋਟੇ ਡੈਮ ਅਤੇ ਧਰਤੀ ਹੇਠਲਾ ਪਾਣੀ ਵਰਤਣ ਵਾਸਤੇ ਡੂੰਘੇ ਸਾਂਝੇ ਟਿਊਬਵੈੱਲ ਲਗਵਾਉਣ ਲਈ 90% ਆਰਥਿਕ ਸਹਾਇਤਾ ਕੀਤੀ ਹੈ ਤੇ ਬਾਕੀ 10% ਸਰਕਾਰ ਨੇ ਦਿੱਤਾ ਹੈ। ਪਾਣੀ ਦੀ ਬਹੁਤਾਤ ਕਾਰਨ ਇਥੇ ਖੂਬ ਖੇਤੀਬਾੜੀ ਹੁੰਦੀ ਹੈ। ਇਥੋਂ ਦੇ ਅੰਬ ਆਪਣੇ ਨਿਵੇਕਲੇ ਸਵਾਦ ਅਤੇ ਖੁਸ਼ਬੂ ਲਈ ਵਿਸ਼ਵ ਪ੍ਰਸਿੱਧ ਹਨ। ਇਸ ਤੋਂ ਇਲਾਵਾ ਐਨ.ਆਰ.ਆਈਜ਼ ਨੇ ਹਸਪਤਾਲ ਅਤੇ ਸਕੂਲਾਂ ਦੀਆਂ ਸ਼ਾਨਦਾਰ ਇਮਾਰਤਾਂ, ਪਾਰਕ, ਖੇਡ ਮੈਦਾਨ, ਗਊਸ਼ਾਲਾ ਅਤੇ ਮੰਦਰ ਵੀ ਬਣਵਾਏ ਹਨ। ਇਥੋਂ ਦੀ ਗਊਸ਼ਾਲਾ ਵੀ ਭਾਰਤ ਵਿੱਚ ਸਭ ਤੋਂ ਵੱਧ ਆਧੁਨਿਕ ਹੈ ਤੇ ਅਮਰੀਕਾ ਦੇ ਕਿਸੇ ਡੇਅਰੀ ਫਾਰਮ ਵਰਗੀ ਲੱਗਦੀ ਹੈ।

ਵਿਦੇਸ਼ਾਂ ਵਿੱਚ ਵੀ ਇਸ ਪਿੰਡ ਦੇ ਲੋਕਾਂ ਵਿੱਚ ਬਹੁਤ ਸਹਿਚਾਰ ਹੈ। ਉਹਨਾਂ ਨੇ ਆਪਸ ਵਿੱਚ ਮੇਲ ਮਿਲਾਪ ਰੱਖਣ ਲਈ ਹਰੇਕ ਦੇਸ਼ ਵਿੱਚ ਮਾਧਾਪਾਰ ਸੋਸਾਇਟੀਆਂ ਬਣਾਈਆਂ ਹੋਈਆਂ ਹਨ। ਹੈਰਾਨ ਵਾਲੀ ਗੱਲ ਇਹ ਹੈ ਕਿ ਕਈ ਪਰਿਵਾਰ ਚਾਰ ਚਾਰ ਪੀੜ੍ਹੀਆਂ ਤੋਂ ਵਿਦੇਸ਼ਾਂ ਵਿੱਚ ਵੱਸੇ ਹੋਏ ਹਨ, ਪਰ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਅਜਿਹੇ ਸ਼ਾਨਦਾਰ ਸੰਸਕਾਰ ਦਿੱਤੇ ਹਨ ਕਿ ਉਹ ਹੁਣ ਵੀ ਇਥੋਂ ਦੀ ਮਿੱਟੀ ਨੂੰ ਆਪਣੇ ਪੁਰਖਿਆਂ ਵਾਂਗ ਪਿਆਰ ਕਰਦੇ ਹਨ ਤੇ ਹੁਣ ਵੀ ਕਾਫੀ ਪੈਸਾ ਇਥੋਂ ਦੀਆਂ ਬੈਂਕਾਂ ਵਿੱਚ ਜਮ੍ਹਾਂ ਕਰਵਾਉਂਦੇ ਹਨ। ਪੱਛਮੀ ਦੇਸ਼ਾਂ ਅਤੇ ਭਾਰਤ ਦੇ ਸਮੇਂ ਵਿੱਚ ਅੰਤਰ ਹੋਣ ਕਾਰਨ ਐਨ.ਆਰ.ਆਈਜ਼ ਦੀ ਸਹੂਲਤ ਲਈ ਪਿੰਡ ਵਿੱਚ ਇੱਕ ਕੰਟਰੋਲ ਰੂਮ ਬਣਾਇਆ ਗਿਆ ਜੋ ਚੌਵੀ ਘੰਟੇ ਕੰਮ ਕਰਦਾ ਹੈ ਤਾਂ ਜੋ ਉਨ੍ਹਾਂ ਨੂੰ ਬੈਂਕਿੰਗ ਜਾਂ ਹੋਰ ਕਿਸੇ ਕੰਮ ਬਾਰੇ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਪੰਜਾਬ ਦੇ ਬੱਚੇ ਵੀ ਹੁਣ ਧੜਾ ਧੜ ਵਿਦੇਸ਼ਾਂ ਵੱਲ ਜਾ ਰਹੇ ਹਨ। ਚੰਗੀ ਗੱਲ ਹੈ, ਹਰ ਕਿਸੇ ਨੂੰ ਤਰੱਕੀ ਕਰਨੀ ਚਾਹੀਦੀ ਹੈ। ਪਰ ਸਾਨੂੰ ਮਾਧਾਪਾਰ ਪਿੰਡ ਵਾਲਿਆਂ ਤੋਂ ਜਰੂਰ ਸੇਧ ਲੈਣੀ ਚਾਹੀਦੀ ਹੈ ਤੇ ਵਿਦੇਸ਼ਾਂ ਵਿੱਚ ਰਹਿ ਕੇ ਵੀ ਆਪਣੀ ਮਿੱਟੀ ਦਾ ਮੋਹ ਨਹੀਂ ਤਿਆਗਣਾ ਚਾਹੀਦਾ।






# ਪੁਸਤਕ ਸਮੀਖਿਆ
# ਧਾੜਵੀ



ਜਗਦੇਵ ਸਿੱਧੂ
403 351 1136

ਧਾੜਵੀ ਲਹਿੰਦੇ ਪੰਜਾਬ ਦੇ ਉੱਘੇ ਸਾਹਿਤਕਾਰ ਫ਼ਰਜ਼ੰਦ ਅਲੀ ਦਾ ਨਾਵਲ ਹੈ ਜਿਸ ਨੂੰ ਡਾ. ਹਰਬੰਸ ਸਿੰਘ ਧੀਮਾਨ ਨੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਅੰਤਰ ਕੀਤਾ ਹੈ ਅਤੇ ਸੰਗਮ ਪਬਲੀਕੇਸ਼ਨਜ਼, ਪਟਿਆਲਾ ਨੇ ਛਾਪਿਆ ਹੈ। ਕੁੱਲ 151 ਸਫ਼ੇ ਦੇ ਇਸ ਨਾਵਲ ਦੇ 26 ਕਾਂਡ ਹਨ। ਬਿਨਾ ਕਿਸੇ ਭੂਮਿਕਾ ਜਾਂ ਅੰਤਿਕਾ ਦੇ ਸਿੱਧਾ ਸਪਾਟ ਚਲਦਾ ਹੋਇਆ ਪਾਠਕ ਨੂੰ ਸਹਿਜ ਨਾਲ਼ ਬਿਨਾ ਰੁਕਿਆਂ ਸਿਰੇ ਤੱਕ ਲੈ ਜਾਂਦਾ ਹੈ। ਫ਼ਰਜ਼ੰਦ ਅਲੀ ਦੀਆਂ ਹੋਰ ਲਿਖਤਾਂ ਤੋਂ ਇਲਾਵਾ ਉਸ ਦਾ ਪਿਛਲਾ ਨਾਵਲ ਭੁੱਬਲ਼ ਵੀ ਬਾਹਵਾ ਚਰਚਾ ਵਿਚ ਰਿਹਾ ਸੀ।

ਆਮ ਤੌਰ ਤੇ ਸ਼ਬਦ ਧਾੜਵੀ ਬਾਹਰੋਂ ਆਏ ਹਮਲਾਵਰਾਂ ਲਈ ਵਰਤਿਆ ਜਾਂਦਾ ਰਿਹਾ ਹੈ ਪਰ ਇਸ ਨਾਵਲ ਰਾਹੀਂ ਲੇਖਕ ਨੇ ਨਿਜ਼ਾਮ, ਪ੍ਰਬੰਧ, ਸਮਾਜ ਅਤੇ ਪਰਿਵਾਰਾਂ ਵਿਚਲੇ ਧਾੜਵੀਆਂ ਦੀ ਸ਼ਨਾਖ਼ਤ ਕਰਨ ਦਾ ਨਿਵੇਕਲਾ ਜਤਨ ਕੀਤਾ ਹੈ। ਨਾ ਕਿਤੇ ਸਿੱਧਾ ਮਾਰਕਸਵਾਦ ਦਾ ਹੋਕਾ ਦਿੱਤਾ ਹੈ, ਨਾ ਹਥਿਆਰਬੰਦ ਬਗ਼ਾਵਤ ਦਾ, ਪਰ ਸੰਕੇਤਾਂ ਰਾਹੀਂ ਨਿਜ਼ਾਮ ਬਦਲਣ ਦੀ ਮਨਸ਼ਾ, ਉਦੇਸ਼ ਅਤੇ ਵਿਧੀ ਦੀ ਗੱਲ ਛੇੜੀ ਹੈ। ਸਨਅਤੀ ਕਰਨ, ਵਪਾਰੀਕਰਨ ਅਤੇ ਪੂਜੀਵਾਦ ਦੇ ਭਾਰੂ ਹੋਣ ਨਾਲ਼ ਆਈਆਂ ਤੇ ਆ ਰਹੀਆਂ ਤਬਦੀਲੀਆਂ ਨੂੰ ਦਰਸਾਇਆ ਹੈ। ਇਨ੍ਹਾਂ ਤਬਦੀਲੀਆਂ ਦੇ ਸਿੱਟੇ ਵਜੋਂ ਸਮਾਜ, ਅਰਥਚਾਰੇ ਅਤੇ ਆਮ ਪਰਿਵਾਰਾਂ ਦੀ ਹਾਲਤ ਉੱਤੇ ਜੋ ਨਕਾਰਾਤਮਕ ਪ੍ਰਭਾਵ ਪੈ ਰਹੇ ਹਨ, ਉਨ੍ਹਾਂ ਦਾ ਬੜੇ ਸਿੱਧੇ ਤੇ ਸਾਧਾਰਨ ਪਰ ਅਸਰਦਾਰ ਤਰੀਕੇ ਨਾਲ਼ ਨਕਸ਼ਾ ਉਘਾੜਿਆ ਹੈ। ਇਹ ਪ੍ਰਗਤੀਸ਼ੀਲ ਲੇਖਕ ਆਪਣੇ ਤਰੀਕੇ ਨਾਲ਼ ਆਉਣ ਵਾਲ਼ੀ ਉਥਲ-ਪੁਥਲ ਜਾਂ ਇਨਕਲਾਬ ਦੀ ਜ਼ਮੀਨ ਤਿਆਰ ਕਰ ਰਿਹਾ ਹੈ।

ਨਾਵਲ ਦੇ ਮੁੱਖ ਪਾਤਰਾਂ ਵਿਚ ਫ਼ਕੀਰ ਮੁਹੰਮਦ ਉਰਫ਼ ਫ਼ਕੀਰੀਆ ਬੱਕਰਵਾਲ (ਬੱਕਰੀਆਂ ਰੱਖਣ ਵਾਲ਼ਾ), ਉਸ ਦੀ ਬੀਵੀ ਕੂਕਣੇ, ਪੁੱਤਰ ਨਸੀਬ, ਫ਼ਰਿਹਾਦ, ਹਬੀਬ, ਧੀ ਬੁਸ਼ਰਾ, ਨੂੰਹਾਂ ਪੀਨੂ ਤੇ ਮਿਤਰਾ, ਪੀਨੂ ਦਾ ਭਰਾ ਕਾਸਿਮ, ਮਿਤਰਾ ਦਾ ਭਰਾ ਛੀਮਾ, ਬੁਸ਼ਰਾ ਦਾ ਖਾਵੰਦ ਰਿਆਜ਼, ਵਾਜਿਦ ਨੰਬਰਦਾਰ, ਉਸ ਦੀ ਭੈਣ ਕਨੀਜ਼ਾ, ਮਾਂ ਨੰਬਰਦਾਰਨੀ, ਪਤਨੀ ਰੋਜ਼ੀਨਾ, ਭਰਾ ਸਾਬਰ, ਮੁਜ਼ਾਰਾ ਰਿਹਾ ਨੂਰਾ, ਨੂਰੇ ਦੀ ਬੀਵੀ ਬਸ਼ੀਰਾਂ, ਧੀ ਮਲੂਕਾਂ, ਕਨੀਜ਼ਾ ਦੀ ਸਹੇਲੀ-ਨੌਕਰਾਣੀ ਰੱਜੋ ਵਗੈਰਾ ਹਨ। ਇਨ੍ਹਾਂ ਤੋਂ ਬਿਨਾ ਮੌਲਵੀ ਫ਼ਜ਼ਲ ਕਰੀਮ ਅਤੇ ਮੌਲਵੀ ਹੁਸਨਦੀਨ ਹਨ ਜਿਨ੍ਹਾਂ ਰਾਹੀਂ ਤਾਲਿਬਾਨ ਅਤੇ ਕੱਟੜ ਜਹਾਦੀਆਂ ਦੀਆਂ ਕਾਰਵਾਈਆਂ ਦਰਸਾ ਕੇ ਉਨ੍ਹਾਂ ਨੂੰ ਇਸ ਖ਼ਿੱਤੇ ਵਿਚਲੇ ਧਾੜਵੀਆਂ ਵਜੋਂ ਪੇਸ਼ ਕੀਤਾ ਹੈ। ਸਾਰੀ ਕਥਾ ਵਿਚ ਹਬੀਬ ਅਤੇ ਕਨੀਜ਼ਾ ਧੁਰਾ ਬਣ ਕੇ ਉਭਰਦੇ ਹਨ। ਹਬੀਬ ਲੁੱਟੇ ਗਏ, ਲਿਤਾੜੇ ਹੋਏ, ਸ਼ੋਸ਼ਿਤ ਗ਼ਰੀਬ ਤਬਕੇ ਦਾ ਕਾਮਾ, ਬੱਕਰੀਆਂ ਚਾਰਨ ਵਾਲ਼ਾ, ਨਾਲ਼ ਦੀ ਨਾਲ਼ ਪੜ੍ਹਾਈ ਕਰਨ ਵਾਲ਼ਾ ਰੌਸ਼ਨ ਦਿਮਾਗ ਕਿਰਦਾਰ ਹੈ ਜਦੋਂ ਕਿ ਕਨੀਜ਼ਾ ਅਮੀਰ, ਰਸੂਖਦਾਰ ਖ਼ਾਨਦਾਨ ਦੀ ਧੀ ਅਤੇ ਵਾਜਿਦ ਦੀ ਭੈਣ ਹੈ ਅਤੇ ਇੱਕ ਤਰ੍ਹਾਂ ਨਾਲ਼ ਧਾੜਵੀ ਧਿਰ ਨਾਲ਼ ਸੰਬੰਧ ਰਖਦੀ ਹੈ ਪਰ ਪ੍ਰਗਤੀਸ਼ੀਲ ਵਿਚਾਰਾਂ ਸਦਕਾ ਧਾੜਵੀ ਪ੍ਰਵਰਿਤੀ ਤੋਂ ਨਾਬਰ ਹੁੰਦੀ ਜਾਪਦੀ ਹੈ। ਸਮਾਂ ਬਦਲਣ ਨਾਲ਼ ਕਾਰਖਾਨੇ ਲੱਗ ਰਹੇ ਹਨ, ਮਸ਼ੀਨਰੀ ਖੇਤੀਬਾੜੀ ਦੇ ਧੰਦੇ ਵਿੱਚ ਮਜ਼ਦੂਰਾਂ ਦਾ ਬਦਲ ਬਣ ਰਹੀ ਹੈ, ਬੇਰੁਜ਼ਗ਼ਾਰ ਮਜ਼ਦੂਰ ਅਣ-ਵਿਕਸਿਤ ਨਵੀਆਂ ਬਸਤੀਆਂ ਅੰਦਰ ਕਾਰਖਾਨਿਆਂ ਵਿਚ ਰੁਜ਼ਗ਼ਾਰ ਲਭਦੇ ਹਨ। ਇਸ ਤਬਦੀਲੀ ਨਾਲ਼ ਇਸ ਤਬਕੇ ਦੇ ਲੋਕਾਂ ਨੂੰ ਨਵੀਆਂ ਚੁਣੌਤੀਆਂ ਨਾਲ਼ ਸਿੱਝਣਾ ਪੈ ਰਿਹਾ ਹੈ। ਬੁਸ਼ਰਾ ਵੱਡੇ ਦੋਵਾਂ ਭਰਾਵਾਂ ਅਤੇ ਲੋਕਾਂ ਦੀ ਵਿਰੋਧਤਾ ਦੇ ਬਾਵਜੂਦ ਜੇਰਾ ਕਰ ਕੇ ਬੁਨਿਆਦੀ ਪੜ੍ਹਾਈ ਕਰਨ ਮਗਰੋਂ ਆਪਣੀ ਲਿਆਕਤ ਨਾਲ਼ ਕਾਰਖਾਨੇਦਾਰ ਦੀ ਸੈਕਟਰੀ ਬਣ ਜਾਂਦੀ ਹੈ ਅਤੇ ਪ੍ਰਚਲਤ ਸਮਾਜਿਕ-ਧਾਰਮਿਕ ਰਹੁ-ਰੀਤਾਂ ਨੂੰ ਉਲੰਘ ਕੇ ਆਪਣਾ ਆਜ਼ਾਦਾਨਾ ਰਾਹ ਚੁਣ ਕੇ ਨਵੇਂ ਢਾਂਚੇ ਵਿਚ ਢਲ਼ ਕੇ ਆਪਣਾ ਜੀਵਨ ਪੱਧਰ ਬਿਹਤਰ ਬਣਾਉਂਦੀ ਹੈ। ਉਸ ਦੇ ਪਰਿਵਾਰਿਕ ਅਤੇ ਸਮਾਜਿਕ ਧਾੜਵੀਆਂ ਖਿਲਾਫ਼ ਇਸ ਨਾਬਰੀ ਵਾਲ਼ੇ ਵਤੀਰੇ ਵਿਚ ਮਾਂ ਕੂਕਣੇ ਧਿਰ ਬਣਦੀ ਹੈ, ਧੀਏ ਜ਼ਿੰਦਗੀ ਤਾਂ ਹਰ ਕੋਈ ਗੁਜ਼ਾਰ ਲੈਂਦਾ ਏ ਪਰ ਹਯਾਤੀ ਹੰਢਾਉਣੀ ਕਿਸੇ ਨੂੰ ਨਸੀਬ ਹੁੰਦੀ ਏ। -- ਕਿਸੇ ਲਈ ਕੋਈ ਨਹੀਂ ਮਰਦਾ। -- ਅਖੇ ਖਾਂਦਿਆਂ ਦੇ ਅੰਗ ਸਾਕ ਸਾਰੇ, ਭੁੱਖੇ ਦਾ ਕੋਈ ਯਾਰ ਬੇਲੀ ਨਹੀਂ ਬਣਦਾ। -- ਧੀਏ ਜਦੋਂ ਸਿਰ ਵਿਚ ਪੈਂਦੀ ਏ, ਆਪੇ ਈ ਮੱਤ ਆ ਜਾਂਦੀ ਏ।ਜਦੋਂ ਸਮਾਜ ਦੇ ਡਰੋਂ ਫ਼ਕੀਰੀਆ ਕਹਿੰਦਾ ਹੈ ਕਿ ਦਾਤਰੀ ਨੂੰ ਇੱਕ ਪਾਸੇ ਦੰਦੇ ਹੁੰਦੇ ਨੇ ਤੇ ਦੁਨੀਆਂ ਨੂੰ ਦੋ ਪਾਸੇ ਤਾਂ ਕੂਕਣੇ ਸਮਝਾਉਂਦੀ ਹੈ ਕਿ ਕਿਹੜੀ ਝਾੜੀ ਏ ਜੀਹਨੂੰ ਕੰਡੇ ਨਹੀਂ ਹੁੰਦੇ।ਬਸ਼ੀਰਾ ਆਪਣਾ ਪੱਖ ਰਖਦੀ ਹੋਈ ਕਾਸਿਮ ਨੂੰ ਕਹਿੰਦੀ ਹੈ, ਅਸੀਂ ਤਾਂ ਇਸ ਸ਼ਹਿਰੀ ਜ਼ਿੰਦਗੀ ਦੇ ਰੰਗ ਵਿੱਚੋਂ ਰੰਗ ਚੁਗਣ ਦੀ ਕੋਸ਼ਿਸ਼ ਕਰ ਰਹੇ ਆਂ। -- ਮਾਲਦਾਰਾਂ ਦੇ ਰੰਗ ਵਿਚ ਆਪਣੇ ਆਪ ਨੂੰ ਰੰਗਣਾ ਹੋਵੇਗਾ -- ਮਾਲਦਾਰਾਂ ਦੀ ਕਮਜ਼ੋਰੀ ਤੋਂ ਈ ਅਸਾਨੂੰ ਕੁਝ ਲੱਭਣਾ ਏਂ। -- ਧਾੜਵੀ ਨਸਲ ਪੂਰੇ ਖਿੱਤੇ ਵਿਚ ਖਿਲਰੀ ਹੋਈ ਏ -- ਜਦੋਂ ਜਾਹਿਲ ਮੁੱਕ ਜਾਵਣਗੇ ਜਹਾਲਤ ਆਪੇ ਮੁੱਕ ਜਾਵੇਗੀ। ਗੂੰਗੇ ਨੂੰ ਨਾ ਮਾਰੋ, ਗੂੰਗੇ ਦੀ ਮਾਂ ਨੂੰ ਮਾਰੋ। -- ਮਾਲਦਾਰਾਂ ਦੇ ਅਖਾੜੇ ਵਿਚ ਦਾਖਲ ਹੋ ਕੇ ਈ ਮਾਲ ਇਕੱਠਾ ਕਰਨ ਦੇ ਦਾਅ ਪੇਚ ਤੇ ਗੁਰ ਸਿੱਖੇ ਜਾ ਸਕਦੇ ਨੇ। ਸਭ ਤੋਂ ਜ਼ੋਰਦਾਰ ਪਾਤਰ ਕਨੀਜ਼ਾ ਹੈ ਜਿਸ ਨੇ ਧਾੜਵੀ ਜਮਾਤ ਦੀ ਪਛਾਣ ਕਰ ਲਈ ਹੈ, ਉਚੇਰੀ ਤਾਲੀਮ-ਯਾਫ਼ਤਾ ਹੈ। ਉਹ ਆਪਣੇ ਨਾਬਰੀ ਵਾਲ਼ੇ ਵਿਚਾਰਾਂ ਨੂੰ ਕਿਤੇ ਗੱਲਾਂ ਬਾਤਾਂ ਰਾਹੀਂ ਰੱਜੋ ਨਾਲ, ਕਿਤੇ ਸੰਵਾਦ ਰਾਹੀਂ ਹਬੀਬ ਨਾਲ਼, ਕਿਤੇ ਆਪਣੀ ਮਾਂ, ਆਪਣੇ ਭਰਾ ਵਾਜਿਦ, ਆਪਣੀ ਭਰਜਾਈ ਰੋਜ਼ੀਨਾ ਅਤੇ ਰੋਜ਼ੀਨਾ ਦੀ ਸਹੇਲੀ ਹਾਨੀਹ ਨਾਲ਼ ਬੇ-ਬਾਕ ਵਿਚਾਰਾਂ ਦੇ ਪ੍ਰਗਟਾਵੇ ਰਾਹੀਂ ਅਤੇ ਆਪਣੀ ਡਾਇਰੀ ਦੇ ਪੰਨਿਆਂ ਰਾਹੀਂ ਨਾਵਲ ਵਿਚ ਇਸ ਦੇ ਮਨੋਰਥ ਦੀ ਦਾਰਸ਼ਨਿਕ ਵਿਆਖਿਆ ਕਰਦੀ ਹੈ। ਇਸ ਤਰ੍ਹਾਂ ਦੇ ਬਾਗ਼ੀ ਕਿਰਦਾਰ ਨੂੰ ਸਮਾਜ ਕਿਵੇਂ ਸਮਝਦਾ ਹੈ, ਉਹ ਤਾਏ ਕਰੀਮੂ ਦੇ ਇਨ੍ਹਾਂ ਸ਼ਬਦਾਂ ਤੋਂ ਪਤਾ ਲਗਦਾ ਹੈ, ਨੰਬਰਦਾਰਾਂ ਦੇ ਸਾਰੇ ਟੱਬਰ ਵਿੱਚੋਂ ਇਸ ਕੁੜੀ ਦਾ ਈ ਸੁਭਾਅ ਚੰਗਾ ਏ। ਵਾਜਿਦ ਕੌਮੀ ਅਸੈਂਬਲੀ ਦਾ ਮੈਂਬਰ ਵੀ ਹੈ। ਲੇਖਕ ਦਾ ਮੱਤ ਹੈ ਕਿ ਅੰਗ੍ਰੇਜ਼ਾਂ ਵੇਲ਼ੇ ਦੇ ਉੱਚੀ ਸ਼ਨਾਖ਼ਤ ਵਾਲ਼ੇ ਨੰਬਰਦਾਰ, ਜ਼ੈਲਦਾਰ, ਸਫ਼ੈਦਪੋਸ਼, ਖ਼ਾਨ ਬਹਾਦਰ, ਰਾਏ ਤੇ ਸ਼ਾਹ ਸਾਹਿਬ ਅੱਜ ਵੀ ਸਰਕਾਰੇ ਦਰਬਾਰੇ ਉੱਚੇ ਅਹੁਦਿਆਂ ਤੇ ਹਨ। ਸਾਰੇ ਦੇਸ਼ ਦੇ ਵਸੀਲੇ ਤੇ ਤਾਕਤ ਇਨ੍ਹਾਂ ਦੇ ਈ ਕਬਜ਼ੇ ਵਿਚ ਏ।ਕਨੀਜ਼ਾ ਦੇ ਕਥਨ ਧਿਆਨ ਮੰਗਦੇ ਹਨ, ਬੁਲਬੁਲ ਧਰਤੀਏ, ਹਰ ਦੌਰ ਵਿਚ ਤੇਰੇ ਖ਼ਜ਼ਾਨੇ ਲੁੱਟੇ ਗਏ -- ਤੇਰੀ ਛਾਤੀ ਧਾੜਵੀਆਂ ਦੇ ਘੋੜਿਆਂ ਦੇ ਸੁੰਮਾਂ ਹੇਠ ਲਤਾੜੀ ਗਈ। ਪਰ ਕੁਰਬਾਨ ਤੇਰੀ ਕੁੱਖ ਤੋਂ, ਪਹਿਲਾਂ ਨਾਲੋਂ ਵੀ ਜ਼ਿਆਦਾ ਤੂੰ ਵੀ ਵਧ- ਵਧ ਕੇ ਹਯਾਤੀ ਦੇ ਖ਼ਜ਼ਾਨੇ ਪੈਦਾ ਕੀਤੀ ਜਾਨੀ ਏਂ। -- ਇਸ ਧਰਤੀ ਉੱਤੇ ਤਾਂ ਮਜ਼ਹਬਾਂ ਦਾ ਬੀ ਖਿਲਰਿਆ ਹੋਇਆ ਏ। ਆਉਣ ਵਾਲ਼ੇ ਹੋਰ ਧਾੜਵੀ ਵੀ ਆਪਣੇ ਨਾਲ਼ ਨਵੇਂ ਅਸੂਲ ਤੇ ਨਵੇਂ ਮਜ਼ਹਬ ਲੈ ਕੇ ਆਏ ਰੱਜੋ ਨਾਲ਼ ਗੱਲਾਂ ਕਰਦੀ ਕਨੀਜ਼ਾ ਕਹਿੰਦੀ ਹੈ,ਧਰਤੀ ਦੇ ਜੰਮੇ ਜਾਏ ਕੁਦਰਤ ਨਾਲ਼ ਆਢਾ ਲਾ ਬੈਠੇ ਨੇ। -- ਨਦੀ ਵਿਚ ਵਗਦੇ ਪਾਣੀ ਦਾ ਵੀ ਜੀਅ ਕਰਦਾ ਏ ਕਿ ਉਹ ਉਛਲੇ, ਕੁੱਦੇ, ਹੱਦਾਂ ਤੇ ਕਿਨਾਰਿਆਂ ਨਾਲ਼ ਭਿੜੇ, ਟੱਕਰਾਂ ਮਾਰੇ ਤੇ ਹੱਦਾਂ ਤੋੜ ਕੇ ਪੂਰੀ ਜਿਵਾ ਵਿਚ




ਖਿਲਰੇ। ਇਸ ਤੋਂ ਇਸ਼ਾਰਾ ਚੰਦ ਲੋਕਾਂ ਦੁਆਰਾ ਕੁਦਰਤੀ ਸੋਮਿਆਂ ਉਪਰ ਕਾਬਜ਼ ਹੋਣ ਅਤੇ ਵਾਤਾਵਰਣ ਵਿਚ ਵਿਗਾੜ ਪੈਦਾ ਕਰਨ ਵੱਲ ਹੈ ਅਤੇ ਆਮ ਲੋਕਾਂ ਦੀ ਆਜ਼ਾਦਾਨਾ ਤੌਰ ਤੇ ਵਿਚਰਨ ਲਈ ਮੌਜੂਦਾ ਦਮ-ਘੋਟੂ ਸਿਸਟਮ ਨੂੰ ਭੰਨਣ ਵੱਲ ਹੈ। ਕਨੀਜ਼ਾ ਕਰਨਯੋਗ ਕਾਰਜ ਬਾਰੇ ਦੱਸਦੀ ਹੈ ਕਿ ਲੰਘੇ ਵੇਲ਼ਿਆਂ ਦਾ ਗੰਦ ਸਾਫ਼ ਤੇ ਕਰਨਾ ਈ ਪੈਂਦਾ ਏ। ਉਸ ਵਿਚ ਏਨੀ ਜੁਰਅੱਤ ਤੇ ਹਿੰਮਤ ਆ ਜਾਂਦੀ ਹੈ ਕਿ ਭਰਾ ਵਾਜਿਦ ਨੂੰ ਮੂੰਹਤੇ ਕਹਿੰਦੀ ਹੈ ਭਾਈ ਜਾਨ ਤਾਰੀਖ ਤੁਹਾਨੂੰ ਮੁਆਫ਼ ਨਹੀਂ ਕਰਨ ਲੱਗੀ। ਵੇਲ਼ੇ ਦੇ ਜਬਰ ਦੀ ਤੁਹਾਨੂੰ ਸਮਝ ਨਹੀਂ ਆ ਰਹੀ। -- ਧਾੜਵੀਆਂ ਦੇ ਜਾਸੂਸ ਤੇ ਹਮਾਇਤੀ ਹਰ ਥਾਂ ਖਿਲਰੇ ਹੋਏ ਨੇ। ਸਰਕਾਰ ਦੀਆਂ ਬਣੀਆਂ ਪਾਲਸੀਆਂ ਨਾਲ਼ ਮਜ਼ਦੂਰਾਂ ਨੂੰ ਬੇ-ਬਸ ਕਰ ਕੇ ਰੱਖਿਆ ਹੋਇਆ ਏ। ਅਜੇ ਵੀ ਧਾੜਵੀਆਂ ਦਾ ਖਿਲਾਰ ਜਾਂ ਗੰਦ ਸਾਫ਼ ਨਾ ਹੋਇਆ ਤਾਂ ਕਿਧਰੇ ਧਰਤੀ ਹੋਰ ਹਯਾਤੀ ਪੈਦਾ ਕਰਨ ਤੋਂ ਮੂੰਹ ਨਾ ਮੋੜ ਲਵੇ। ਇਹ ਸਤਰਾਂ ਕਿੰਨੇ ਵਿਸ਼ਾਲ ਤੇ ਗੰਭੀਰ ਅਰਥ ਰਖਦੀਆਂ ਹਨ, ਇਹ ਮਹਿੰਗਾਈ ਮੌਲਵੀਆਂ ਦੇ ਮਸਲਿਆਂ ਵਾਂਗ ਵੱਧਦੀ ਜਾਂਦੀ ਏ। -- ਇਲਮ ਬਦਲਣ ਨਾਲ਼ ਈ ਹਾਲਾਤ ਬਦਲਦੇ ਨੇ, ਵੇਲ਼ਾ ਨਹੀਂ।

ਸੱਚਾ ਇਲਮ ਤੇ ਸੱਚੇ ਜਜ਼ਬੇ ਰੋਕਣ ਲਈ ਧਾੜਵੀ ਨਸਲ ਬੜੀਆਂ ਰੁਕਾਵਟਾਂ ਪਾਈਆਂ ਹੋਈਆਂ ਨੇ। ਕਨੀਜ਼ਾ ਦੇ ਇਸ ਕਥਨ ਵਿਚ ਉਹ ਦਰਦ ਵਿਖਾਈ ਦਿੰਦਾ ਹੈ ਜੋ ਉਸ ਦੇ ਹਬੀਬ ਨਾਲ਼ ਮਿਲਾਪ ਵਿਚ ਝੂਠੀਆਂ ਸਮਾਜਿਕ ਰਸਮਾਂ ਦੀ ਦਖਲਅੰਦਾਜ਼ੀ ਕਾਰਨ ਹੈ। ਉਹ ਹਬੀਬ ਨੂੰ ਕਹਿੰਦੀ ਹੈ, ਹੋ ਸਕਦੈ ਤੂੰ ਮੇਰੇ ਵਹਿਮਾਂ ਦਾ ਬਜਰਾ ਈ ਹੋਵੇਂ। ਏਥੇ ਸ਼ਬਦ ਬਜਰਾ ਧਰਤੀ ਦੇ ਹੀਰੋ ਬਾਗ਼ੀ ਲਈ ਵਰਤਿਆ ਗਿਆ ਹੈ ਜਿਸ ਨੂੰ ਕਨੀਜ਼ਾ ਦੌਰਾ ਪੈਣ ਸਮੇਂ ਬੁੜਬੁੜਾਉਣ ਵੇਲ਼ੇ ਕਹਿੰਦੀ ਹੈ - ਬਜਰਾ ਦੂਰ ਚਲਾ ਜਾਹ, ਧਾੜਵੀ ਆ ਰਹੇ ਨੇ, ਤੈਨੂੰ ਮਾਰ ਦੇਣਗੇ। ਕਨੀਜ਼ਾ ਨਾ ਸਿਰਫ਼ ਧਾੜਵੀ ਨਸਲ ਦੀ ਸੀਰਤ ਬਿਆਨ ਕਰਦੀ ਹੈ ਸਗੋਂ ਇਸ ਤੋਂ ਨਿਜਾਤ ਪਾਉਣ ਦੇ ਉਪਰਾਲਿਆਂ ਵੱਲ ਵੀ ਸੰਕੇਤ ਕਰਦੀ ਹੈ। ਉਸ ਨੂੰ ਵਗਦੇ ਪਾਣੀ, ਪੰਛੀਆਂ ਦੀਆਂ ਡਾਰਾਂ, ਜਾਨਵਰਾਂ ਦੇ ਝੁੰਡਾਂ ਨਾਲ਼ ਮੋਹ ਹੈ ਅਤੇ ਉਨ੍ਹਾਂ ਦੇ ਇਕੱਠੇ ਹੋ ਕੇ ਵਿਚਰਨ ਤੋਂ ਪ੍ਰੇਰਨਾ ਵੀ ਲੈਂਦੀ ਹੈ। ਉਸ ਦੀ ਸੋਚ ਮੁਤਾਬਕ ਧਾੜਵੀ ਢਾਂਚੇ ਨੂੰ ਨੇਸਤੋ-ਨਾਬੂਦ ਕਰਨ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲ਼ਾ ਮਾਰਨ ਦੀ ਲੋੜ ਹੈ।ਖ਼ੁਸ਼ੀ ਦੀ ਸਾਂਝ ਗ਼ਮੀ ਦੀ ਸਾਂਝ ਈ ਉਡਾਰ ਨੂੰ ਇਕੱਠਾ ਰਖਦੀ ਏ। ਉਹ ਉਡਾਰ ਜਨੌਰਾਂ ਦੀ ਹੋਵੇ ਤੇ ਭਾਵੇਂ ਇਨਸਾਨਾਂ ਦੀ। ਹਬੀਬ ਵੀ ਸਹਿਮਤ ਹੈ ਕਿ ਸਾਰੇ ਰਲ਼ ਕੇ ਟੁਰੀਏ ਤਾਂ ਇੱਕ ਲਹਿਰ ਉੱਠੇਗੀ, ਛੱਲ ਬਣ ਕੇ ਉਭਰੇਗੀ।ਕਨੀਜ਼ਾ ਦੀਆਂ ਦਾਰਸ਼ਨਿਕ ਗੱਲਾਂ ਤੋਂ ਰੱਜੋ ਵਰਗੀ ਅਨਪੜ੍ਹ ਤੇ ਸਾਧਾਰਨ ਲੜਕੀ ਵੀ ਪ੍ਰਭਾਵਿਤ ਹੁੰਦੀ ਹੈ। ਰੱਜੋ ਆਪਣੀ ਮਾਂ ਨੂੰ ਕਹਿੰਦੀ ਹੈ, ਜੇ ਜ਼ਮੀਨ, ਤੇ ਜ਼ਮੀਨ ਉੱਤੇ ਵੱਸਣ, ਰਹਿਣ ਤੇ ਉੱਗਣ ਵਾਲ਼ੀ ਹਰ ਸ਼ੈਅ ਦੇ ਮਾਲਕ ਨੰਬਰਦਾਰ ਨੇ ਤਾਂ ਫੇਰ ਰੱਬ ਕਿਹੜੀ ਸ਼ੈਅ ਦਾ ਮਾਲਕ ਏ। -- ਰੱਬ ਨੇ ਮੌਲਵੀ ਵੀ ਕੀ ਬਲਾਵਾਂ ਬਣਾਈਆਂ ਨੇ, ਡਰਾ ਡਰਾ ਕੇ ਈ ਬੰਦੇ ਦਾ ਸਾਹ ਮੁਕਾਈ ਰਖਦੇ ਨੇ -- ਰੱਬ ਨਾ ਹੋਇਆ ਨੰਬਰਦਾਰਾਂ ਦਾ ਬਾਲ ਹੋਇਆ। -- ਲੈ ਭੁੱਖ ਬੰਦੇ ਨੂੰ ਇੱਥੇ ਲਗਦੀ ਏ, ਮੇਵੇ ਅਗਲੇ ਜਹਾਨ ਮਿਲਣਗੇ।ਨੰਬਰਦਾਰ ਦੇ ਪੁਰਾਣੇ ਮੁਜ਼ਾਰੇ ਨੂਰੇ ਦੀ ਧੀ ਮਲੂਕਾਂ ਕਾਰਖਾਨੇ ਵਿਚ ਕੰਮ ਕਰਦੀ ਹੈ। ਉਸ ਨੂੰ ਵੀ ਨਵੇਂ ਖਿਆਲਾਂ ਦੀ ਪਾਣ ਚੜ੍ਹ ਜਾਂਦੀ ਹੈ। ਇਸ ਤਰ੍ਹਾਂ ਨਵੀਂ ਪੀੜ੍ਹੀ ਪੁਰਾਣੇ ਜਾਗੀਰਦਾਰੀ ਵਗਾਰ ਅਤੇ ਮੁਜ਼ਾਰਾ ਢਾਂਚੇ ਵਿੱਚੋਂ ਨਿਕਲ਼ ਕੇ ਨਵੀਂ ਸੋਚ ਦੀ ਧਾਰਨੀ ਬਣ ਰਹੀ ਹੈ। ਮਲੂਕਾਂ ਔਰਤ ਦੀ ਦੁਰਗਤੀ ਨੂੰ ਸਮਝ ਰਹੀ ਹੈ ਅਤੇ ਨਾਬਰੀ ਵੱਲ ਵਧ ਰਹੀ ਹੈ। ਉਹ ਆਪਣੀ ਮਾਂ ਨੂੰ ਕਹਿਣ ਦੀ ਜੁਰਅੱਤ ਕਰਦੀ ਹੈ, ਔਰਤ ਮਾਂ ਹੋਵੇ, ਧੀ ਹੋਵੇ, ਭਾਵੇਂ ਰੰਨ ਹੋਵੇ, ਮਰਦ ਸਮਝਦੈ ਪੈਰ ਦੀ ਜੁੱਤੀ ਮਲੂਕਾਂ ਅਰਥਚਾਰੇ ਦੇ ਨਿਘਾਰ, ਸਰਕਾਰੀ ਤੰਤਰ ਵਿਚ ਫੈਲੀ ਭ੍ਰਿਸ਼ਟਾਚਾਰ ਦੀ ਅਲਾਮਤ ਅਤੇ ਧਾਰਮਿਕ ਕੱਟੜਪੁਣੇ ਕਰ ਕੇ ਖਾਨਾਜੰਗੀ ਦੀ ਜੜ੍ਹ ਤੱਕ ਜਾਂਦੀ ਹੈ, ਬਿਜਲੀ ਮਹਿਕਮੇ ਕੋਲ਼ ਪੈਸੇ ਈ ਕੋਈ ਨਹੀਂ, ਸਾਰੇ ਪੈਸੇ ਤੇ ਮੌਲਵੀਆਂ ਨਾਲ਼ ਲੜਾਈ ਵਿਚ ਖ਼ਰਚ ਹੋ ਜਾਂਦੇ ਨੇ। -- ਹੇਠੋਂ ਲੈ ਕੇ ਉਪਰ ਤੀਕਰ ਸਭ ਰਲ਼ੇ ਹੋਏ ਨੇ।ਇੱਥੋਂ ਤੱਕ ਕਿ ਰੋਜ਼ੀਨਾ ਦੀ ਪੜ੍ਹੀ ਲਿਖੀ ਕੁਲੀਨ ਵਰਗ ਨਾਲ ਸੰਬੰਧਤ ਸਹੇਲੀ ਹਾਨੀਹ ਵੀ ਕਨੀਜ਼ਾ ਦੇ ਵਿਚਾਰਾਂ ਤੋਂ ਮੁਤਾਸਰ ਹੋ ਜਾਂਦੀ ਹੈ। ਮਸ਼ੀਨੀ ਯੁਗ ਵਿਚ ਕਾਰਖਾਨੇਦਾਰਾਂ ਦੁਆਰਾ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਣ ਨੂੰ ਇਉਂ ਦਰਸਾਇਆ ਹੈ ਕਿ ਫੈਕਟਰੀ ਵਿੱਚੋਂ ਨਿਕਲ਼ੇ ਮਜ਼ਦੂਰਾਂ ਦੀ ਹਾਲਤ ਕਣਕ ਗਾਹੁਣ ਵਾਲ਼ੀ ਮਸ਼ੀਨ ਚੋਂ ਨਿਕਲ਼ੀ ਤੂੜੀ ਜਾਂ ਫੋਕ ਵਰਗੀ ਹੈ।ਨਵੇਂ ਉਸਰ ਰਹੇ ਸਨਅਤੀ ਅਤੇ ਸ਼ਹਿਰੀ ਮਾਹੌਲ ਅੰਦਰ ਔਰਤ ਮਰਦ ਦੇ ਖਿੰਡਵੇਂ ਰਿਸ਼ਤੇ ਵੀ ਪਾਤਰਾਂ ਰਾਹੀਂ ਨਜ਼ਰ ਗੋਚਰੇ ਕੀਤੇ ਗਏ ਹਨ ਕਿ ਕਿਵੇਂ ਨਾਜਾਇਜ਼ ਸਮਝੇ ਜਾਂਦੇ ਸੰਬੰਧਾਂ ਨੂੰ ਅੰਦਰਖਾਤੇ ਜਾਣ ਬੁੱਝ ਕੇ ਪ੍ਰਵਾਨਗੀ ਦਿੱਤੀ ਜਾ ਰਹੀ ਹੈ। ਕਿਵੇਂ ਮਾਲਿਸ਼ ਦੇ ਧੰਦੇ ਹੇਠ ਜਿਨਸੀ ਹਵਸ਼ ਪੂਰੀ ਕੀਤੀ ਜਾਂਦੀ ਹੈ। ਇਸ ਬਾਰੇ ਬੁਸ਼ਰਾ ਦੀਆਂ ਸਫਾਈਆਂ ਨਵੇਂ ਇਨਕਲਾਬੀ ਕਾਰਜ ਦੀ ਪੂਰਤੀ ਦੇ ਹੱਕ ਵਿਚ ਹਨ ਪਰ ਮੰਨਣਯੋਗ ਨਹੀਂ ਲਗਦੀਆਂ। ਦੂਜੇ ਪਾਸੇ ਪੁਰਾਣੀ ਪੀੜ੍ਹੀ ਦੁਆਰਾ ਔਰਤ-ਮਰਦ ਦੇ ਰਿਸ਼ਤੇ ਨੂੰ ਕਿੰਨਾ ਪਾਕ-ਪਵਿੱਤਰ ਮੰਨਿਆਂ ਜਾਂਦਾ ਹੈ, ਉਸ ਦੀ ਮਿਸਾਲ ਫ਼ਕੀਰੀਆ ਅਤੇ ਕੂਕਣੇ ਆਪ ਹਨ। ਫ਼ਕੀਰੀਆ ਕੂਕਣੇ ਨੂੰ ਕਹਿੰਦਾ ਹੈ, ਰੰਨ ਤੇ ਖਸਮ ਦਾ ਸੀਰ ਤਾਂ ਦੁੱਧ ਤੇ ਪਾਣੀ ਵਾਲ਼ਾ ਸੀਰ ਹੁੰਦਾ ਏ। ਸੇਕ ਲੱਗੇ ਤਾਂ ਪਾਣੀ ਦੁੱਧ ਨੂੰ ਸੇਕ ਤੋਂ ਬਚਾਵਣ ਲਈ ਪਹਿਲਾਂ ਆਪ ਸੜਦਾ ਏ। ਦੁੱਧ ਵੀ ਪਾਣੀ ਨੂੰ ਆਪਣੇ ਨਾਲ਼ ਰਲ਼ਾ ਕੇ ਉਹ ਈ ਕਦਰ ਕਰਾਉਂਦਾ ਏ ਜਿਹੜੀ ਦੁੱਧ ਦੀ ਆਪਣੀ ਹੁੰਦੀ ਏ। -- ਰੰਨ ਭੋਇੰ ਤੇ ਖਸਮ ਵਾਹੀਵਾਨ ਹੁੰਦਾ ਏ। ਭੋਇੰ ਤੇ ਵਾਹੀਵਾਨ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਤੇ ਸਮਝਦੇ ਨੇ। ਤਦ ਤੇ ਖੇਤੀ ਵਧਦੀ ਫੁਲਦੀ ਏ। ਨਾਵਲ ਵਿਚ ਫ਼ਕੀਰੀਆ ਅਫ਼ਗਾਨਿਸਤਾਨ ਦੀ ਮਿਸਾਲ ਦੇ ਕੇ ਵਿਸ਼ਵ ਪੱਧਰ ਤੇ ਫੈਲੇ ਧਾੜਵੀਆਂ ਦੀ ਸ਼ਨਾਖ਼ਤ ਕਰਦਾ ਹੈ, ਅਫ਼ਗਾਨਿਸਤਾਨ ਚੋਂ ਰੂਸੀ ਕੱਢੇ। ਸਾਰੀ ਦੁਨੀਆਂ ਦੇ ਅਮੀਰ ਮੁਸਲਮਾਨਾਂ ਮਿਲ ਕੇ ਸਾਡੇ ਮੌਲਵੀਆਂ ਮੁਜਾਹਿਦਾਂ ਦੇ ਬਹਾਨੇ ਬੜੀ ਦੌਲਤ ਕਮਾਈ ਏ। ਉੱਜੜੇ ਪੁੱਜੜੇ ਅਫ਼ਗਾਨਾਂ ਦੀਆਂ ਕੁੜੀਆਂ ਚੁਕ ਲਿਆਉਂਦੇ। ਅੱਗੇ ਦੂਜੇ ਮੁਲਕਾਂ ਤੇ ਅਰਬੀਆਂ ਨੂੰ ਵੇਚ ਕੇ ਮਾਲ ਬਣਾਉਂਦੇ ਸਨ। ਹੁਣ ਤਾਲਿਬਾਨ ਲੁੱਟ ਵਿੱਚੋਂ ਆਪਣਾ ਹਿੱਸਾ ਮੰਗਦੇ ਸਰਮਾਏਦਾਰਾਂ ਨੂੰ ਵਾਰਾ ਨਹੀਂ ਖਾਂਦੇ। ਕਿਸੇ ਵੀ ਲੋਕ-ਹਿਤਾਂ ਦੀ ਮਾਰੂ ਸ਼ਕਤੀ, ਢਾਂਚੇ, ਪ੍ਰਬੰਧ, ਵਿਅੱਕਤੀ, ਵਰਗ ਜਾਂ ਰਾਜਸੀ ਨਿਜ਼ਾਮ ਨੂੰ ਧਾੜਵੀਆਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਇਹ ਸਭ ਕੁਝ ਨਾਵਲ ਦੀ ਕਥਾ ਕਹਿੰਦਿਆਂ ਸਹਿਜ-ਸੁਭਾਅ ਹੀ ਕਰ ਦਿੱਤਾ ਹੈ ਜੋ ਪਾਠਕ ਨੂੰ ਨਵੇਂ ਅਨੁਭਵ ਪ੍ਰਦਾਨ ਕਰਦਾ ਹੈ। ਨਾਵਲ ਵਿਚ ਅਹਿਮ ਕਿਰਦਾਰ ਵਿਚਾਰਾਂ ਅਤੇ ਕਾਰਵਾਈਆਂ ਰਾਹੀਂ ਇਹ ਕਾਰਜ ਸਿਰੇ ਚੜ੍ਹਦੇ ਹਨ, ਉਹ ਵੀ ਬਿਨਾ ਕਿਸੇ ਹਥਿਆਰ, ਹੁੱਲੜਬਾਜ਼ੀ ਜਾਂ ਹਿੰਸਕ ਵਰਤਾਰੇ ਦੇ। ਇਹ ਸੁਨੇਹਾ ਨਾਵਲ ਦੇ ਅੰਤ ਵਿਚ ਚਿੱਟੇ ਚਾਨਣ ਵਾਂਗ ਸਾਫ਼ ਹੋ ਜਾਂਦਾ ਹੈ ਜੋ ਦੁਖਾਂਤ ਦੇ ਮੌਕੇ ਤੇ ਵੀ ਤਕੜਾ, ਉਸਾਰੂ ਤੇ ਸਪਸ਼ਟ ਉਦੇਸ਼ ਪ੍ਰਗਟ ਕਰ ਜਾਂਦਾ ਹੈ। ਇੱਕ ਦੁਖਾਂਤ ਫ਼ਕੀਰੀਏ ਦੀ ਮੌਤ ਦਾ ਹੈ ਜਿੱਥੇ ਬੁਸ਼ਰਾ ਆਪਣੇ ਦਮ ਤੇ ਵਾਜਿਦ ਵੱਲੋਂ ਚੱਲੀ ਚਾਲ (ਜਿਸ ਦੀ ਉਸ ਉਪਰ ਮੈਲ਼ੀ ਅੱਖ ਹੈ) ਨੂੰ ਠੁੱਸ ਕਰ ਕੇ ਰੱਖ ਦਿੰਦੀ ਹੈ ਜਦੋਂ ਉਹ ਸਾਰੇ ਪਰਿਵਾਰ ਨੂੰ ਵਾਜਿਦ ਦੁਆਰਾ ਮਰਨੇ ਦੀ ਰੋਟੀ ਦਾ ਖ਼ਰਚਾ ਕਰਨ ਦੀ ਪੇਸ਼ਕਸ਼ ਠੁਕਰਾਉਣ ਲਈ ਮਨਾ ਲੈਂਦੀ ਹੈ। ਉਹ ਸੋਚਦੀ ਹੈ - ਲੈ ਨੰਬਰਦਾਰਾ, ਪਹਿਲੀ ਲੱਤ ਤੇਰੀ ਨੰਬਰਦਾਰੀ ਉੱਤੇ ਵੱਜਣ ਲੱਗੀ ਉ ਤੇ ਦੂਜੀ ਲੱਤ ਤੇਰੇ ਸੀਨੇ ਵਿੱਚ ਵੱਜ ਕੇ ਆਕੜ ਈ ਭੰਨ ਦੇਵੇਗੀ। ਇਹ ਜਾਗ੍ਰਿਤ ਹੋਏ ਸ਼ੋਸ਼ਿਤ ਵਰਗ ਦੁਆਰਾ ਲੋਟੂ ਧਾੜਵੀ ਵਰਗ ਉਪਰ ਜਿੱਤ ਦੀ ਸੰਭਾਵਨਾ ਦਾ ਪ੍ਰਤੀਕ ਹੈ। ਦੂਜਾ ਕਨੀਜ਼ਾ ਦੀ ਮੌਤ ਮਗਰੋਂ ਨੰਬਰਦਾਰਨੀ ਕੋਲ਼ ਦੁੱਖ ਵੰਡਾਉਣ ਵੇਲ਼ੇ ਦਾ ਦ੍ਰਿਸ਼ ਹੈ, ਜੋ ਨਾਵਲ ਦਾ ਅੰਤ ਵੀ ਹੈ। ਬੁਸ਼ਰਾ, ਹਬੀਬ, ਕੂਕਣੇ ਤੇ ਹੋਰ ਸਾਰੇ ਲੋਕ ਫੂਹੜੀ ਬੈਠੀ ਨੰਬਰਦਾਰਨੀ ਨਾਲ਼ ਦੁੱਖ ਸਾਂਝਾ ਕਰ ਕੇ ਉੱਠਣ ਲਗਦੇ ਹਨ। ਬੁਸ਼ਰਾ, ਹਬੀਬ ਤੇ ਕੂਕਣੇ ਜਦੋਂ ਉੱਠੇ ਤਾਂ ਵਸਤੀ ਤੋਂ ਆਈਆਂ ਸਾਰੀਆਂ ਸੁਆਣੀਆਂ ਵੀ ਉੱਠ ਖਲੋਤੀਆਂ -- ਬੁਸ਼ਰਾ ਦੇ ਮਗਰ ਮਗਰ ਪਾਲ਼ ਬਣਾ ਕੇ ਇੰਜ ਟੁਰ ਪਈਆਂ ਜਿਵੇਂ ਕੋਈ ਲਸ਼ਕਰ ਆਪਣੇ ਰਹਿਨੁਮਾ ਦੇ ਪਿੱਛੇ ਪਿੱਛੇ ਜਾ ਰਿਹਾ ਹੋਵੇ। ਇਹ ਜ਼ਬਰਦਸਤ ਸੁਨੇਹਾ ਨਾਵਲ ਦੇ ਪ੍ਰਯੋਜਨ ਦਾ ਪੂਰਨ ਰੂਪ ਵਿਚ ਸਫਲ ਰੂਪਾਂਤਰਣ ਕਰਦਾ ਹੈ। ਸਾਰੇ ਆਮ ਲੋਕਾਂ ਦਾ ਆਪਣੇ ਕ੍ਰਾਂਤੀਕਾਰੀ ਬਜਰੇ ਮਗਰ ਇਕੱਠੇ ਹੋ ਕੇ ਤੁਰਨਾ ਅਤੇ ਧਾੜਵੀ ਜਮਾਤ ਦੇ ਨਮਾਇੰਦੇ ਨੰਬਰਦਾਰਾਂ ਦੇ ਘਰੋਂ ਉੱਠ ਕੇ ਇੰਜ ਜਾਣਾ ਨਾਵਲ ਦ ਨਾਵਲ ਦੀ ਬੋਲੀ ਏਨੀ ਸਾਦ-ਮੁਰਾਦੀ, ਪਿਆਰੀ, ਮਿੱਠੀ ਅਤੇ ਰਵਾਨਗੀ ਵਾਲ਼ੀ ਹੈ ਕਿ ਸਿਰਫ਼ ਭਾਸ਼ਾ ਦਾ ਆਨੰਦ ਲੈਣ ਲਈ ਹੀ ਇਸ ਨੂੰ ਵਾਰ-ਵਾਰ ਪੜ੍ਹਨ ਨੂੰ ਜੀਅ ਕਰਦਾ ਹੈ। ਇਸ ਉਪਰ ਕਿਸੇ ਹੋਰ ਬੋਲੀ ਦੀ ਰਤਾ ਵੀ ਪਾਣ ਨਹੀਂ ਚੜ੍ਹੀ ਹੋਈ, ਨਿਰੋਲ ਸਾਡੀ ਓਹੀ ਪੁਰਾਣੀ ਠੇਠ ਪੰਜਾਬੀ ਬੋਲੀ। ਇਸ ਪੱਖ ਵਿਚ ਪੇਸ਼ ਹਨ ਕੁਝ ਉਦਾਹਰਣਾ ਜਿਹੜੀਆਂ ਅਖਾਉਤਾਂ, ਮੁਹਾਵਰਿਆਂ, ਕਾਵਿਕ ਪੰਕਤੀਆਂ ਜਾਂ ਮੂੰਹ ਚੜ੍ਹੇ ਬੋਲਿਆਂ ਦੇ ਰੂਪ ਵਿਚ ਹਨ - ਕੱਖ ਕਾਨਾ ਨਹੀਂ ਰਹਿਣਾ, ਅੱਗ ਲੱਗੀ ਤੇ ਕੁੱਤਾ ਕੰਧ ਉੱਤੇ, ਝੁੱਗਾ ਸਾੜ ਕੇ ਸਵਾਹ ਹੋਣਾ, ਫਾਕੇ ਕੱਟਣਾ, ਵਲਾਇਤੀ ਬਾਣਾ, ਦੇਸੀ ਚਾਲ, ਨੱਚਣ ਲੱਗੀ ਤਾਂ ਫੇਰ ਘੁੰਗਟ ਕਾਹਦਾ, ਝਾਟਿਆਂ ਵਿਚ ਖੇਹ ਪੌਣੀ, ਪੇਕਿਆਂ ਨੂੰ ਪੁਣਨ ਲੱਗ ਪਈਆਂ, ਗ਼ਲਤ ਪੱਟੀ ਪੜ੍ਹਾਉਣਾ, ਦਿਮਾਗ਼ ਘੁੰਮਣਾ, ਸਾਂਗਾਂ ਲਾਉਣੀਆਂ, ਝੱਲ ਖਿਲਾਰਨਾ, ਠੂਣਾ ਭੰਨਣਾ ਆਦਿ। ਕਾਵਿਕ ਟੋਟਕੇ - ਅੰਨ੍ਹਾਂ ਮਾਰੇ ਅੰਨ੍ਹੀਂ ਨੂੰ, ਘਸੁੰਨ ਵੱਜੇ ਥੰਮ੍ਹੀਂ ਨੂੰ,\ ਭੁੱਖੇ ਦੀ ਧੀ ਰੱਜੀ ਤੇ ਪਿੰਡ ਉਜਾੜਨ ਲੱਗੀ, ਰਾਜੇ ਦੀ ਧੀ ਰੱਜੀ ਤਾਂ ਪਿੰਡ ਵਸਾਵਣ ਲੱਗੀ, \ ਤੂਤਾਂ ਦੀ ਝੰਗੀ ਵਿਚ ਮੋਰ ਬੁਲੇਂਦਾ, ਕਬਲਾ ਤੇ ਕਾਅਬਾ ਸਾਨੂੰ ਯਾਦ ਦਿਸੇਂਦਾ,\ ਪੈਸਾ ਮਿਲੇ ਤੇ ਪਏ ਸਾਹ ਜਿਸਮ ਅੰਦਰ, ਪੈਸੇ ਬਿਨਾ ਤੇ ਜਾਨ ਵਿਚ ਜਾਨ ਵੀ ਨਹੀਂ,\ ਪੇਟ ਵਾਸਤੇ ਬਾਂਦਰਾਂ ਪਾਈ ਟੋਪੀ, ਹੱਥ ਜੋੜ ਸਲਾਮ ਗੁਜ਼ਾਰਦੇ ਨੀ। ਮਾਲ ਕਿਸੇ ਦਾ ਰਾਤ ਨੂੰ ਜਾਗ ਕੇ ਤੇ, ਚੌਕੀਦਾਰ ਪਏ ਹਾਕਰਾਂ ਮਾਰਦੇ ਨੀ।\ ਬੰਦਾ ਚਾਹੇ ਤੇ ਕੀਹ ਨਹੀਂ ਕਰ ਸਕਦਾ, ਮੰਨਿਆਂ ਵਕਤ ਵੀ ਤੰਗ ਤੋਂ ਤੰਗ ਆਉਂਦਾ। ਰਾਂਝਾ ਤਖ਼ਤ ਹਜ਼ਾਰਿਓਂ ਟੁਰੇ ਤੇ ਸਹੀ, ਪੈਰਾਂ ਹੇਠ ਸਿਆਲਾਂ ਦਾ ਝੰਗ ਆਉਂਦਾ।\ ਇੱਕ ਹੋਵੇ ਕਮਲ਼ਾ ਤਾਂ ਸਮਝਾਵੇ ਵਿਹੜਾ, ਜੇ ਵਿਹੜਾ ਹੋਵੇ ਕਮਲ਼ਾ ਤਾਂ ਸਮਝਾਵੇ ਕਿਹੜਾ।ਅੰਤ ਵਿਚ ਇਹੋ ਕਹਿਣਾ ਬਣਦਾ ਹੈ ਕਿ ਇਹ ਪੁਸਤਕ ਹਰੇਕ ਪੰਜਾਬੀ ਪ੍ਰੇਮੀ ਅਤੇ ਮਾਨਵਤਾ ਦੇ ਹਿਤੈਸ਼ੀ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ, ਸਾਂਭ ਕੇ ਰੱਖਣੀ ਅਤੇ ਹੋਰਾਂ ਨੂੰ ਪੜ੍ਹਨ ਦੀ ਪ੍ਰੇਰਨਾ ਦੇਣੀ ਬਣਦੀ ਹੈ।

ਖੇਤਾਂ ਦੇ ਕੰਮ ਲਈ
ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA · RRSP · Mutual Funds



Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

ARROW
DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ •
ਡਰਾਈਵਾਲ •
ਟੇਪਿੰਗ •
ਬਲੋ ਇੰਸੂਲੇਸ਼ਨ •
ਟੈਕਸਚਰਿੰਗ •



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500




VOLVO
Volvo Cars Royal Oak
ਅਸੀਂ ਪੰਜਾਬੀ ਬੋਲਦੇ ਹਾਂ,ਤਾਂ ਕਿ ਗੱਡੀ ਖਰੀਦਣ ਮੌਕੇ ਤੁਹਾਡੀ ਪੂਰੀ ਤਸੱਲੀ ਹੋ ਸਕੇ!
Your local Volvo Specialist
Manpreet Singh Sidhu
SALES ADVISOR
587 287 0470
manpreets@volvocarsroyaloak.com
Speaks Punjabi
Speaks Hindi
Volvo Cars Royal Oak
7015 112 Avenue NW
Calgary, Alberta
587-287-0470
volvocarsroyaloak.com


CIWA
Counselling Supports for Immigrant Families (Chestermere)
A Safe Place to Talk
free one-on-one consultations for connection, navigation, and referrals
Every Tuesday and Thursday we can help to:
• Learn ways to positively communicate with your children
• Resolve relationship challenges with your partner or family members
• Manage the stress of being a newcomer
• Deal with overwhelming feelings, depression, or anxiety
• Find resources and solutions tailored to your needs
Contact us today:
Davina Gill (Punjabi Speaking Counsellor)
403-519-5460 (text or call)
DavinaG@ciwa-online.com
101, 340 Merganser Dr. W. Chestermere


SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


Calgary
ਸਿੰਗਲ ਵਰਤੋਂ ਵਾਲੀਆਂ ਚੀਜ਼ਾਂ ਨੂੰ ਘਟਾਉਣ ਦਾ ਫੈਸਲਾ ਕਰੋ
ਸਿੰਗਲ ਵਰਤੋਂ ਵਾਲੀਆਂ ਚੀਜ਼ਾਂ ਸੰਬੰਧੀ ਨਵਾਂ ਉਪ-ਨਿਯਮ
16, ਜਨਵਰੀ 2024 ਤੋਂ ਸ਼ੁਰੂ ਹੋ ਰਿਹਾ ਹੈ
ਆਪਣਾ ਯੋਗਦਾਨ ਪਾਉਣ ਲਈ:
ਸਿਰਫ਼ ਉਨ੍ਹਾਂ ਬੈਗਾਂ ਅਤੇ ਭੋਜਨ ਸੰਬੰਧੀ ਸਮਾਨ ਦੀ ਮੰਗ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।
ਫੀਸਾਂ ਤੋਂ ਬਚਣ ਲਈ, ਆਪਣਾ ਖੁਦ ਦਾ ਬੈਗ ਨਾਲ ਲਿਆਓ।
ਇਹ ਇਨ-ਸਟੋਰ, ਟੇਕ-ਆਊਟ, ਡਰਾਈਵ-ਥਰੂ, ਡਿਲਿਵਰੀ ਅਤੇ ਔਨਲਾਈਨ ਆਰਡਰਿੰਗ 'ਤੇ ਲਾਗੂ ਹੁੰਦਾ ਹੈ।
calgary.ca/singleuse
'ਤੇ ਹੋਰ ਜਾਣੋ


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega Sanjha Punjab GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega Sanjha Punjab
FRESH PRODUCE
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

# ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਦੀਵਾਲੀ ਮਨਾਈ



ਓਟਵਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਨਾਲ ਤਣਾਅ ਦਰਮਿਆਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਦੀਵਾਲੀ ਮਨਾਈ ਹੈ । ਇਸ ਮੌਕੇ ਉਨ੍ਹਾਂ ਰਾਜਧਾਨੀ ਓਟਵਾ ਦੀ ਪਾਰਲੀਮੈਂਟ ਹਿੱਲ 'ਤੇ ਦੀਵਾ ਜਗਾਇਆ। ਟਰੂਡੋ ਨੇ ਸੋਸ਼ਲ ਮੀਡੀਆ 'ਤੇ ਤਿਉਹਾਰ ਮਨਾਉਣ ਦੀਆਂ ਤਸਵੀਰਾਂ ਵੀ ਸ਼ੇਅਰ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਦਾ ਤਿਉਹਾਰ ਹੈ। ਇਹ ਨਵੀਆਂ ਉਮੀਦਾਂ ਦਾ ਤਿਉਹਾਰ ਹੈ। ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਡੇ ਨਾਲ ਦੀਵਾਲੀ ਮਨਾਈ ਹੈ । ਮੈਨੂੰ ਉਮੀਦ ਹੈ ਕਿ ਇਹ ਤਿਉਹਾਰ ਤੁਹਾਡੇ ਸਾਰਿਆਂ ਦੇ ਜੀਵਨ ਵਿੱਚ ਨਵੀਂ ਰੌਸ਼ਨੀ ਅਤੇ ਉਮੀਦ ਲੈ ਕੇ ਆਵੇਗਾ।ਕੈਨੇਡਾ ਦੀ ਰਾਜਧਾਨੀ ਓਟਵਾ ਵਿਚ ਦੀਵਾਲੀ ਪਾਰਟੀ ਦਾ ਆਯੋਜਨ ਭਾਰਤੀ ਮੂਲ ਦੇ ਸੰਸਦ ਮੈਂਬਰ ਚੰਦਰਸ਼ੇਖਰ ਆਰੀਆ ਨੇ ਕੀਤਾ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਪੀਅਰੇ ਪੋਇਲੀਵਰ ਨੇ ਵੀ ਸ਼ਿਰਕਤ ਕੀਤੀ। ਦੀਵਾਲੀ ਦੇ ਜਸ਼ਨਾਂ ਦੌਰਾਨ ਪਾਰਲੀਮੈਂਟ ਹਿੱਲ 'ਤੇ ਓਮ ਦਾ ਝੰਡਾ ਵੀ ਲਹਿਰਾਇਆ ਗਿਆ।

## ਵਿਨੀਪੈਗ ਦੀ ਸਾਂਤੀਦੂਤ ਵਿਵਨ ਸਿਲਵਰ ਇਜ਼ਰਾਈਲ ਵਿੱਚ ਮੌਤ ਦੇ ਮੂੰਹ ਜਾ ਪਈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ-ਗਾਜ਼ਾ 'ਚ ਸ਼ਾਂਤੀ ਸਥਾਪਤੀ ਲਈ ਕਾਰਕੁੰਨ ਤੌਰ 'ਤੇ ਕੰਮ ਕਰ ਰਹੀ ਕੈਨੇਡੀਅਨ ਔਰਤ ਦੀ ਹਮਾਸ ਦੇ ਹਮਲੇ 'ਚ ਮੌਤ



ਹੋ ਗਈ ਹੈ । ਵਿਨੀਪੈਗ ਦੀ ਰਹਿਣ ਵਾਲੀ ਵਿਵਨ ਸਿਲਵਰ ਉਮਰ 74 ਸਾਲ ਦੀ ਮੌਤ ਦੀ ਪੁਸ਼ਟੀ ਉਸਦੇ ਪੁੱਤਰ ਨੇ ਕਰ ਕੀਤੀ ਹੈ । ਉਹ ਕਈ ਸਾਲਾਂ ਤੋਂ ਸ਼ਾਤੀ ਦੇ ਦੂਤ ਵੱਜੋਂ ਇਜ਼ਰਾਈਲ 'ਚ ਕੰਮ ਕਰ ਰਹੀ ਸੀ ਪਰ ਪਿਛਲੇ ਮਹੀਨੇ ਉਹ ਹਮਾਸ ਦੁਆਰਾ ਕੀਤੇ ਵੱਡੇ ਅੱਤਵਾਦੀ ਹਮਲੇ ਦਾ ਸ਼ਿਕਾਰ ਹੋ ਗਈ। ਦੱਸਣਯੋਗ ਹੈ ਕਿ ਐਨ।ਡੀ।ਪੀ ਦੇ ਆਗੂ ਜਗਮੀਤ ਸਿੰਘ ਨੇ ਉਨ੍ਹਾਂ ਦੀ ਯਾਦ 'ਚ ਪਾਰਲੀਮੈਂਟ 'ਚ ਇੱਕ ਸ਼ੋਕ ਮਤਾ ਵੀ ਪੜਿਆ ਹੈ ਅਤੇ ਸ਼ਰਧਾਜਲੀ ਅਰਪਤ ਕੀਤੀ ਹੈ ।

## ਸੁਨਕ ਨੇ ਸੁਏਲਾ ਬ੍ਰੇਵਰਮੈਨ ਨੂੰ ਅਹੁਦੇ ਤੋਂ ਕੀਤਾ ਬਰਖ਼ਾਸਤ



ਕਿਚਨਰ (ਪੰਜਾਬੀ ਅਖਬਾਰ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੋਮਵਾਰ ਸਵੇਰੇ ਮੰਤਰੀ ਮੰਡਲ 'ਚ ਫ਼ੇਰਬਦਲ ਸ਼ੁਰੂ ਕੀਤਾ ਅਤੇ ਸੁਏਲਾ ਬ੍ਰੇਵਰਮੈਨ ਨੂੰ ਗ੍ਰਹਿ ਸਕੱਤਰ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ। ਡਾਊਨਿੰਗ ਸਟ੍ਰੀਟ ਤੋਂ ਆ ਰਹੀਆਂ ਰਿਪੋਰਟਾਂ ਅਨੁਸਾਰ ਸੁਨਕ ਨੇ ਇਹ ਫ਼ੈਸਲਾ ਓਦੋਂ ਲਿਆ ਜਦੋਂ ਮੈਟਰੋਪੋਲਿਟਨ ਪੁਲੀਸ 'ਤੇ ਹਮਲਾ ਕਰਨ ਵਾਲਾ ਇਕ ਵਿਵਾਦਗ੍ਰਸਤ ਅਖ਼ਬਾਰ ਲੇਖ ਸਾਹਮਣੇ ਆਇਆ ਜੋ ਉਸ ਦੇ ਬੌਸ ਦੀ ਮਨਜ਼ੂਰੀ ਤੋਂ ਬਿਨਾਂ ਪ੍ਰਕਾਸ਼ਿਤ ਕੀਤਾ ਗਿਆ ਸੀ। ਲੇਖ ਪ੍ਰਕਾਸ਼ਿਤ ਹੋਣ ਤੋਂ ਬਾਅਦ ਸੁਏਲਾ ਦੀ ਨੌਕਰੀ ਨੂੰ ਲੈ ਕੇ ਕਈ ਦਿਨਾਂ ਦੀਆਂ ਅਟਕਲਾਂ ਤੋਂ ਚੱਲ ਰਹੀਆਂ ਸਨ।

43 ਸਾਲਾ ਗੋਆ-ਮੂਲ ਦੀ ਕੈਬਨਿਟ ਮੰਤਰੀ ਨੇ ਆਪਣੀ ਸੀਨੀਅਰ UK ਕੈਬਨਿਟ ਭੂਮਿਕਾ 'ਚ ਬਾਰ-ਬਾਰ ਵਿਵਾਦਾਂ ਦਾ ਸਾਹਮਣਾ ਕੀਤਾ ਹੈ। ਹਾਲ ਹੀ 'ਚ ਦਾ ਟਾਈਮਜ਼ ਦੇ ਇੱਕ ਲੇਖ 'ਚ ਹਮਲਾਵਰ ਇਜ਼ਰਾਇਲ-ਗ਼ਾਜ਼ਾ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਵੇਲੇ ਮੈਟ ਪੁਲੀਸ 'ਤੇ ਫ਼ਿਲਿਸਤੀਨ ਪੱਖੀ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਸੁਏਲਾ ਨੇ ਆਪਣੇ ਲੇਖ 'ਚ ਲੰਡਨ ਪੁਲੀਸ 'ਤੇ ਫ਼ਿਲਿਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਪ੍ਰਤੀ ਬਹੁਤ ਨਰਮੀ ਵਰਤਣ ਦਾ ਦੋਸ਼ ਲਗਾਇਆ ਸੀ। ਸੁਨਕ ਆਪਣੀ ਕੰਜ਼ਰਵੇਟਿਵ ਪਾਰਟੀ ਦੇ ਕੁੱਝ ਹਿੱਸਿਆਂ ਦੇ ਦਬਾਅ ਹੇਠ ਸੀ ਅਤੇ ਨਾਲ ਹੀ ਵਿਰੋਧੀ ਧਿਰ ਦੇ ਹਮਲਿਆਂ ਦਾ ਸਾਹਮਣਾ ਕਰ ਰਹੀ ਸੀ ਕਿਉਂਕਿ ਉਸਨੇ ਮੰਤਰੀ ਦੇ ਜ਼ਾਬਤੇ ਦੀ ਉਲੰਘਣਾ 'ਚ ਲੇਖ ਨੂੰ ਅੱਗੇ ਵੱਧਣ ਤੋਂ ਬਾਅਦ ਉਸ ਨੂੰ ਆਪਣੀ ਨੌਕਰੀ 'ਤ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਸੀ।

## ਪਾਕਿਸਤਾਨ 'ਚ ਭਾਰਤ ਦਾ ਇੱਕ ਹੋਰ ਦੁਸ਼ਮਣ ਢੇਰ

ਕਰਾਚੀ(ਪੰਜਾਬੀ ਅਖਬਾਰ ਬਿਊਰੋ)- ਪਾਕਿਸਤਾਨ 'ਚ ਭਾਰਤ ਦਾ ਇੱਕ ਹੋਰ ਦੁਸ਼ਮਣ ਮਾਰਿਆ ਗਿਆ ਹੈ। ਇਸ ਵਾਰ ਅਣਪਛਾਤੇ ਹਮਲਾਵਰਾਂ ਨੇ ਜੈਸ਼-ਏ-ਮੁਹੰਮਦ ਦੇ ਅਤਿਵਾਦੀ ਮੌਲਾਨਾ ਰਹੀਮਉੱਲ੍ਹਾ ਤਾਰਿਕ ਦਾ ਕਤਲ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਉਸ ਦਾ ਕਤਲ ਉਸ ਸਮੇਂ ਕੀਤਾ ਗਿਆ ਜਦੋਂ ਉਹ ਭਾਰਤ ਵਿਰੋਧੀ ਰੈਲੀ 'ਚ ਹਿੱਸਾ ਲੈਣ ਜਾ ਰਿਹਾ ਸੀ। ਤਾਰਿਕ ਨੂੰ ਕਰਾਚੀ 'ਚ ਕੁੱਝ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਦਿੱਤੀਆਂ। ਤਾਰਿਕ ਪਾਕਿਸਤਾਨ ਦਾ ਮਸ਼ਹੂਰ ਮੌਲਾਨਾ ਸੀ, ਜਿਸ ਨੂੰ ਸੁਣਨ ਲਈ ਹਜ਼ਾਰਾਂ ਲੋਕ ਇਕੱਠੇ ਹੁੰਦੇ ਸਨ। ਮੌਲਾਨਾ 'ਤ ਅਚਾਨਕ ਗੋਲੀਆਂ ਚਲਾਈਆਂ ਗਈਆਂ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਮੌਲਾਨਾ ਜਿਸ ਮੀਟਿੰਗ 'ਚ ਸ਼ਾਮਿਲ ਹੋਣ ਜਾ ਰਿਹਾ ਸੀ, ਉਹ ਕਰਾਚੀ ਦੇ ਔਰੰਗੀ ਟਾਊਨ 'ਚ ਆਯੋਜਿਤ ਕੀਤੀ ਜਾ ਰਹੀ ਸੀ। ਪੁਲੀਸ ਮੁਤਾਬਿਕ ਇਹ ਟਾਰਗੈੱਟ ਕਿਲਿੰਗ ਦਾ ਮਾਮਲਾ ਜਾਪਦਾ ਹੈ। ਮੌਲਾਨਾ ਦੇ ਕਤਲ 'ਤ ਪਾਕਿਸਤਾਨ ਦਾ ਮੀਡੀਆ ਚੁੱਪ ਹੈ। ਪਾਕਿਸਤਾਨ 'ਚ ਇਕ ਤੋਂ ਬਾਅਦ ਇਕ ਅਤਿਵਾਦੀ ਮਾਰੇ ਜਾ ਰਹੇ ਹਨ। ਹਾਲ ਹੀ 'ਚ ਖ਼ੈਬਰ ਪਖ਼ਤੂਨਖਵਾ ਦੇ ਬਾਜੌਰ 'ਚ ਲਸ਼ਕਰ-ਏ-ਤੋਇਬਾ ਦਾ ਅਤਿਵਾਦੀ ਅਕਰਮ ਖ਼ਾਨ ਉਰਫ਼ ਅਕਰਮ ਗ਼ਾਜ਼ੀ ਮਾਰਿਆ ਗਿਆ ਸੀ। ਅਕਰਮ ਦੇ ਕਤਲ ਨੂੰ ISI ਦੇ ਨਾਲ-ਨਾਲ ਲਸ਼ਕਰ ਮੁਖੀ ਹਾਫ਼ਿਜ਼ ਸਈਦ ਲਈ ਵੀ ਵੱਡਾ ਝਟਕਾ ਦੱਸਿਆ ਜਾ ਰਿਹਾ ਹੈ।ਗ਼ਾਜ਼ੀ ਲਸ਼ਕਰ ਲਈ ਭਾਰਤ ਖ਼ਿਲਾਫ਼ ਸਭ ਤੋਂ ਮਹੱਤਵਪੂਰਣ ਅਤਿਵਾਦੀ ਸੀ। ਅਕਰਮ ਗਾਜ਼ੀ ਘਾਟੀ ਦੇ ਨੌਜਵਾਨਾਂ ਨੂੰ ਭਾਰਤ ਵਿਰੁੱਧ ਪ੍ਰਭਾਵਸ਼ਾਲੀ ਢੰਗ ਨਾਲ ਭੜਕਾ ਸਕਦਾ ਸੀ।















$300*

ਬਚਤ ਦੇ
ਆਸਾਨ ਤਰੀਕੇ।

ਜਦੋਂ ਤੁਸੀਂ ATB ਨੂੰ ਅਜ਼ਮਾਉਂਦੇ ਹੋ,
ਬੈਂਕ ਖਾਤਾ ਤਾਂ ਸਿਰਫ਼ ਇੱਕ ਸ਼ੁਰੂਆਤ ਹੈ।

ATB POWERING POSSIBILITY™

atb.com/bonus300 ਤੇ ਹੋਰ ਜਾਣੋ

*ਨਿਯਮ ਅਤੇ ਸ਼ਰਤਾਂ ਲਾਗੂ ਹਨ

# SOUTH POINT

A MASTER PLANNED COMMUNITY



# 70 ਏਕੜ ਰਿਹਾਇਸ਼ੀ ਕਮਿਊਨਿਟੀ ਵਿੱਚ ਘਰ

## ਹੁਣ ਵੇਚੇ ਜਾ ਰਹੇ ਹਨ


MODERN SINGLE FAMILY HOMES


BACK TO BACK TOWNHOMES


DUPLEX HOMES


SINGLE FAMILY LANE HOMES


URBAN TOWNHOMES


ROWHOMES

403.980.1979 | VESTASOUTHPOINT.COM

VESTA PROPERTIES

Sales Centre & Showhomes
600 South Point Heath SW, Airdrie, AB

Renderings are an artist's conception and are intended as a general reference only.

# ਸਿੱਖ ਕਤਲੇਆਮ ਪੀੜਤਾਂ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਨਵੰਬਰ 1984 ਸਿੱਖ ਕਤਲੇਆਮ ਪੀੜਤ ਵੈੱਲਫ਼ੇਅਰ ਸੋਸਾਇਟੀ ਦੇ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰ ਕੇ ਅਪੀਲ ਕੀਤੀ ਹੈ ਕਿ ਸਰਕਾਰ ’ਤੇ ਦਬਾਅ ਪਾ ਕੇ ਸਿੱਖ ਕਤਲੇਆਮ ਪੀੜਤਾਂ ਦੀਆਂ ਮੰਗਾਂ ਮਨਵਾਈਆਂ ਜਾਣ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਿਧਾਨ ਸਭਾ ’ਚ ਇਸ ਸਬੰਧੀ ਮਤਾ ਲਿਆ ਕੇ ਦੋਸੀਆਂ ਨੂੰ ਸਜਾ ਦੇਣ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਮ੍ਰਿਤਕਾਂ ਨੂੰ ਸਰਧਾਂਜਲੀ ਭੇਂਟ ਕਰੇ।



ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲਣ ਵਾਲੇ ਆਗੂਆਂ ’ਚ ਜਥੇਬੰਦੀ ਦੇ ਮੁੱਖੀ ਸੁਰਜੀਤ ਸਿੰਘ, ਬੀਬੀ ਗੁਰਦੀਪ ਕੌਰ, ਇੰਦਰਪਾਲ ਸਿੰਘ, ਬਲਜੀਤ ਸਿੰਘ ਅਤੇ ਹੋਰ ਸ਼ਾਮਿਲ ਸਨ। ਇਸ ਸਬੰਧੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ। ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਦੱਸਿਆ ਕਿ ਸਿੱਖ ਕਤਲੇਆਮ ਨੂੰ ਵਾਪਰਿਆਂ 39 ਸਾਲ ਹੋ ਚੁੱਕੇ ਹਨ, ਪਰ ਅਜੇ ਵੀ ਸਾਰੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ। ਕੇਂਦਰ ਸਰਕਾਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ’ਚ ਅਸਫ਼ਲ ਰਹੀ ਹੈ ਅਤੇ ਸਰਕਾਰਾਂ ਵਲੋਂ ਪੀੜਤਾਂ ਦਾ ਮੁੜ ਵਸੇਬਾ ਨਹੀਂ ਕਰਵਾਇਆ ਗਿਆ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਵਿਧਾਨ ਸਭਾ ’ਚ ਇਸ ਸਬੰਧੀ ਮਤਾ ਲਿਆ ਕਿ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਮੰਗ ਕੀਤੀ ਜਾਵੇ, ਵਿਧਾਨ ਸਭਾ ’ਚ ਦੋ ਮਿੰਟ ਦਾ ਮੌਨ ਰੱਖ ਕੇ ਕਤਲੇਆਮ ਦੇ ਮ੍ਰਿਤਕਾਂ ਨੂੰ ਸਰਧਾਂਜਲੀ ਭੇਂਟ ਕੀਤੀ ਜਾਵੇ, ਲੁਧਿਆਣਾ ’ਚ ਰੱਦ ਕੀਤੇ 135 ਲਾਲ ਸਨਾਖਤੀ ਕਾਰਡ ਸਰਕਾਰ ਵਲੋਂ ਮੁੜ ਬਹਾਲ ਕੀਤੇ ਜਾਣ। ਅਦਾਲਤ ਦੇ ਆਦੇਸਾਂ ਮੁਤਾਬਿਕ ਪੰਜਾਬ ਸਰਕਾਰ ਪੀੜਤਾਂ ਵਾਸਤੇ ਮਕਾਨ ਅਤੇ ਬੂਥਾਂ ਦੀ ਅਲਾਟਮੈਂਟ ਕਰੇ, ਵਿਧਵਾਵਾਂ ਦੀ ਪੈਨਸ਼ਨ 10 ਹਜ਼ਾਰ ਪ੍ਰਤੀ ਮਹੀਨਾ ਕੀਤੀ ਜਾਵੇ, ਸਰਕਾਰੀ ਨੌਕਰੀਆਂ ’ਚ ਪੰਜ ਫ਼ੀਸਦੀ ਰਾਖਵਾਂਕਰਣ ਲਾਜ਼ਮੀ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਆਪ ਸਰਕਾਰ ਬਣਨ ਤੋਂ ਬਾਅਦ ਪੀੜਤਾਂ ਦੇ ਕੋਈ ਕੰਮ ਨਹੀਂ ਹੋ ਰਹੇ ਅਤੇ ਨਾ ਹੀ ਮੁੱਖ ਮੰਤਰੀ ਮੁਲਾਕਾਤ ਲਈ ਸਮਾਂ ਦੇ ਰਹੇ ਹਨ। ਉਨ੍ਹਾਂ ਨੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਨੂੰ ਚਿੱਠੀ ਭੇਜ ਕੇ ਪੀੜਤਾਂ ਦੇ ਮਾਮਲੇ ਹੱਲ ਕਰਵਾਉਣ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਪੀੜਤਾਂ ਦੀ ਸਹਾਇਤਾ ਰਾਸ਼ੀ ਜਾਰੀ ਰੱਖੇ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਦੰਗਾ ਪੀੜਤਾਂ ਦੇ ਮਾਮਲੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

# ਬੁੱਢਾ ਦਲ ਨੇ ਦੇਸ਼-ਵਿਦੇਸ਼ ’ਚ ਧਰਮ ਪ੍ਰਚਾਰ ਲਹਿਰ ਕੀਤੀ ਪ੍ਰਚੰਡ - ਬਾਬਾ ਬਲਬੀਰ ਸਿੰਘ

ਰੀਜਾਈਨਾ (ਪੰਜਾਬੀ ਅਖਬਾਰ ਬਿਊਰੋ)-ਸ਼੍ਰੋਮਣੀ ਪੰਥ ਅਕਾਲੀ ਬੁੱਢਾ (ਨਿਹੰਗ ਸਿੰਘਾਂ) ਵਲੋਂ ਦੇਸ਼-ਵਿਦੇਸ਼ ’ਚ ਧਰਮ ਪ੍ਰਚਾਰ ਦੀ ਲਹਿਰ ਨੂੰ ਜ਼ੋਰਦਾਰ ਤਰੀਕੇ ਨਾਲ ਪ੍ਰਚੰਡ ਕਰ ਦਿੱਤਾ ਗਿਆ ਹੈ। ਜਿੱਥੇ ਅਮਰੀਕਾ ਅਤੇ ਕੈਨੇਡਾ ’ਚ ਗੁਰਦੁਆਰਾ ਛਾਉਣੀਆਂ ਸਥਾਪਿਤ ਕੀਤੀਆਂ ਗਈਆਂ ਹਨ, ਉੱਥੇ ਪੰਜਾਬ,



ਹਰਿਆਣਾ, ਮੱਧ ਪ੍ਰਦੇਸ਼ ਅਤੇ ਦਿੱਲੀ ’ਚ ਵੀ ਬੁੱਢਾ ਦਲ ਵਲੋਂ ਗੁਰਮਤਿ ਪ੍ਰਚਾਰ ਸਮਾਗਮਾਂ ਰਾਹੀਂ ਸ਼ਬਦ ਗੁਰੂ ਪ੍ਰਚਾਰ ਦਾ ਹੋਕਾ ਘਰ-ਘਰ ਦਿੱਤਾ ਜਾ ਰਿਹਾ ਹੈ।ਬੁੱਢਾ ਦਲ ਦੇ ਸਥਾਨਕ ਮੁੱਖ ਦਫ਼ਤਰ ਗੁਰਦੁਆਰਾ ਦੇਗਸਰ ਬੇਰ ਸਾਹਿਬ ਤੋਂ ਜਾਣਕਾਰੀ ਦਿੰਦਿਆਂ ਬੁੱਢਾ ਦਲ ਦੇ ਮੁੱਖ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਦੱਸਿਆ ਕਿ ਤਹਿਸੀਲ ਸਰਦੂਲਗੜ੍ਹ ਦੇ ਪਿੰਡ ਝੰਡੇ ਕਲਾਂ ਗੁਰਦੁਆਰਾ ਪਾਤਸ਼ਾਹੀ 10ਵੀਂ ਵਿਖੇ ਵੱਡੇ ਪੱਧਰ ’ਤੇ ਕਾਰ ਸੇਵਾਵਾਂ ਬਾਬਾ ਬਚਨ ਸਿੰਘ ਕਾਰ ਸੇਵਕ ਦਿੱਲੀ ਵਾਲਿਆਂ ਵਲੋਂ ਗੁਰਦੁਆਰਾ ਸਾਹਿਬ ਦੇ ਦਰਬਾਰ ਸਾਹਿਬ, ਦੀਵਾਨ ਹਾਲ, ਸਰੋਵਰ, ਲੰਗਰ ਹਾਲ ਅਤੇ ਸਰਾਂ ਦੀਆਂ ਸੇਵਾਵਾਂ ਉਨ੍ਹਾਂ ਦੀ ਨਿਗਰਾਨੀ ਹੇਠ ਚੱਲ ਰਹੀਆਂ ਹਨ। ਇਸੇ ਤਰ੍ਹਾਂ ਗੁਰਦੁਆਰਾ ਬਾਬਾ ਫ਼ੇਰੂਮਲ ਸਾਹਿਬ ਪਿੰਡ ਨੰਗਲ ’ਚ ਵੀ ਸੇਵਾ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਬੁੱਢਾ ਦਲ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਛੇਵੇਂ ਜਥੇਦਾਰ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਨਾਮ ’ਤੇ ਅਮਰੀਕਾ ’ਚ ਗੁਰਦੁਆਰਾ ਸਾਹਿਬ ਛਾਉਣੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਧਰਮ ਪ੍ਰਚਾਰ ਲਹਿਰ ਤਹਿਤ ਹੁਣ ਮੱਧ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ ’ਚ ਬੁੱਢਾ ਦਲ ਵਲੋਂ ਕੀਰਤਨ ਦਰਬਾਰ ਅਤੇ ਫ਼ਤਹਿ ਮਾਰਚ ਕੀਤੇ ਜਾ ਰਹੇ ਹਨ। ਬਾਬਾ ਬਲਬੀਰ ਸਿੰਘ ਨੇ ਕਿਹਾ ਕਿ 17 ਨਵੰਬਰ ਤੋਂ 24 ਨਵੰਬਰ ਤਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨੰਦੇੜ, ਨਾਗਪੁਰ, ਹੈਦਰਾਬਾਦ, ਸਿਕੰਦਰਾਬਾਦ, ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ ਵਿਖੇ ਗੁਰਮਤਿ ਸਮਾਗਮ ਕੀਤੇ ਜਾ ਰਹੇ ਹਨ। ਇਸ ਮੌਕੇ ਸਕੱਤਰ ਦਿਲਜੀਤ ਸਿੰਘ ਬੇਦੀ, ਮੁਖਤਿਆਰੇਆਮ ਬਾਬਾ ਮੇਜਰ ਸਿੰਘ, ਕਥਾਵਾਚਕ ਭਾਈ ਸੁਖਜੀਤ ਸਿੰਘ ਕਨੱਈਆ ਅਤੇ ਹੋਰ ਨਿਹੰਗ ਸਿੰਘ ਹਾਜ਼ਰ ਸਨ।

# ਜੈਸ਼ੰਕਰ ਨੇ ਸੁਨਕ ਨਾਲ ਕੀਤੀ ਮੁਲਾਕਾਤ

ਲੰਡਨ (ਪੰਜਾਬੀ ਅਖਬਾਰ ਬਿਊਰੋ)- ਰਿਸ਼ੀ ਸੁਨਕ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਭਾਰਤ ਅਤੇ ਬਰਤਾਨੀਆ ਦੇ ਸਬੰਧ ਹੋਰ ਮਜ਼ਬੂਤ ਹੋ ਗਏ ਹਨ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ 10 ਡਾਊਨਿੰਗ ਸਟ੍ਰੀਟ ’ਤੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਉਨ੍ਹਾਂ ਦੀ ਪਤਨੀ ਅਕਸ਼ਾ ਮੂਰਤੀ ਨਾਲ ਮੁਲਾਕਾਤ ਕੀਤੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤਰਫ਼ੋਂ ਉਨ੍ਹਾਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਐੱਸ. ਜੈਸ਼ੰਕਰ ਆਪਣੀ ਪਤਨੀ ਕਿਓਕੋ ਜੈਸ਼ੰਕਰ ਨਾਲ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਨੂੰ ਮਿਲਣ ਆਏ ਸਨ। ਮੁਲਾਕਾਤ ਦੌਰਾਨ ਜੈਸ਼ੰਕਰ ਨੇ ਰਿਸ਼ੀ ਸੁਨਕ ਨੂੰ ਭਗਵਾਨ ਗਣੇਸ਼ ਦੀ ਮੂਰਤੀ ਅਤੇ ਭਾਰਤੀ ਬੱਲੇਬਾਜ਼ ਵਿਰਾਟ ਕੋਹਲੀ ਵਲੋਂ ਆਟੋਗ੍ਰਾਫ਼ ਕੀਤਾ ਇੱਕ ਕ੍ਰਿਕਟ ਬੈਟ ਵੀ ਭੇਂਟ ਕੀਤਾ।ਸੋਸ਼ਲ ਮੀਡੀਆ ’ਤ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ UK ਦੇ ਪ੍ਰਧਾਨ ਮੰਤਰੀ ਨਾਲ ਆਪਣੀ ਮੁਲਾਕਾਤ ਬਾਰੇ ਗੱਲ ਕਰਦੇ ਹੋਏ ਕਿਹਾ, “ਦੀਵਾਲੀ ’ਤੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ



ਪ੍ਰਧਾਨ ਮੰਤਕੀ ਰਿਸ਼ੀ ਸੁਨਕ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਭਾਰਤ ਅਤੇ UK ਸਬੰਧਾਂ ਨੂੰ ਨਵੇਂ ਸਿਰੇ ਤੋਂ ਬੰਨ੍ਹਣ ਅਤੇ ਮਜ਼ਬੂਤ ਬਣਾਉਣ ਲਈ ਉਤਸੁਕ ਹਨ। ਸੁਨਕ ਦਾ ਉਨ੍ਹਾਂ ਵਲੋਂ ਨਿੱਘੇ ਸੁਆਗਤ ਅਤੇ ਸ਼ਾਨਦਾਰ ਪਰਾਹੁਣਾਚਾਰੀ ਲਈ ਧੰਨਵਾਦ।

ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 11 ਤੋਂ 15 ਨਵੰਬਰ ਤਕ ਬ੍ਰਿਟੇਨ ਦੇ ਅਧਿਕਾਰਤ ਦੌਰੇ ’ਤੇ ਸਨ। ਭਾਰਤ ਅਤੇ ਬਰਤਾਨੀਆ ਦਰਮਿਆਨ ਦੁਵੱਲੇ ਸਬੰਧ ਵੱਧ ਰਹੇ ਸਨ। ਇਸ ਦੌਰੇ ਦੌਰਾਨ ਵਿਦੇਸ਼ ਮੰਤਰੀ ਆਪਣੇ ਬਰਤਾਨਵੀ ਹਮਰੁਤਬਾ ਸਰ ਜੇਮਸ ਕਲੀਵਰਲੇ ਅਤੇ ਹੋਰ ਪਤਵੰਤਿਆਂ ਨਾਲ ਮੁਲਾਕਾਤ ਕਰ ਰਹੇ ਹਨ। ਵਿਦੇਸ਼ ਮੰਤਰਾਲੇ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਸੁਹਿਰਦ ਅਤੇ ਪ੍ਰਗਤੀਸ਼ੀਲ ਦੱਸਿਆ ਅਤੇ ਭਾਰਤ ਅਤੇ ਯੂ ਕੇ ਵਿਆਪਕ ਰਣਨੀਤਕ ਭਾਈਵਾਲੀ 2021 ’ਚ ਸ਼ੁਰੂ ਕੀਤੀ ਗਈ ਸੀ ਅਤੇ ਇਸ ਦੇ ਤਹਿਤ ਭਾਰਤ ਅਤੇ ਯੂਕੇ ਕਾਰਜ ਯੋਜਨਾ-2030 ’ਤੇ ਦਸਤਖ਼ਤ ਕੀਤੇ ਗਏ ਸਨ। ਇਸ ਦਾ ਉਦੇਸ਼ ਕਈ ਖ਼ੇਤਰਾਂ ’ਚ ਸੰਬੰਧਾਂ ਦਾ ਵਿਸਥਾਰ ਕਰਨਾ ਹੈ। ਬੀਤੀ 3 ਨਵੰਬਰ ਨੂੰ ਪ੍ਰਧਾਨ ਮੰਤਰੀ ਮੋਦੀ ਅਤੇ ਸੁਨਕ ਨੇ ਮੁਕਤ ਵਪਾਰ ਸਮਝੌਤੇ ਦੀ ਪ੍ਰਗਤੀ ਨੂੰ ਲੈ ਕੇ ਟੈਲੀਫ਼ੋਨ ਦੇ ਜ਼ਰੀਏ ਗੱਲਬਾਤ ਕੀਤੀ ਸੀ। ਇਸ ਮੀਟਿੰਗ ਦੌਰਾਨ ਦੋਵਾਂ ਨੇਤਾਵਾਂ ਦਰਮਿਆਨ ਇਜ਼ਰਾਇਲ ਅਤੇ ਹਮਾਸ ਦਰਮਿਆਨ ਚਲ ਰਹੀ ਜੰਗ ਨੂੰ ਲੈ ਕੇ ਵੀ ਚਰਚਾ ਕੀਤੀ ਗਈ। ਉਨ੍ਹਾਂ ਨੇ ਇਜ਼ਰਾਇਲ ’ਤੇ ਹਮਲੇ ਦੀ ਨਿੰਦਾ ਕੀਤੀ ਅਤੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਹਮਾਸ ਫ਼ਿਲਿਸਤੀਨੀ ਲੋਕਾਂ ਦੀ ਅਗਵਾਈ ਨਹੀਂ ਕਰਦਾ ਹੈ।











